@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 4 February 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 4 ਫਰਵਰੀ 2025, 20 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 85, qpatrika@gmail.com ਫੋਨ : 9971359517 www.qaumipatrika.org

## ਮਾਣਹਾਨੀ ਮਾਮਲੇ ’ਚ ਸ਼ਸ਼ੀ ਥਰੂਰ ਨੂੰ ਸੰਮਨ ਜਾਰੀ

ਨਵੀਂ ਦਿੱਲੀ 3 ਫਰਵਰੀ। ਦਿੱਲੀ ਹਾਈ ਕੋਰਟ ਨੇ ਕਾਂਗਰਸ ਦੇ ਸੰਸਦ ਮੈਂਬਰ ਸ਼ਸ਼ੀ ਥਰੂਰ ਨੂੰ ਭਾਜਪਾ ਨੇਤਾ ਰਾਜੀਵ ਚੰਦਰਸ਼ੇਖਰ ਵੱਲੋਂ ਦਾਇਰ ਮਾਣਹਾਨੀ ਦੇ ਮਾਮਲੇ ’ਚ ਸੋਮਵਾਰ ਸੰਮਨ ਜਾਰੀ ਕੀਤਾ। ਜਸਟਿਸ ਪੁਰਸ਼ੇਂਦਰ ਕੁਮਾਰ ਕੌਰਵ ਨੇ ਮਾਮਲੇ ਦੀ ਸੁਣਵਾਈ ਲਈ 28 ਅਪ੍ਰੈਲ



ਦੀ ਤਰੀਕ ਤੈਅ ਕੀਤੀ। ਚੰਦਰਸ਼ੇਖਰ ਨੇ ਦਾਅਵਾ ਕੀਤਾ ਹੈ ਕਿ ਥਰੂਰ ਨੇ ਅਪ੍ਰੈਲ 2024 ’ਚ ਵੱਖ-ਵੱਖ ਜਨਤਕ ਸਟੇਜਾਂ ’ਤੇ ਝੂਠੇ ਤੇ ਅਪਮਾਨਜਨਕ ਬਿਆਨ ਦਿੱਤੇ, ਜਿਸ ਕਾਰਨ ਉਨ੍ਹਾਂ ਦੀ ਪੇਸ਼ੇਵਰ ਤੇ ਨਿੱਜੀ ਸਾਖ ਨੂੰ ਗੰਭੀਰ ਨੁਕਸਾਨ ਪੁੱਜਾ । ਉਨ੍ਹਾਂ ਥਰੂਰ ਤੋਂ ਉਨ੍ਹਾਂ ਦੀ ਸਾਖ ਨੂੰ ਢਾਹ ਲਾਉਣ ਲਈ ਜਨਤਕ ਮੁਆਫ਼ੀ ਮੰਗਣ ਤੇ 10 ਕਰੋੜ ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ ਹੈ।

# ਕੇਜਰੀਵਾਲ ਨੇ ਭਾਜਪਾ ’ਤੇ ਲਗਾਇਆ ਗੁੰਡਾਗਰਦੀ ਦਾ ਦੋਸ਼

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 3 ਫਰਵਰੀ। ਆਮ ਆਦਮੀ ਪਾਰਟੀ (ਆਪ) ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਭਾਜਪਾ ’ਤੇ ਗੁੰਡਾਗਰਦੀ ਕਰਨ ਅਤੇ ‘ਆਪ’ ਵਰਕਰਾਂ ਨੂੰ ਨਿਸ਼ਾਨਾ ਬਣਾਉਣ ਦਾ ਸੋਮਵਾਰ ਨੂੰ ਦੋਸ਼ ਲਗਾਇਆ ਅਤੇ ਦਾਅਵਾ ਕੀਤਾ ਕਿ ਦਿੱਲੀ ਪੁਲਸ ਡਰੀ ਹੋਈ ਹੈ ਅਤੇ ਸਥਿਤੀ ਨਾਲ ਨਜਿੱਠਣ ਲਈ ਅਸਹਾਏ ਹੈ। ਕੇਜਰੀਵਾਲ ਨੇ ਦਿੱਲੀ ’ਚ 5 ਫਰਵਰੀ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਦੇ ਆਖ਼ਰੀ ਦਿਨ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਮੁੱਖ ਚੋਣ ਕਮਿਸ਼ਨਰ (ਸੀਈਸੀ) ਰਾਜੀਵ ਕੁਮਾਰ ’ਤੇ ਵੀ ਨਿਸ਼ਾਨਾ ਵਿੰਨ੍ਹਿਆ ਅਤੇ ਉਨ੍ਹਾਂ ’ਤੇ ਨਿੱਜੀ ਲਾਭ ਲਈ ਲੋਕਤੰਤਰ ਨਾਲ ਸਮਝੌਤਾ ਕਰਨ ਦਾ ਦੋਸ਼ ਲਗਾਇਆ। ਕੇਜਰੀਵਾਲ ਨੇ ਪੁੱਛਿਆ,”ਸਭ ਤੋਂ ਵੱਡਾ ਗੁੰਡਾ ਕੌਣ ਹੈ, ਜੋ ਇਸ ਦੇਸ਼ ਦੇ ਕਾਨੂੰਨ ਤੋਂ ਨਹੀਂ ਡਰਦਾ? ਉਹ ਗੁੰਡਾ ਕੌਣ ਹੈ ਜੋ ਪੱਤਰਕਾਰਾਂ ਨੂੰ ਗ੍ਰਿਫ਼ਤਾਰ ਕਰ ਰਿਹਾ ਹੈ ਅਤੇ ‘ਆਪ’ ਵਰਕਰਾਂ ਤੇ ਸਮਰਥਕਾਂ ’ਤੇ



ਖੁੱਲ੍ਹੇਆਮ ਹਮਲੇ ਕਰ ਰਿਹਾ ਹੈ? ਉਹ ਗੁੰਡਾ ਕੌਣ ਹੈ, ਜਿਸ ਤੋਂ ਦਿੱਲੀ ਪੁਲਸ ਆਦੇਸ਼ ਲੈ ਰਹੀ ਹੈ ਅਤੇ ਡਰੀ ਹੋਈ ਤੇ ਅਸਹਾਏ ਮਹਿਸੂਸ ਕਰ ਰਹੀ ਹੈ।” ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ‘ਆਪ’ ਅਤੇ ਭਾਜਪਾ ਦੇ ਸ਼ਾਸਨ ਦੀ ਤੁਲਨਾ ਕਰਦੇ ਹੋਏ ਕਿਹਾ,”ਇਕ ਪਾਸੇ ਇਕ ਪਾਰਟੀ ਆਮ ਆਦਮੀ ਦੇ 25 ਹਜ਼ਾਰ ਰੁਪਏ ਪ੍ਰਤੀ ਮਹੀਨੇ ਬਚਾ ਰਹੀ ਹੈ ਅਤੇ ਦੂਜੇ ਪਾਸੇ ਇਕ ਪਾਰਟੀ ਗੁੰਡਾਗਰਦੀ ’ਚ ਸ਼ਾਮਲ ਹੈ।” ਸੀਈਸੀ ਰਾਜੀਵ ਕੁਮਾਰ ਦਾ ਜ਼ਿਕਰ ਕਰਦੇ ਹੋਏ ਕੇਜਰੀਵਾਲ ਨੇ ਕਿਹਾ,”ਮੈਂ ਉਨ੍ਹਾਂ ਨੂੰ ਅਪੀਲ ਕਰਦਾ ਹਾਂ ਕਿ ਸੇਵਾਮੁਕਤ ਤੋਂ ਬਾਅਦ ਨੌਕਰੀ ਪਾਉਣ ਲਈ ਲੋਕਤੰਤਰ ਨੂੰ ਖਤਰੇ ’ਚ ਨਾ ਪਾਉਣ। ਦੇਸ਼ ਦੇ ਭਵਿੱਖ ਨੂੰ ਦਾਅ ’ਤੇ ਨਾ ਲਗਾਉਣ।” ਦਿੱਲੀ ’ਚ 5 ਫਰਵਰੀ ਨੂੰ ਚੋਣਾਂ ਹੋਣੀਆਂ ਹਨ। ਭਾਜਪਾ ਰਾਸ਼ਟਰੀ ਰਾਜਧਾਨੀ ’ਚ ‘ਆਪ’ ਦੇ ਸ਼ਾਸਨ ਨੂੰ ਖ਼ਤਮ ਕਰਨ ਅਤੇ ਕਾਂਗਰਸ ਵਾਪਸੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਚੋਣਾਂ ਦੇ ਨਤੀਜੇ 8 ਫਰਵਰੀ ਨੂੰ ਐਲਾਨ ਕੀਤੇ ਜਾਣਗੇ।

## ਭੂਟਾਨ ਦੇ ਰਾਜਾ ਮਹਾਕੁੰਭ ’ਚ ਇਸ਼ਨਾਨ ਲਈ ਪਹੁੰਚੇ ਲਖਨਊ, ਯੋਗੀ ਨੇ ਕੀਤਾ ਸਵਾਗਤ

ਲਖਨਊ/ਥਿੰਪੂ 3 ਫਰਵਰੀ। ਭੂਟਾਨ ਦੇ ਰਾਜਾ ਜਿਗਮੇ ਖੇਸਰ ਨਾਮਗਿਆਲ ਵਾਂਗਚੁਕ ਸੋਮਵਾਰ ਨੂੰ ਮਹਾਕੁੰਭ ਦੇ ਮੌਕੇ ’ਤੇ ਤ੍ਰਿਵੇਣੀ ਵਿੱਚ ਧਾਰਮਿਕ ਡੁਬਕੀ ਲਗਾਉਣ ਦੀ ਇੱਛਾ ਨਾਲ ਲਖਨਊ ਪਹੁੰਚੇ। ਵਾਂਗਚੁਕ ਮੰਗਲਵਾਰ ਨੂੰ ਪ੍ਰਯਾਗਰਾਜ ਜਾਣਗੇ ਅਤੇ ਸੰਗਮ ਵਿੱਚ ਇਸ਼ਨਾਨ ਕਰਨਗੇ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਇੱਥੇ ਚੌਧਰੀ ਚਰਨ ਸਿੰਘ ਅੰਤਰਰਾਸ਼ਟਰੀ



ਹਵਾਈ ਅੱਡੇ ’ਤੇ ਉਨ੍ਹਾਂ ਦਾ ਸਵਾਗਤ ਕੀਤਾ। ਮੁੱਖ ਮੰਤਰੀ ਨੇ ਭੂਟਾਨ ਦੇ ਰਾਜਾ ਨੂੰ ਗੁਲਦਸਤਾ ਭੇਟ ਕੀਤਾ ਅਤੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ। ਭੂਟਾਨ ਦੇ ਰਾਜਾ ਨੇ ਵੀ ਯੋਗੀ ਦਾ ਸਵਾਗਤ ਕੀਤਾ। ਹਵਾਈ ਅੱਡੇ ’ਤੇ ਕਲਾਕਾਰਾਂ ਨੇ ਭਾਰਤੀ ਸੱਭਿਆਚਾਰ ਦੇ ਅਨੁਸਾਰ ਵੱਖ-ਵੱਖ ਪੇਸ਼ਕਾਰੀਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਵਾਂਗਚੁਕ ਨੇ ਕਲਾਕਾਰਾਂ ਨੂੰ ਵੀ ਉਤਸ਼ਾਹਿਤ ਕੀਤਾ। ਭੂਟਾਨ ਦੇ ਰਾਜਾ ਮੰਗਲਵਾਰ ਨੂੰ ਪ੍ਰਯਾਗਰਾਜ ਮਹਾਂਕੁੰਭ ??ਦਾ ਦੌਰਾ ਕਰਨਗੇ। ਇੱਥੇ ਉਹ ਸੰਗਮ ਵਿਖੇ ਤ੍ਰਿਵੇਣੀ ਵਿੱਚ ਪਵਿੱਤਰ ਇਸ਼ਨਾਨ ਕਰਨਗੇ ਅਤੇ ਦਰਸ਼ਨ-ਪੂਜਾ ਆਦਿ ਕਰਨਗੇ। ਮੇਅਰ ਸੁਸ਼ਮਾ ਖਕੜਵਾਲ, ਪ੍ਰਮੁੱਖ ਸਕੱਤਰ (ਗ੍ਰਹਿ) ਸੰਜੇ ਪ੍ਰਸਾਦ, ਡੀਜੀਪੀ ਪ੍ਰਸ਼ਾਂਤ ਕੁਮਾਰ, ਲਖਨਊ ਦੇ ਜ਼ਿਲ੍ਹਾ ਮੈਜਿਸਟਰੇਟ ਵਿਸ਼ਾਖ ਜੀ ਆਦਿ ਨੇ ਹਵਾਈ ਅੱਡੇ ’ਤੇ ਉਨ੍ਹਾਂ ਦਾ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ।

## ਮਹਾਰਾਸ਼ਟਰ ’ਚ ਕੁਝ ਮਹੀਨਿਆਂ ’ਚ 70 ਲੱਖ ਵੋਟਰ ਵਧੇ, EC ਉਪਲੱਬਧ ਕਰਵਾਏ ਅੰਕੜਾ : ਰਾਹੁਲ ਗਾਂਧੀ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 3 ਫਰਵਰੀ। ਲੋਕ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸੋਮਵਾਰ ਨੂੰ ਕਿਹਾ ਕਿ ਲੋਕ ਸਭਾ ਚੋਣਾਂ ਅਤੇ ਮਹਾਰਾਸ਼ਟਰ ’ਚ ਵਿਧਾਨ ਸਭਾ ਚੋਣਾਂ ਦੇ ਵਿਚਕਾਰ ਦੀ ਕੁਝ ਮਹੀਨਿਆਂ ਦੀ ਮਿਆਦ ’ਚ ਹੀ ਰਾਜ ’ਚ ਹਿਮਾਚਲ ਪ੍ਰਦੇਸ਼ ਦੀ ਆਬਾਦੀ ਦੇ ਬਰਾਬਰ ਵੋਟਰਾਂ ਦੀ ਗਿਣਤੀ ਵਧ ਗਈ ਅਤੇ ਅਜਿਹੇ ’ਚ ਚੋਣ ਕਮਿਸ਼ਨ ਨੂੰ ਪ੍ਰਦੇਸ਼ ਦੇ ਵਿਰੋਧੀ ਦਲਾਂ ਨੂੰ ਵੋਟਰ ਸੂਚੀ ਨਾਲ ਜੁੜੇ ਅੰਕੜੇ ਉਪਲੱਬਧ ਕਰਵਾਉਣੇ ਚਾਹੀਦੇ ਹਨ। ਉਨ੍ਹਾਂ ਨੇ ਰਾਸ਼ਟਰਪਤੀ ਦੇ ਭਾਸ਼ਣ ’ਤੇ ਲਿਆਂਦੇ ਗਏ ਧੰਨਵਾਦ ਪ੍ਰਸਤਾਵ ’ਤੇ ਚਰਚਾ ’ਚ ਹਿੱਸਾ ਲੈਂਦੇ ਹੋਏ ਇਹ ਵੀ ਕਿਹਾ ਕਿ ਉਹ ਦੋਸ਼ ਨਹੀਂ ਲਗਾ ਰਹੇ ਹਨ ਪਰ ਕਮਿਸ਼ਨ ਨੂੰ ਇਸ ’ਤੇ ਜਵਾਬ ਦੇਣਾ ਚਾਹੀਦਾ। ਰਾਹੁਲ ਨੇ ਕਿਹਾ,”ਮੈਂ ਇਸ ਸਦਨ ਦੀ ਧਿਆਨ ਮਹਾਰਾਸ਼ਟਰ ਚੋਣਾਂ ਨਾਲ ਜੁੜੇ ਡਾਟਾ ਵੱਲ ਖਿੱਚਣਾ ਚਾਹੁੰਦਾ ਹੈ। ਲੋਕ ਸਭਾ ਚੋਣਾਂ ਅਤੇ ਵਿਧਾਨ ਸਭਾ ਚੋਣਾਂ ਦੇ ਵਿਚਕਾਰ, ਹਿਮਾਚਲ ਪ੍ਰਦੇਸ਼ ਦੀ ਜਨਸੰਖਿਆ ਦੇ ਬਰਾਬਰ ਲੋਕਾਂ ਨੂੰ ਮਹਾਰਾਸ਼ਟਰ ਦੀ ਵੋਟਿੰਗ ਸੂਚੀ ’ਚ ਜੋੜਿਆ ਗਿਆ। ਲਗਭਗ 70 ਲੱਖ



ਨਵੇਂ ਵੋਟਰ ਅਚਾਨਕ ਆ ਗਏ।” ਉਨ੍ਹਾਂ ਦਾ ਕਹਿਣਾ ਸੀ ਕਿ ਮਹਾਰਾਸ਼ਟਰ ’ਚ ਜਿੰਨੇ ਵੋਟਰ 5 ਸਾਲਾਂ ’ਚ ਨਹੀਂ ਜੁੜੇ, ਉਸ ਤੋਂ ਜ਼ਿਆਦਾ ਵੋਟਰ 5 ਮਹੀਨਿਆਂ ’ਚ ਜੁੜ ਗਏ। ਰਾਹੁਲ ਨੇ ਦਾਅਵਾ ਕੀਤਾ,”ਸ਼ਿਰਡੀ ਦੀ ਇਕ ਇਮਾਰਤ ’ਚ 7 ਹਜ਼ਾਰ ਵੋਟਰ ਜੋੜੇ ਗਏ... ਦਿਲਚਸਪ ਗੱਲ ਇਹ ਹੈ ਕਿ ਨਵੇਂ ਵੋਟਰ ਉਨ੍ਹਾਂ ਚੋਣ ਖੇਤਰਾਂ ’ਚ ਜੁੜੇ ਭਾਜਪਾ ਦੀ ਬੜ੍ਹਤ ਮਿਲੀ।” ਕਾਂਗਰਸ ਆਗੂ ਨੇ ਕਿਹਾ,”ਮੈਂ ਦੋਸ਼ ਨਹੀਂ ਲਗਾ ਰਿਹਾ ਹਾਂ। ਬਸ ਇਹ ਕਹਿ ਰਿਹਾ ਹਾਂ ਕਿ ਚੋਣ ਕਮਿਸ਼ਨ ਨੂੰ ਮਹਾਰਾਸ਼ਟਰ ਚੋਣਾਂ ਦਾ ਡਾਟਾ ਕਾਂਗਰਸ, ਸ਼ਿਵ ਸੈਨਾ (ਉਬਾਠਾ) ਅਤੇ ਰਾਕਾਂਪਾ (ਐੱਸਪੀ) ਨੂੰ ਉਪਲੱਬਧ ਕਰਵਾਉਣਾ ਚਾਹੁੰਦਾ।” ਇਸ ਤੋਂ ਪਹਿਲੇ ਕਾਂਗਰਸ, ਸ਼ਿਵ ਸੈਨਾ (ਉਬਾਠਾ) ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਰਾਕਾਂਪਾ) ਨੇ ਚੋਣ ਕਮਿਸ਼ਨ ਨੂੰ ਵੋਟਰਾਂ ਦੀ ਗਿਣਤੀ ’ਚ ਵਾਧੇ ਨੂੰ ਲੈ ਕੇ ਜਵਾਬ ਮੰਗਿਆ ਸੀ। ਕਾਂਗਰਸ ਨੇ ਪਹਿਲੇ ਦਾਅਵਾ ਕੀਤਾ ਸੀ ਕਿ 5 ਮਹੀਨੇ ਦੀ ਮਿਆਦ ’ਚ ਮਹਾਰਾਸ਼ਟਰ ’ਚ ਹੈਰਾਨੀਜਨਕ ਢੰਗ ਨਾਲ 50 ਲੱਖ ਤੋਂ ਵੱਧ ਵੋਟਰ ਵਧ ਗਏ। ਚੋਣ ਕਮਿਸ਼ਨ ਨੇ ਬੀਤੇ ਦਸੰਬਰ ’ਚ ਕਿਹਾ ਸੀ ਕਿ ਰਾਜ ’ਚ ਵੋਟਰਾਂ ਦੇ ਨਾਂ ਨਾ ਤਾਂ ਮਨਮਾਨੇ ਢੰਗ ਨਾਲ ਜੋੜੇ ਗਏ ਹਨ ਅਤੇ ਨਾ ਹੀ ਹਟਾਏ ਗਏ ਹਨ।

## ਨਵਾਂ ਇਨਕਮ ਟੈਕਸ ਬਿੱਲ ਲਿਆਉਣ ਦੀ ਤਿਆਰੀ ’ਚ ਸਰਕਾਰ, ਸੀ. ਬੀ. ਡੀ. ਟੀ. ਨੇ ਇੰਡਸਟਰੀ ਤੋਂ ਮੰਗੇ ਸੁਝਾਅ

ਨਵੀਂ ਦਿੱਲੀ 3 ਫਰਵਰੀ। ਕੇਂਦਰੀ ਡਾਇਰੈਕਟ ਟੈਕਸ ਬੋਰਡ (ਸੀ. ਬੀ. ਡੀ. ਟੀ.) ਦੇ ਮੁਖੀ ਰਵੀ ਅਗਰਵਾਲ ਨੇ ਉਦਯੋਗ ਜਗਤ ਨੂੰ ਨਵੇਂ ਇਨਕਮ ਟੈਕਸ ਬਿੱਲ ’ਤੇ ਆਪਣੇ ਸੁਝਾਅ ਦੇਣ ਲਈ ਕਿਹਾ ਹੈ। ਇਹ ਬਿੱਲ ਇਸ ਹਫਤੇ ਸੰਸਦ ’ਚ ਪੇਸ਼ ਕੀਤਾ ਜਾਵੇਗਾ। ਨਵਾਂ ਇਨਕਮ ਟੈਕਸ ਬਿੱਲ 6 ਦਹਾਕੇ ਪੁਰਾਣੇ ਇਨਕਮ ਟੈਕਸ ਕਾਨੂੰਨ, 1961 ਦੀ ਜਗ?ਹਾ ਲੈ ਸਕਦਾ ਹੈ। ਇਸ ਨੂੰ 6 ਮਹੀਨਿਆਂ ਦੇ ਅੰਦਰ ਤਿਆਰ ਕੀਤਾ ਗਿਆ ਹੈ। ਟੈਕਸਦਾਤਾਵਾਂ ਲਈ ਟੈਕਸ ਪਾਲਣਾ ਨੂੰ ਆਸਾਨ ਬਣਾਉਣ ਤੇ ਇਸ ਨੂੰ ਪੜਨ ਤੇ ਸਮਝਣ ’ਚ ਸੌਖਾ ਬਣਾਉਣ ਲਈ ਭਾਸ਼ਾ ਨੂੰ ਸਰਲ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਗਰਵਾਲ ਨੇ ਕਿਹਾ ਕਿ ਨਵਾਂ ਬਿੱਲ ਇਸ ਤਰੀਕੇ ਨਾਲ ਤਿਆਰ ਕੀਤਾ ਗਿਆ ਹੈ ਕਿ ਇਹ ਅੰਤਰਰਾਸ਼ਟਰੀ ਮਾਪਦੰਡਾਂ ਦੇ ਅਨੁਸਾਰ ਹੈ। ਇਸ ਤੋਂ ਇਲਾਵਾ ਨਵੇਂ ਕਾਨੂੰਨ ਨੂੰ ਸੰਖੇਪ ਬਣਾਇਆ ਗਿਆ ਹੈ ਕਿਉਂਕਿ ਪੁਰਾਣੀਆਂ ਵਿਵਸਥਾਵਾਂ ਨੂੰ ਹਟਾ ਦਿੱਤਾ ਗਿਆ ਹੈ, ਜਿਸ ਨਾਲ ਇਹ ਘੱਟ ਔਖਾ ਹੋ ਗਿਆ ਹੈ।

## ਭਾਰਤ ਲੱਖਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਨਹੀਂ ਰੱਖ ਸਕਦਾ : ਉਪ ਰਾਸ਼ਟਰਪਤੀ

ਨਵੀਂ ਦਿੱਲੀ, 3 ਫਰਵਰੀ। ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਕਿਹਾ ਹੈ ਕਿ ਲੱਖਾਂ ਗੈਰ-ਕਾਨੂੰਨੀ ਪ੍ਰਵਾਸੀ ਭਾਰਤ ’ਚ ਨਹੀਂ ਰਹਿ ਸਕਦੇ । ਚੋਣ ਰਾਜਨੀਤੀ ਨੂੰ



ਆਬਾਦੀ ਕਾਰਨ ਪ੍ਰਭਾਵਿਤ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਨੌਜਵਾਨਾਂ ਨੂੰ ਦੇਸ਼ ਵਿਰੋਧੀ ਬਿਆਨ ਦੇਣੇ ਬੰਦ ਕਰਨ ਦੀ ਅਪੀਲ ਕੀਤੀ। ਰਾਜ ਸਭਾ ਦੇ ਚੇਅਰਮੈਨ ਧਨਖੜ ਨੇ ਸੰਸਦ ’ਚ ਵਾਰ-ਵਾਰ ਪੈ ਰਹੇ ਵਿਘਨ ’ਤੇ ਚਿੰਤਾ ਪ੍ਰਗਟ ਕੀਤੀ। ਰਾਸ਼ਟਰੀ ਰਾਜਧਾਨੀ ’ਚ ਵਰਲਡ ਫੋਰਮ ਆਫ਼ ਅਕਾਊਂਟੈਂਟਸ ਦੀ ਕਾਨਫਰੰਸ ’ਚ ਬੋਲਦਿਆਂ ਧਨਖੜ ਨੇ ਕਿਹਾ ਕਿ ਨੌਜਵਾਨਾਂ ਨੂੰ ਹੋਂਦ ਦੀਆਂ ਚੁਣੌਤੀਆਂ ਬਾਰੇ ਚਿੰਤਤ ਹੋਣਾ ਚਾਹੀਦਾ ਹੈ। ਅਸੀਂ ਆਪਣੀ ਚੋਣ ਰਾਜਨੀਤੀ ਨੂੰ ਆਬਾਦੀ ਕਾਰਨ ਪ੍ਰਭਾਵਿਤ ਨਹੀਂ ਹੋਣ ਦੇ ਸਕਦੇ। ਇਹ ਚੀਜ਼ਾਂ ਤੁਹਾਡੇ ਲਈ ਅਰਥ ਰੱਖਦੀਆਂ ਹਨ ਕਿਉਂਕਿ ਇਹ ਚੁਣੌਤੀਆਂ ਹਨ ਜਿਨ੍ਹਾਂ ਦਾ ਜਵਾਬ ਤੁਹਾਨੂੰ ਸਮੂਹਿਕ ਤੌਰ ’ਤੇ ਦੇਣਾ ਪਵੇਗਾ। ਧਨਖੜ ਨੇ ਬਿਨਾਂ ਕੁਝ ਦੱਸੇ ਕਿਹਾ ਕਿ ਇਕ ਸਿਆਣੇ ਵਿਅਕਤੀ ਲਈ ਇਸ਼ਾਰਾ ਕਾਫ਼ੀ ਹੁੰਦਾ ਹੈ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਕੁਝ ਲੋਕ ਤੇ ਸੰਗਠਨ ਦੇਸ਼ ਦੀ ਵਿਕਾਸ ਯਾਤਰਾ ਤੋਂ ਖੁਸ਼ ਨਹੀਂ ਹਨ। ਦੇਸ਼ ’ਚ ਸਨਸਨੀਖੇਜ਼ਤਾ ਫੈਲਾਉਣ ਤੇ ਮਨਘੜਤ ਕਹਾਣੀਆਂ ਘੜਨ ਦਾ ਰੁਝਾਨ ਜਾਰੀ ਹੈ। ਕਹਾਣੀਆਂ ’ਚ ਭਾਰਤੀਅਤਾ ਭੁੱਲ ਜਾਂਦੀ ਹੈ, ਰਾਸ਼ਟਰਵਾਦ ਭੁੱਲ ਜਾਂਦਾ ਹੈ ਤੇ ਰਾਸ਼ਟਰੀ ਹਿੱਤ ਵੀ ਭੁੱਲ ਜਾਂਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਦੇਸ਼ ਵਿਰੋਧੀ ਗੱਲਾਂ ਨੂੰ ਖਤਮ ਕਰਨ ਤੇ ਭਾਰਤ ਵਿਰੋਧੀ ਤਾਕਤਾਂ ਨੂੰ ਹਰਾਉਣ ਦੀ ਸ਼ਕਤੀ ਉਨ੍ਹਾਂ ਦੇ ਹੱਥਾਂ ’ਚ ਹੈ।

## ਜਦੋਂ ਸੰਸਦ ’ਚ ਭੜਕੇ ਸਪੀਕਰ, ਬੋਲੇ- ਜਨਤਾ ਨੇ ਮੇਜ਼ ਤੋੜਨ ਲਈ ਨਹੀਂ ਭੇਜਿਆ

ਨਵੀਂ ਦਿੱਲੀ 3 ਫਰਵਰੀ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਸੋਮਵਾਰ ਨੂੰ ਸਦਨ ’ਚ ਨਾਅਰੇਬਾਜ਼ੀ ਕਰਨ ਵਾਲੇ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੂੰ ਕਿਹਾ ਕਿ ਜਨਤਾ ਨੇ ਉਨ੍ਹਾਂ ਨੂੰ ‘ਮੇਜ਼ ਤੋੜਨ’ ਲਈ ਨਹੀਂ, ਸਗੋਂ ਸਵਾਲ ਪੁੱਛਣ ਲਈ ਸਦਨ ’ਚ ਭੇਜਿਆ ਹੈ। ਬਜਟ ਸੈਸ਼ਨ ਦੇ ਤੀਜੇ ਦਿਨ ਜਿਵੇਂ ਹੀ ਸਦਨ ਦੀ ਕਾਰਵਾਈ ਸ਼ੁਰੂ ਹੋਈ ਤਾਂ ਵਿਰੋਧੀ ਧਿਰ ਦੇ ਮੈਂਬਰਾਂ ਨੇ ਮਹਾਕੁੰਭ ’ਚ ਭਾਜੜ ਦੀ ਘਟਨਾ ’ਤੇ ਸਰਕਾਰ ਤੋਂ ਜਵਾਬ ਮੰਗਦੇ ਹੋਏ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਲੋਕ ਸਭਾ ਦੇ ਸਪੀਕਰ ਨੇ ਪ੍ਰਸ਼ਨ ਕਾਲ ਦੌਰਾਨ ਨਾਅਰੇਬਾਜ਼ੀ ਕਰ ਰਹੇ ਮੈਂਬਰਾਂ ਨੂੰ ਕਿਹਾ, “ਇਸ ਮੁੱਦੇ ਦਾ ਜ਼ਿਕਰ ਰਾਸ਼ਟਰਪਤੀ ਨੇ ਆਪਣੇ ਸੰਬੋਧਨ ਵਿਚ ਕੀਤਾ ਸੀ। ਤੁਸੀਂ ਲੋਕ ਸੰਬੋਧਨ ’ਤੇ ਚਰਚਾ ਦੌਰਾਨ ਇਸ ਮੁੱਦੇ ਨੂੰ ਚੁੱਕ ਸਕਦੇ ਹੋ।” ਸਪੀਕਰ ਨੇ ਕਿਹਾ ਕਿ ਪ੍ਰਸ਼ਨ ਕਾਲ ਇਕ ਮਹੱਤਵਪੂਰਨ ਸਮਾਂ ਹੁੰਦਾ ਹੈ, ਜਿਸ ਵਿਚ ਸਰਕਾਰ ਦੀ ਜਵਾਬਦੇਹੀ ਤੈਅ ਕੀਤੀ ਜਾ ਸਕਦੀ ਹੈ। ਜਦੋਂ ਸਮਾਜਵਾਦੀ ਪਾਰਟੀ ਦੇ ਕੁਝ ਮੈਂਬਰ ਸੀਟ ਨੇੜੇ ਨਾਅਰੇਬਾਜ਼ੀ ਕਰਨ ਲੱਗੇ ਤਾਂ ਬਿਰਲਾ ਨੇ ਕਿਹਾ, ”ਤੁਹਾਨੂੰ ਜਨਤਾ ਨੇ ਮੇਜ਼ ਤੋੜਨ ਲਈ ਨਹੀਂ ਭੇਜਿਆ ਹੈ। ਜੇਕਰ ਮੇਜ਼ ਤੋੜਨ ਲਈ ਭੇਜਿਆ ਹੈ ਤਾਂ ਜ਼ੋਰ-ਜ਼ੋਰ ਨਾਲ ਮਾਰੋ।

## ਮੁੱਖ ਮੰਤਰੀ ਮਾਨ ਨੇ ਘੇਰੀ ਭਾਜਪਾ, ਕਿਹਾ-ਲੋਕ 15 ਲੱਖ ਦੇ ‘ਜੁਮਲੇ’ ਨਾਲੋਂ 2100 ਰੁਪਏ ਦੀ ਗਾਰੰਟੀ ’ਤੇ ਕਰਦੇ ਨੇ ਭਰੋਸਾ

**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ/ਜਲੰਧਰ 3 ਫਰਵਰੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨੀਵਾਰ ਨੂੰ ਦਿੱਲੀ ’ਚ 4 ਰੋਡ ਸ਼ੋਅ ਅਤੇ ਇਕ ਜਨਸਭਾ ਕਰਕੇ ‘ਆਪ’ ਉਮੀਦਵਾਰਾਂ ਲਈ ਚੋਣ ਪ੍ਰਚਾਰ ਕੀਤਾ। ਮੁੱਖ ਮੰਤਰੀ ਮਾਨ ਨੇ ਮਾਦੀਪੁਰ, ਹਰੀ ਨਗਰ, ਜਨਕਪੁਰੀ ਅਤੇ ਪਾਲਮ ਵਿਧਾਨ ਸਭਾ ਹਲਕਿਆਂ ’ਚ ਵੱਡਾ ਰੋਡ ਸ਼ੋਅ ਕੀਤੇ ਅਤੇ ਚਾਂਦਨੀ ਚੌਕ ਵਿਖੇ ਇਕ ਜਨਸਭਾ ਨੂੰ ਸੰਬੋਧਨ ਕੀਤਾ। ਭੀੜ ਨੂੰ ਸੰਬੋਧਨ ਕਰਦਿਆਂ ਮਾਨ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਇਕਲੌਤੇ ਨੇਤਾ ਹਨ, ਜੋ ਆਪਣੇ ਵਾਅਦੇ ਪੂਰੇ ਕਰਦੇ ਹਨ। ਅਸੀਂ ‘ਜੁਮਲੇ’ ਨਹੀਂ ਕਹਿੰਦੇ, ਅਸੀਂ ਜੋ ਕਹਿੰਦੇ ਹਾਂ ਉਸ ਨੂੰ ਪੂਰਾ ਕਰਦੇ ਹਾਂ। ਹਰੀ ਨਗਰ ’ਚ ਮਾਨ ਨੇ ਲੋਕਾਂ ਦੇ ਪਿਆਰ ਅਤੇ ਸਮਰਥਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਤੁਹਾਡੇ ਇਸ ਪਿਆਰ ਦਾ ਕਿਸੇ ਵੀ ਕਰੰਸੀ ’ਚ ਕੋਈ ਮੋਲ ਨਹੀਂ ਹੈ। ਇਹ ਅਨਮੋਲ ਹੈ। ਉਨ੍ਹਾਂ ਨੇ ‘ਆਪ’ ਦੇ ਸ਼ਾਸਨ ਮਾਡਲ ਨੂੰ ਉਜਾਗਰ ਕੀਤਾ, ਜਿਸ ’ਚ 200 ਯੂਨਿਟ ਤਕ ਮੁਫ਼ਤ ਬਿਜਲੀ, ਮੁਫ਼ਤ ਪਾਣੀ ਅਤੇ ਔਰਤਾਂ ਨੂੰ 2,100 ਰੁਪਏ ਪ੍ਰਤੀ ਮਹੀਨਾ ਪ੍ਰਦਾਨ ਕਰਨ ਵਾਲੀ ਮਹਿਲਾ ਸਨਮਾਨ ਯੋਜਨਾ ਸ਼ਾਮਲ ਹੈ। ਮਾਨ ਨੇ ਕਿਹਾ



ਕਿ ‘ਆਪ’ ਆਮ ਲੋਕਾਂ ਦੀ ਪਾਰਟੀ ਹੈ। ਅਸੀਂ ਤੁਹਾਡੇ ਵਰਗੇ ਆਮ ਲੋਕ ਹਾਂ ਅਤੇ ਅਸਧਾਰਨ ਸ਼ਾਸਨ ਲਈ ਵਚਨਬੱਧ ਹਾਂ। ਉਨ੍ਹਾਂ ਨੇ ਕਿਫ਼ਾਇਤੀ ਸਿੱਖਿਆ, ਮੁਫ਼ਤ ਸਿਹਤ ਸੰਭਾਲ, ਸਬਸਿਡੀ ਵਾਲੀ ਬਿਜਲੀ ਅਤੇ ਔਰਤਾਂ ਦੀ ਸੁਰੱਖਿਆ ਪਹਿਲਕਦਮੀਆਂ ਰਾਹੀਂ ਨਾਗਰਿਕਾਂ ਨੂੰ 25,000 ਤੋਂ 30,000 ਰੁਪਏ ਮਹੀਨਾਵਾਰ ਬਚਾਉਣ ਲਈ ‘ਆਪ’ ਦੀ ਵਚਨਬੱਧਤਾ ਨੂੰ ਦੁਹਰਾਇਆ। ਮਾਨ ਨੇ ਲੋਕਾਂ ਨੂੰ ਭ੍ਰਿਸ਼ਟ ਸਿਆਸਤਦਾਨਾਂ ਨੂੰ ਰੱਦ ਕਰਨ ਲਈ ਉਤਸ਼ਾਹਤ ਕਰਦਿਆਂ ਹਾਸੇ-ਮਜ਼ਾਕ ’ਚ ਕਿਹਾ ਕਿ ਤੀਜਾ ਬਟਨ ਦਬਾਓ ਅਤੇ ਦੂਜਿਆਂ ਵੱਲ ਦੇਖਣ ਤੋਂ ਬਚੋ, ਨਹੀਂ ਤਾਂ ਤੁਹਾਨੂੰ ਉਨ੍ਹਾਂ ਦੇ ਭ੍ਰਿਸ਼ਟਾਚਾਰ ਤੋਂ ਮੋਤੀਆਬਿੰਦ ਹੋ ਸਕਦਾ ਹੈ। ਚਾਂਦਨੀ ਚੌਂਕ ਵਿਚ ਜਨਸਭਾ ਵਿਚ ਮਾਨ ਨੇ ਭ੍ਰਿਸ਼ਟਾਚਾਰ ਮੁਕਤ, ਲੋਕ ਕੇਂਦਰਿਤ ਸਰਕਾਰ ਲਈ ‘ਆਪ’ ਦੇ ਵਿਜ਼ਨ ਨੂੰ ਦੁਹਰਾਇਆ। ਦਿੱਲੀ ਅਤੇ ਪੰਜਾਬ ਵਿਚ ‘ਆਪ’ ਦੀਆਂ ਪਰਿਵਰਤਨਸ਼ੀਲ ਨੀਤੀਆਂ ’ਤੇ ਵਿਚਾਰ ਕਰਦੇ ਹੋਏ ਮਾਨ ਨੇ ਜਨਤਾ ਨੂੰ ਮੁਹੱਲਾ ਕਲੀਨਿਕ ਅਤੇ ਸੰਜੀਵਨੀ ਯੋਜਨਾ ਵਰਗੀਆਂ ਪਹਿਲਕਦਮੀਆਂ ਦੀ ਯਾਦ ਦਿਵਾਈ, ਜਿੱਥੇ ਬਜ਼ੁਰਗਾਂ ਦਾ ਮੁਫ਼ਤ ਇਲਾਜ ਹੁੰਦਾ ਹੈ।



# ਦਿਨ ਚੜ੍ਹਦੇ ਸ਼ੁਰੂ ਹੋ ਜਾਂਦੇ ਦੇਹ ਵਪਾਰ ਦੇ ਅੱਡੇ, ਮੁੱਛਫੁੱਟ ਗੱਭਰੂ

ਮਾਲੇਰਕੋਟਲਾ 3 ਫਰਵਰੀ। ਪੰਜਾਬ ਦੀ ਜਵਾਨੀ ਨੂੰ ਚਿੱਟੇ ਰੂਪੀ ਜ਼ਹਿਰ ਨੇ ਪਹਿਲਾਂ ਹੀ ਬੁਰੀ ਤਰ੍ਹਾਂ ਨਿਗਲ ਰੱਖਿਆ ਹੈ ਅਤੇ ਬਾਕੀ ਰਹਿੰਦੀ-ਖੂੰਹਦੀ ਕਸਰ ਹੁਣ ਏਡਜ਼ ਦੇ ਕਹਿਰ ਨੇ ਪੂਰੀ ਕਰ ਦੇਣੀ ਹੈ, ਜਿਸ ਨਾਲ ਨੌਜਵਾਨਾਂ 'ਚ ਨਸਲਕੁਸ਼ੀ ਹੋਵੇਗੀ ਕਿਉਂਕਿ ਮਾਲੇਰਕੋਟਲਾ ਸ਼ਹਿਰ ਦੇ ਕੁਝ ਹੋਰਨਾਂ ਇਲਾਕਿਆਂ ਸਮੇਤ ਰੇਲਵੇ ਸਟੇਸ਼ਨ ਤੋਂ ਪਾਰ ਇਲਾਕੇ ਗੋਬਿੰਦ ਨਗਰ ਅੰਦਰਲੇ ਕਥਿਤ ਕਈ ਘਰਾਂ 'ਚ ਪਿਛਲੇ ਲੰਬੇ ਸਮੇਂ ਤੋਂ ਸ਼ਰੇਆਮ ਜਿਸਮਫਿਰੋਸ਼ੀ ਦਾ ਧੰਦਾ ਜ਼ੋਰਾਂ 'ਤੇ ਚੱਲ ਰਿਹਾ ਹੈ। ਜਿਸਮਫਿਰੋਸ਼ੀ ਦਾ ਧੰਦਾ ਕਰਨ ਵਾਲੀਆਂ ਇਹ ਔਰਤਾਂ ਸਵੇਰੇ ਦਿਨ ਚੜ੍ਹਦਿਆਂ ਹੀ ਆਪਣੇ ਰਿਹਾਇਸ਼ੀ ਘਰਾਂ 'ਚ ਚਲਾਏ ਜਾ ਰਹੇ ਅੱਡਿਆਂ ਦੇ ਗੇਟ ਖੋਲ੍ਹ ਕੇ ਬੈਠ ਜਾਂਦੀਆਂ ਹਨ ਅਤੇ ਆਪਣਾ ਸ਼ਿਕਾਰ ਬਣਾਉਣ ਲਈ ਗਾਹਕਾਂ ਨੂੰ ਭਰਮਾਉਂਦੀਆਂ ਹਨ। ਆਉਂਦੇ-ਜਾਂਦੇ ਰਾਹਗੀਰਾਂ ਦੀ ਨਜ਼ਰ ਜੇਕਰ ਇਨ੍ਹਾਂ 'ਤੇ ਪੈ ਜਾਵੇ ਤਾਂ ਇਹ ਔਰਤਾਂ ਰਾਹਗੀਰ ਦੇ ਅੱਖ ਦੀ ਰਮਜ਼ ਨੂੰ ਬੜੀ ਜਲਦੀ ਸਮਝ ਜਾਂਦੀਆਂ ਹਨ ਅਤੇ ਇਸ਼ਾਰੇ ਨਾਲ ਲੋਕਾਂ ਨੂੰ ਆਵਾਜ਼ਾਂ ਮਾਰਦੀਆਂ ਰਹਿੰਦੀਆਂ ਹਨ। ਇਨ੍ਹਾਂ ਦੇ ਸ਼ਿਕਾਰ ਖਾਸ ਕਰ ਕੇ ਮੁੱਛਫੁੱਟ ਗੱਭਰੂ, ਸਕੂਲਾਂ, ਕਾਲਜਾਂ ਦੇ ਵਿਦਿਆਰਥੀ, ਪ੍ਰਵਾਸੀ ਮਜ਼ਦੂਰ ਅਤੇ ਡਰਾਈਵਰ ਬਣਦੇ ਹਨ। ਬਹੁਤ ਹੀ ਸਸਤੇ ਭਾਅ ਸਿਰਫ 300 ਤੋਂ 500 ਰੁਪਏ 'ਚ ਹੁੰਦੀ ਬੋਹਣੀ ਦੇ ਨਾਂ 'ਤੇ ਇਹ ਔਰਤਾਂ ਗਾਹਕਾਂ ਨੂੰ ਆਪਣੇ ਜਾਲ 'ਚ ਫਸਾ ਕੇ ਕਮਰੇ ਅੰਦਰ ਲੈ ਜਾਂਦੀਆਂ ਹਨ ਅਤੇ ਬੇਖੌਫ ਬਿਨਾਂ ਡਰ ਤੋਂ ਇਹ ਕਾਲਾ ਧੰਦਾ ਚਮਕਾ ਰਹੀਆਂ ਹਨ। ਇਨ੍ਹਾਂ ਦੇ ਜਾਲ 'ਚ ਫਸਣ ਵਾਲੇ ਸ਼ਿਕਾਰ ਹੁਣ ਕਥਿਤ ਏਡਜ਼ ਦਾ ਵੀ ਸ਼ਿਕਾਰ ਹੋਣਗੇ, ਜਿਸ ਨਾਲ ਪੰਜਾਬੀਆਂ ਦੀ ਜਵਾਨੀ ਦਾ ਘਾਣ ਹੋਣਾ ਸੁਭਾਵਿਕ ਹੈ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਅੱਡਿਆਂ ਦੀਆਂ ਸੰਚਾਲਕ ਔਰਤਾਂ ਆਲੇ-ਦੁਆਲੇ ਦੇ ਇਲਾਕਿਆਂ 'ਚੋਂ ਨਵੀਂ ਉਮਰ ਦੀਆਂ ਗਰੀਬ ਪਰਿਵਾਰਾਂ ਨਾਲ ਸਬੰਧਤ ਲੜਕੀਆਂ ਸਮੇਤ ਆਪਣੇ ਨਸ਼ੇੜੀ ਜਾਂ ਕਿਸੇ ਹੋਰ ਮਾੜੀ ਸੰਗਤ ਦੇ ਸ਼ਿਕਾਰ ਪਤੀਆਂ ਤੋਂ ਪੀੜਤ ਘਰੇਲੂ ਆਰਥਿਕ ਤੰਗੀ ਨਾਲ ਜੂਝਦੀਆਂ ਸੁੰਦਰ ਅਤੇ ਜਵਾਨ ਲੜਕੀਆਂ ਨੂੰ ਭਰਮਾ ਕੇ ਆਪਣੇ ਅੱਡਿਆਂ 'ਤੇ ਲਿਆਉਂਦੀਆਂ ਹਨ, ਜੋ ਸਾਰਾ ਦਿਨ ਆਪਣਾ ਸਰੀਰ ਵੇਚ ਕੇ ਕੀਤੀ ਜਾਂਦੀ ਕਮਾਈ ਦਾ ਵੱਡਾ ਹਿੱਸਾ ਉਕਤ ਅੱਡਾ ਸੰਚਾਲਕਾਂ ਨੂੰ ਦੇਣ ਉਪਰੰਤ ਆਪਣਾ ਬਣਦਾ ਹਿੱਸਾ ਲੈ ਕੇ ਸ਼ਾਮ ਨੂੰ ਵਾਪਸ ਘਰ ਚਲੀਆਂ ਜਾਂਦੀਆਂ ਹਨ। ਇਥੋਂ ਤੱਕ ਕਿ ਕਈ ਮਲੰਗ ਕਿਸਮ ਦੇ ਨੌਜਵਾਨ ਭੂੰਡ ਆਸ਼ਕ ਆਪਣੀਆਂ ਕਥਿਤ ਫਰੈਂਡਾਂ ਨੂੰ ਵੀ ਇਨ੍ਹਾਂ ਅੱਡਿਆਂ 'ਤੇ ਕਮਾਈ ਕਰਨ ਲਈ ਛੱਡ ਕੇ ਜਾਂਦੇ ਦੇਖੇ ਗਏ ਹਨ। ਇਨ੍ਹਾਂ ਅੱਡਿਆਂ 'ਤੇ ਆਉਣ ਵਾਲਾ ਕੋਈ ਗਾਹਕ ਇਨ੍ਹਾਂ ਨਾਲ ਕਿਸੇ ਤਰ੍ਹਾਂ ਦੀ ਬਦਤਮੀਜ਼ੀ ਜਾਂ ਕੋਈ ਹੋਰ ਜ਼ਿੱਦ ਵਗੈਰਾ ਨਾ ਕਰੇ, ਇਸ ਲਈ ਇਨ੍ਹਾਂ ਨੇ ਵਿਹਲੜ ਕਿਸਮ ਦੇ ਆਪਣੇ ਕਥਿਤ ਨਿੱਜੀ ਬੰਦੇ ਵੀ ਰੱਖੇ ਹੋਏ ਹਨ, ਜਿਨ੍ਹਾਂ ਨੂੰ ਸ਼ਰਾਬ, ਕਬਾਬ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਉਣ ਦੇ ਨਾਲ-ਨਾਲ ਖਰਚੇ ਵਜੋਂ ਪੈਸੇ ਵੀ ਦਿੱਤੇ ਜਾਂਦੇ ਹਨ। ਸਾਡਾ ਪੰਜਾਬ ਤਾਂ ਪਹਿਲਾਂ ਹੀ ਮੈਡੀਕਲ ਨਸ਼ੇ ਸਮੇਤ ਮੌਤ ਰੂਪੀ ਚਿੱਟੇ ਵਰਗੇ ਨਸ਼ਿਆਂ ਦੇ ਛੇਵੇਂ ਦਰਿਆ 'ਚ ਪੂਰੀ ਤਰ੍ਹਾਂ ਵਹਿ ਰਿਹਾ ਹੈ, ਉਪਰੋਂ ਇਹ ਜਿਸਮਫਿਰੋਸ਼ੀ ਦੀ ਆੜ 'ਚ ਚਿੱਟੇ ਦਿਨ ਏਡਜ਼ ਪਰੋਸ ਰਹੀਆਂ ਹਨ। ਪਹਿਲਾਂ ਇਸ ਖੇਤਰ 'ਚ ਕੁਝ ਕੁ ਔਰਤਾਂ ਇਸ ਧੰਦੇ ਦੀਆਂ ਦੁਕਾਨਾਂ ਚਲਾਉਂਦੀਆਂ ਸਨ, ਜਦਕਿ ਅੱਜ-ਕੱਲ ਇਹ ਦੁਕਾਨਾਂ ਦੀ ਗਿਣਤੀ ਦਾ ਅੰਕੜਾ ਕਾਫੀ ਵਧ ਗਿਆ ਹੈ। ਕੀ ਇਲਾਕੇ ਦੀਆਂ ਸਮਾਜ ਸੇਵੀ ਜਥੇਬੰਦੀਆਂ ਸਮੇਤ ਸਾਡੇ ਲੋਕ ਨੁਮਾਇੰਦਿਆਂ ਦੀ ਇਸ ਪਾਸੇ ਕਦੇ ਨਜ਼ਰ ਨਹੀਂ ਪਈ ਜਾਂ ਪ੍ਰਸ਼ਾਸਨ ਦੀ ਨਜ਼ਰ ਹੀ ਇਨ੍ਹਾਂ ਪ੍ਰਤੀ ਸਵੱਲੀ ਹੈ, ਇਹ ਵੀ ਸਵਾਲੀਆ ਚਿੰਨ੍ਹ ਹੈ? ਇਨ੍ਹਾਂ ਜਿਸਮਫਿਰੋਸ਼ੀ ਅੱਡਿਆਂ ਦੇ ਆਲੇ-ਦੁਆਲੇ ਰਹਿੰਦੇ ਵਸਨੀਕਾਂ ਸਮੇਤ ਫੈਕਟਰੀਆਂ ਵਾਲਿਆਂ ਨੇ ਇਨ੍ਹਾਂ ਦੇ ਅੱਡੇ ਬੰਦ ਕਰਵਾਉਣ ਲਈ ਕਈ ਵਾਰ ਚਾਰਾਜੋਈ ਕੀਤੀ ਹੈ ਪਰ ਇਹ ਟਸ ਤੋਂ ਮਸ ਨਹੀਂ ਹੋ ਰਹੀਆਂ। ਬੇਸ਼ੱਕ ਸਥਾਨਕ ਪੁਲਸ ਵੱਲੋਂ ਕਈ ਵਾਰ ਇਨ੍ਹਾਂ ਅੱਡਿਆਂ 'ਤੇ ਰੇਡ ਮਾਰ ਕੇ ਇਨ੍ਹਾਂ ਔਰਤਾਂ ਨੂੰ ਥਾਣੇ ਵੀ ਲਿਜਾਇਆ ਗਿਆ ਹੈ ਪਰ ਕੁਝ ਸਮੇਂ ਬਾਅਦ ਹੀ ਇਹ ਵਾਪਸ ਆ ਕੇ ਮੁੜ ਆਪਣੇ ਕੰਮ 'ਚ ਲੱਗ ਜਾਂਦੀਆਂ ਹਨ। ਲੋਕਾਂ ਨੇ ਦੱਸਿਆ ਕਿ ਕੁਝ ਛੋਟੇ ਕਥਿਤ ਪੁਲਸ ਮੁਲਾਜ਼ਮ ਵੀ ਇਨ੍ਹਾਂ 'ਚੋਂ ਕੁਝ ਅੱਡਿਆਂ 'ਤੇ ਆਉਂਦੇ ਦੇਖੇ ਜਾਂਦੇ ਹਨ, ਜੋ ਕਥਿਤ ਸੇਵਾ ਪਾਣੀ ਕਰਵਾ ਕੇ ਵਾਪਸ ਚੱਲੇ ਜਾਂਦੇ ਹਨ। ਅਜਿਹੇ ਪੁਲਸ ਮੁਲਾਜ਼ਮਾਂ ਨੂੰ ਵੀ ਠੱਲ ਪੈਣੀ ਚਾਹੀਦੀ ਹੈ, ਜੋ ਇਨ੍ਹਾਂ ਤੋਂ ਕਥਿਤ ਸੇਵਾ ਪਾਣੀ ਲੈਂਦੇ ਹਨ। ਜੇਕਰ ਇਨ੍ਹਾਂ ਔਰਤਾਂ ਦਾ ਇਹ ਧੰਦਾ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਭਵਿੱਖ 'ਚ ਚਿੱਟੇ ਦੇ ਸ਼ਿਕਾਰ ਘੱਟ ਅਤੇ ਏਡਜ਼ ਦੇ ਪੀੜਤ ਵੱਧ ਮਿਲਣਗੇ। ਇਸ ਲਈ ਪ੍ਰਸ਼ਾਸਨ ਨੂੰ ਇਸ ਪਾਸੇ ਉਚੇਚਾ ਧਿਆਨ ਦੇ ਕੇ ਇਸ ਮਾੜੇ ਵਰਤਾਰੇ ਨੂੰ ਰੋਕਣਾ ਚਾਹੀਦਾ ਹੈ, ਤਾਂ ਜੋ ਨੌਜਵਾਨਾਂ ਦੀ ਨਸਲਕੁਸ਼ੀ 'ਤੇ ਰੋਕ ਲੱਗ ਸਕੇ। ਜਦੋਂ ਇਸ ਸਬੰਧੀ ਮਾਲੇਰਕੋਟਲਾ ਦੇ ਮਿਹਨਤੀ ਤੇ ਜਾਂਬਾਜ ਐੱਸ. ਐੱਸ. ਪੀ. ਗਗਨ ਅਜੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਮੇਰੇ ਹੁਣ ਧਿਆਨ 'ਚ ਆਇਆ ਹੈ। ਇਸ ਗੋਰਖਧੰਦੇ ਨੂੰ ਕਿਸੇ ਵੀ ਕੀਮਤ 'ਤੇ ਨਹੀਂ ਚੱਲਣ ਦੇਵਾਂਗੇ ਅਤੇ ਜਿਸਮਫਿਰੋਸ਼ੀ ਦਾ ਧੰਦਾ ਕਰਨ ਵਾਲੀਆਂ ਔਰਤਾਂ ਵਿਰੁੱਧ ਜਿਥੇ ਸਖਤ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ, ਉਥੇ ਇਸ ਪਾਸੇ ਸਖਤੀ ਨਾਲ ਸਿਕੰਜ਼ਾ ਕਸਣ ਲਈ ਥਾਣਾ ਮੁਖੀਆਂ ਨੂੰ ਵੀ ਵਿਸ਼ੇਸ਼ ਹਦਾਇਤ ਕੀਤੀ ਜਾਵੇਗੀ।

### ਬਿਜਲੀ ਵਿਭਾਗ ਨੇ ਲੈ ਲਿਆ ਵੱਡਾ ਫੈਸਲਾ

ਦੌਰਾਂਗਲਾ 3 ਫਰਵਰੀ। ਹੁਣ ਪੰਜਾਬ ਵਿਚ ਲੋਕਾਂ ਨੂੰ ਬਿਜਲੀ ਬਿੱਲ ਆਪਣੀ ਮਾਂ ਬੋਲੀ ਪੰਜਾਬੀ ਵਿਚ ਵੀ ਮਿਲਣ ਲੱਗੇ ਹਨ। ਇਸ ਤੋਂ ਪਹਿਲਾ ਸਿਰਫ ਅੰਗਰੇਜੀ ਵਿਚ ਹੀ ਬਿੱਲ ਦੀ ਪਰਚੀ ਮਿਲਦੀ ਸੀ। ਹੁਣ ਵਿਭਾਗ ਵੱਲੋਂ ਅੰਗਰੇਜੀ ਦੇ ਨਾਲ ਪੰਜਾਬੀ ਭਾਸ਼ਾ ਵਿਚ ਵੀ ਬਿੱਲ ਪ੍ਰਿੰਟ ਕਰਕੇ ਲੋਕਾਂ ਨੂੰ ਦਿੱਤੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਬਿਜਲੀ ਬਿੱਲਾਂ ਨੂੰ ਪੰਜਾਬੀ ਵਿਚ ਜਾਰੀ ਕਰਨ ਦੀ ਮੰਗ ਵਾਲੀ ਰਿੱਟ 'ਤੇ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਪੰਜਾਬ-ਹਰਿਆਣਾ ਹਾਈ ਕੋਰਟ ਨੂੰ ਜਾਣਕਾਰੀ ਦਿੱਤੀ ਕਿ 26 ਦਸੰਬਰ ਤੋਂ ਇਹ ਵਿਵਸਥਾ ਲਾਗੂ ਕੀਤੀ ਜਾ ਚੁੱਕੀ ਹੈ ਜਦਕਿ ਹੁਣ ਬਿਜਲੀ ਦੇ ਬਿੱਲ ਪੰਜਾਬੀ ਅਤੇ ਅੰਗਰੇਜੀ ਦੋਹਾਂ ਭਾਸਾਵਾਂ ਵਿਚ ਆ ਰਹੇ ਹਨ। ਦੱਸਣਯੋਗ ਹੈ ਕਿ ਇਸ ਰਿੱਟ ਵਿਚ ਬਿੱਲ ਪੰਜਾਬੀ ਵਿਚ ਪ੍ਰਿੰਟ ਕਰਨ ਦੀ ਮੰਗ ਕਰਦੇ ਹੋਏ ਕਿਹਾ ਗਿਆ ਸੀ

## ਐਸ਼ ਪ੍ਰਸਤੀ ਲਈ ਕਰਦੇ ਸਨ ਮੋਟਰਸਾਈਕਲ ਚੋਰੀ, 4 ਨੌਜਵਾਨ ਚੜ੍ਹੇ ਪੁਲਸ ਅੜਿੱਕੇ

ਨਾਭਾ 3 ਫਰਵਰੀ। ਪੰਜਾਬ ਦੀ ਨੌਜਵਾਨ ਪੀੜ੍ਹੀ ਆਪਣੀ ਐਸ਼ ਪ੍ਰਸਤੀ ਨੂੰ ਪੂਰਾ ਕਰਨ ਲਈ ਮਿਹਨਤ ਕਰਨ ਦੀ ਬਜਾਏ ਚੋਰੀਆਂ ਕਰਕੇ ਆਪਣੀ ਜ਼ਿੰਦਗੀ ਬਰਬਾਦ ਕਰ ਰਹੀ ਹੈ ਪਰ ਨੌਜਵਾਨ ਪੀੜ੍ਹੀ ਨੂੰ ਇਹ ਨਹੀਂ ਪਤਾ ਕਿ ਜੋ ਉਹ ਜੁਰਮ ਕਰ ਰਹੇ ਹਨ, ਇਕ ਨਾ ਇਕ ਦਿਨ ਉਹ ਪੁਲਸ ਦੀ ਚੁੰਗਲ ਦੇ ਵਿੱਚ ਫਸ ਜਾਣਗੇ। ਇਸ ਮੌਕੇ ਨਾਭਾ ਕੋਤਵਾਲੀ ਦੇ ਇੰਚਾਰਜ ਜਸਵਿੰਦਰ ਸਿੰਘ ਖੋਖਰ ਨੇ ਕਿਹਾ ਕਿ ਪੁਲਸ ਨੇ 2 ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਦੀ ਉਮਰ ਮਹਿਜ਼ 18 ਸਾਲ ਹੈ। ਇਹ ਨੌਜਵਾਨ ਆਪਣੀ ਐਸ਼ ਪ੍ਰਸਤੀ ਲਈ ਮੋਟਰਸਾਈਕਲ ਚੋਰੀ ਕਰਦੇ ਸਨ। ਇਹਨਾਂ ਕੋਲੋਂ 4 ਮੋਟਰਸਾਈਕਲ ਵੀ ਬਰਾਮਦ ਕੀਤੇ ਹਨ। ਇਨ੍ਹਾਂ ਨੇ ਇਹ ਮੋਟਰਸਾਈਕਲ ਵੱਖ-ਵੱਖ ਜਗ੍ਹਾ ਤੋਂ ਚੋਰੀ ਕੀਤੇ। ਇਨ੍ਹਾਂ ਦੋਵੇਂ ਨੌਜਵਾਨਾਂ ਦੀ ਪਛਾਣ ਗੋਤਮ ਅਤੇ ਹਰਪ੍ਰੀਤ ਵਜੋਂ ਹੋਈ ਹੈ। ਅਸੀਂ ਇਨ੍ਹਾਂ ਖ਼ਿਲਾਫ ਚੋਰੀ ਦੇ ਤਹਿਤ ਮਾਮਲਾ ਦਰਜ ਕਰਕੇ ਪੜਤਾਲ ਕਰ ਰਹੇ ਹਾਂ ਕਿ ਕੀ ਇਹ ਮੋਟਰਸਾਈਕਲ ਕਿੱਥੇ ਵੇਚਦੇ ਸਨ ਅਤੇ ਹੋਰ ਇਨ੍ਹਾਂ ਨੇ ਕਿੰਨੇ ਮੋਟਰਸਾਈਕਲ ਚੋਰੀ ਕੀਤੇ ਹਨ। ਇਸ ਮੌਕੇ ਏ. ਐੱਸ. ਆਈ. ਗੁਰਪ੍ਰੀਤ ਸਿੰਘ, ਹਰਜੀਤ ਸਿੰਘ, ਰਮਨਦੀਪ ਸਿੰਘ, ਹਰਮੇਸ਼ ਸਿੰਘ ਮੌਜੂਦ ਸਨ।

## ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਕਰਨ ਵਾਲੇ ਮੁਲਜ਼ਮ ਦੀ ਮਾਤਾ ਆਈ ਕੈਮਰੇ ਸਾਹਮਣੇ, ਦਿੱਤਾ ਵੱਡਾ ਬਿਆਨ

ਮੋਗਾ 3 ਫਰਵਰੀ। ਅੰਮ੍ਰਿਤਸਰ ਵਿਚ ਡਾ: ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਭੰਨਤੋੜ ਕਰਨ ਵਾਲਾ ਵਿਅਕਤੀ ਆਕਾਸ ਸਿੰਘ ਦਾ ਪਰਿਵਾਰ ਪੱਤਰਕਾਰਾਂ ਸਾਹਮਣੇ ਆਇਆ ਹੈ। ਮੁਲਜਮ ਦੀ ਮਾਤਾ ਨੇ ਰੋਂਦਿਆਂ ਕਿਹਾ ਕਿ ਜੋ ਮੇਰੇ ਪੁੱਤ ਨੇ ਕੀਤਾ ਹੈ ਉਹ ਸਰਾਸਰ ਗਲਤ ਹੈ ਜੇ ਗਲਤੀ ਕੀਤੀ ਹੈ ਤਾਂ ਸਜਾ ਵੀ ਜਰੂਰ ਮਿਲਣੀ ਚਾਹੀਦੀ ਹੈ। ਮੁਲਜਮ ਦੀ ਮਾਤਾ ਆਸਾ



ਰਾਣੀ ਨੇ ਕਿਹਾ ਕਿ ਆਕਾਸ਼ ਸਿੰਘ ਤਿੰਨ ਚਾਰ ਸਾਲ ਪਹਿਲਾਂ ਦੁਬਈ ਜਾਣ ਤੋਂ ਪਹਿਲਾਂ ਮੈਨੂੰ ਮਿਲ ਕੇ ਗਿਆ ਸੀ ਪਰ ਉਸ ਤੋਂ ਬਾਅਦ ਉੱਥੇ ਜਾ ਕੇ ਸਾਨੂੰ ਕਿਹਾ ਕਿ ਮੈਂ ਤੁਹਾਡੇ ਮਰਨ 'ਤੇ ਵੀ ਤੁਹਾਨੂੰ ਚਿਤਾ ਦੇਣ ਨਹੀਂ ਆਵਾਂਗਾ। ਦੁਬਈ ਤੋਂ ਆ ਕੇ ਉਹ ਆਪਣੀ ਨਾਨੀ ਨੂੰ ਮਿਲ ਕੇ ਅੰਮ੍ਰਿਤਸਰ ਸਾਹਿਬ ਕਿਰਾਏ 'ਤੇ ਰਹਿਣ ਲੱਗ ਗਿਆ ਸੀ। ਉਨ੍ਹਾਂ ਦੱਸਿਆ ਕਿ ਜਦੋਂ ਦੁਬਈ ਗਿਆ ਸੀ ਤਾਂ ਕਲੀਨ ਸੇਪ ਸੀ ਉੱਥੇ ਜਾ ਕੇ ਸਿੱਖੀ ਸਰੂਪ ਵਿਚ ਵਾਪਸ ਆਇਆ ਸੀ। ਉਨ੍ਹਾਂ ਕਿਹਾ ਕਿ ਜੇ ਉਸ ਨੇ ਗਲਤੀ ਕੀਤੀ ਹੈ ਤਾਂ ਉਸ ਨੂੰ ਸਜਾ ਮਿਲਣੀਆ ਕੇ ਉਹ ਆਪਣੀ ਨਾਨੀ ਨੂੰ ਮਿਲ ਕੇ ਅੰਮ੍ਰਿਤਸਰ ਸਾਹਿਬ ਕਿਰਾਏ 'ਤੇ ਰਹਿਣ ਲੱਗ ਗਿਆ ਸੀ। ਉਨ੍ਹਾਂ ਦੱਸਿਆ ਕਿ ਜਦੋਂ ਦੁਬਈ ਗਿਆ ਸੀ ਤਾਂ ਆ ਕੇ ਉਹ ਆਪਣੀ ਨਾਨੀ ਨੂੰ ਮਿਲ ਕੇ ਅੰਮ੍ਰਿਤਸਰ ਸਾਹਿਬ ਕਿਰਾਏ 'ਤੇ ਰਹਿਣ ਲੱਗ ਗਿਆ ਸੀ। ਉਨ੍ਹਾਂ ਦੱਸਿਆ ਕਿ ਜਦੋਂ ਦੁਬਈ ਗਿਆ ਸੀ ਤਾਂ ਚਾਹੀਦੀ ਹੈ। ਤੁਹਾਨੂੰ ਦੱਸ ਦਈਏ ਕਿ ਮੁਲਜਮ ਆਕਾਸ਼ ਦਾ ਪਰਿਵਾਰ ਧਰਮਕੋਟ ਵਿਚ ਕਿਰਾਏ ਦੇ ਮਕਾਨ ਵਿਚ ਰਹਿ ਰਿਹਾ ਹੈ। ਉਹ ਤਿੰਨ ਭਰਾ ਅਤੇ ਇਕ ਭੈਣ ਹੈ। ਉਹ ਅਤੇ ਉਸਦੇ ਭਰਾ ਅਣਵਿਆਹੇ ਹਨ।

## ਨਾਬਾਲਗ ਮੁੰਡੇ ਵੱਲੋਂ ਮਾਸੂਮ ਬੱਚੀ ਨਾਲ ਜਬਰ-ਜਿਨਾਹ

ਅਬੋਹਰ 3 ਫਰਵਰੀ। ਉਪ ਮੰਡਲ ਦੀ ਉਪ ਤਹਿਸੀਲ ਸੀਤੋ ਗੁੰਨੋ ਦੇ ਪਿੰਡ 'ਚ ਇੱਕ ਨਾਬਾਲਗ ਮੁੰਡੇ ਵੱਲੋਂ ਗੁਆਂਢ 'ਚ ਰਹਿਣ ਵਾਲੀ ਸਾਢੇ ਅੱਠ ਸਾਲ ਦੀ ਬੱਚੀ ਨਾਲ ਜਬਰ-ਜ਼ਿਨਾਹ ਕਰਨ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਮਾਮਲੇ ਦੀ ਰਿਪੋਰਟ ਬਹਾਵਲਵਾਲਾ ਪੁਲਸ ਥਾਣੇ ਨੂੰ ਦੇ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਕੁੜੀ ਦੀ ਮਾਂ 26 ਜਨਵਰੀ ਨੂੰ ਕੰਮ 'ਤੇ ਗਈ ਹੋਈ ਸੀ, ਜਦੋਂ ਕਿ ਉਸਦਾ ਪਿਤਾ ਪੇਂਟਰ ਹੈ, ਜੋ ਕੰਮ ਲਈ ਸ਼੍ਰੀ ਗੰਗਾਨਗਰ ਗਿਆ ਹੋਇਆ ਸੀ। ਜਦੋਂ ਕੁੜੀ ਘਰ 'ਚ ਇਕੱਲੀ ਸੀ ਤਾਂ ਕਥਿਤ ਦੋਸ਼ ਦੇ ਅਨੁਸਾਰ ਉਨ੍ਹਾਂ ਦਾ 16 ਸਾਲਾ ਗੁਆਂਢੀ ਇੱਕ ਨਾਬਾਲਗ ਮੁੰਡਾ ਘਰ ਆਇਆ। ਉਹ ਕੁੜੀ ਨੂੰ ਬਿੱਲੀ ਦੇ ਬੱਚੇ



ਦਿਖਾਉਣ ਦੇ ਬਹਾਨੇ ਆਪਣੇ ਘਰ ਲੈ ਗਿਆ ਅਤੇ ਆਪਣੇ ਘਰ ਦੇ ਅੰਦਰ ਉਸ ਨਾਲ ਜਬਰ-ਜ਼ਿਨਾਹ ਕੀਤਾ। ਇੰਨਾ ਹੀ ਨਹੀਂ, ਇਸ ਤੋਂ ਬਾਅਦ ਉਕਤ ਨਾਬਾਲਗ ਮੁੰਡਾ ਪੀੜਤ ਕੁੜੀ ਨੂੰ ਖੇਤ ਵਿੱਚ ਲੈ ਗਿਆ ਅਤੇ ਉਸ ਨਾਲ 2 ਵਾਰ ਫਿਰ ਜਬਰ-ਜ਼ਿਨਾਹ ਕੀਤਾ। ਇਸ ਕਾਰਨ ਕੁੜੀ ਦੀ ਸਿਹਤ ਵਿਗੜ ਗਈ। ਜਦੋਂ ਸ਼ਾਮ ਨੂੰ ਕੁੜੀ ਦਾ ਪਰਿਵਾਰ ਘਰ ਆਇਆ ਤਾਂ ਬੱਚੀ ਨੇ ਆਪਣੀ ਮਾਂ ਨੂੰ ਸਭ ਕੁੱਝ ਦੱਸ ਦਿੱਤਾ। ਇਸ ਤੋਂ ਬਾਅਦ ਉਸਦੇ ਪਰਿਵਾਰ ਵਾਲੇ ਉਸ ਨੂੰ ਤੁਰੰਤ ਹਸਪਤਾਲ ਲੈ ਆਏ ਅਤੇ ਬਹਾਵਵਾਲਾ ਪੁਲਸ ਥਾਣੇ ਨੂੰ ਵੀ ਸੂਚਿਤ ਕੀਤਾ। ਐਮਰਜੈਂਸੀ ਵਿੱਚ ਤਾਇਨਾਤ ਡਾਕਟਰ ਵਾਣੀ ਨੇ ਕਿਹਾ ਕਿ ਬੱਚੀ ਨੇ ਕਿਹਾ ਹੈ ਕਿ ਉਸ ਨਾਲ ਤਿੰਨ ਵਾਰ ਜਬਰ-ਜ਼ਿਨਾਹ ਹੋਇਆ ਹੈ ਅਤੇ ਇਸ ਦੇ ਮੱਦੇਨਜ਼ਰ ਉਸਦੀ ਡਾਕਟਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਇੱਕ ਰਿਪੋਰਟ ਤਿਆਰ ਕਰਕੇ ਬਹਾਵਵਾਲਾ ਪੁਲਸ ਥਾਣੇ ਨੂੰ ਸੌਂਪੀ ਜਾਵੇਗੀ।

## ਦੇਸ ਦੇ ਲਗਭਗ 55 ਫੀਸਦੀ ਟਰੱਕ ਡਰਾਈਵਰਾਂ ਦੀ ਨਜਰ ਨੂੰ ਲੈ ਕੇ ਹੋਇਆ ਇਹ ਖੁਲਾਸਾ

ਨਵੀਂ ਦਿੱਲੀ 3 ਫਰਵਰੀ। ਭਾਰਤ ਵਿੱਚ ਲਗਭਗ 55.1 ਫੀਸਦੀ ਟਰੱਕ ਡਰਾਈਵਰਾਂ ਦੀ ਨਜਰ ਕਮਜੋਰ ਹੈ, ਜਦੋਂਕਿ 53.3 ਫੀਸਦੀ ਨੂੰ ਦੂਰ ਦੀ ਨਜਰ ਵਿੱਚ ਸੁਧਾਰ ਦੀ ਲੋੜ ਹੈ ਅਤੇ 46.7 ਫੀਸਦੀ ਨੂੰ ਨੇੜੇ ਦੀ ਨਜਰ ਲਈ ਇਲਾਜ ਦੀ ਲੋੜ ਹੈ। ਇਹ ਜਾਣਕਾਰੀ ਮੰਗਲਵਾਰ ਨੂੰ ਜਾਰੀ ਇੱਕ ਰਿਪੋਰਟ ਵਿੱਚ ਦਿੱਤੀ ਗਈ ਹੈ। ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (), ਦਿੱਲੀ ਦੁਆਰਾ ਤਿਆਰ ਕੀਤੀ ਗਈ ਰਿਪੋਰਟ ਅਨੁਸਾਰ, ਲਗਭਗ 44.3 ਫੀਸਦੀ ਡਰਾਈਵਰਾਂ ਦਾ ਬਾਡੀ ਮਾਸ ਇੰਡੈਕਸ () ਬਾਰਡਰਲਾਈਨ ਜਾਂ ਇਸ ਤੋਂ ਵੱਧ ਹੈ, ਜਦੋਂਕਿ 57.4 ਫੀਸਦੀ ਦਾ ਬਲੱਡ ਪ੍ਰੈਸਰ ਪੱਧਰ ਵਧਿਆ ਹੋਇਆ ਹੈ ਅਤੇ 18.4 ਫੀਸਦੀ ਵਿਚ ਬਲੱਡ ਸੂਗਰ ਦਾ ਪੱਧਰ ਬਾਰਡਰਲਾਈਨ ਜਾਂ ਇਸ ਤੋਂ ਵੱਧ ਪਾਇਆ ਗਿਆ। ਦਿੱਲੀ ਨੇ ਇਹ ਰਿਪੋਰਟ ਫਾਰਸਾਈਟ ਫਾਊਂਡੇਸਨ ਦੇ ਸਹਿਯੋਗ ਨਾਲ ਤਿਆਰ ਕੀਤੀ ਹੈ। ਇਸ ਲਈ ਉੱਤਰ ਪ੍ਰਦੇਸ, ਰਾਜਸਥਾਨ, ਮੱਧ ਪ੍ਰਦੇਸ, ਮਹਾਰਾਸਟਰ, ਕਰਨਾਟਕ ਅਤੇ ਤਾਮਿਲਨਾਡੂ ਰਾਜਾਂ ਦੇ ਕੁੱਲ 50,000 ਟਰੱਕ ਡਰਾਈਵਰਾਂ ਦੀ ਜਾਂਚ ਕੀਤੀ ਗਈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਲਗਭਗ 33.9 ਫੀਸਦੀ ਟਰੱਕ ਡਰਾਈਵਰਾਂ ਨੇ



ਦਰਮਿਆਨੇ ਪੱਧਰ ਦੇ ਤਣਾਅ ਹੋਣ ਦੀ ਜਾਣਕਾਰੀ ਦਿੱਤੀ, ਜਦੋਂਕਿ 2.9 ਫੀਸਦੀ ਵਿੱਚ ਉੱਚ ਪੱਧਰ ਦਾ ਤਣਾਅ ਪਾਇਆ ਗਿਆ, ਜੋ ਮਾਨਸਿਕ ਸਿਹਤ ਸਹਾਇਤਾ ਦੀ ਜਰੂਰਤ ਨੂੰ ਦਰਸਾਉਂਦਾ ਹੈ। ਟਰੱਕ ਦੇਸ ਭਰ ਵਿੱਚ ਜਰੂਰੀ ਸਮਾਨ ਦੀ ਢੋਆ-ਢੁਆਈ ਦਾ ਇੱਕ ਮਹੱਤਵਪੂਰਨ ਸਾਧਨ ਹਨ। ਟਰੱਕਾਂ ਨੂੰ ਭਾਰਤੀ ਲੌਜਿਸਟਿਕਸ ਸੈਕਟਰ ਦੀ ਰੀੜ੍ਹ ਦੀ ਹੱਡੀ ਵੀ ਕਿਹਾ ਜਾਂਦਾ ਹੈ। ਹਾਲਾਂਕਿ, ਇਹਨਾਂ ਟਰੱਕਾਂ ਨੂੰ ਚਲਾਉਣ ਵਾਲੇ ਡਰਾਈਵਰਾਂ ਨੂੰ ਅਕਸਰ ਮੁਸਕਲ ਚੁਣੌਤੀਆਂ ਅਤੇ ਔਖੀ ਜੀਵਨ ਸੈਲੀ ਦਾ ਸਾਹਮਣਾ ਕਰਨਾ ਪੈਂਦਾ ਹੈ।

### ਝਗੜੇ 'ਚ ਪੁੱਤ ਨੂੰ ਬਚਾਉਣ ਗਈ ਮਾਂ ਦੀ ਕੁੱਟਮਾਰ

ਬੁਢਲਾਡਾ 3 ਫਰਵਰੀ। ਝਗੜੇ 'ਚ ਆਪਣੇ ਪੁੱਤ ਨੂੰ ਛੁਡਾਉਣ ਗਈ ਮਾਂ ਦੀ ਕੁੱਟਮਾਰ ਕਰਕੇ ਕੱਪੜੇ ਫਾੜਨ ਦੀ ਖਬਰ ਪ੍ਰਾਪਤ ਹੋਈ ਹੈ। ਪੁਲਸ ਨੇ ਪੁੱਤਰੀ, ਪਤਨੀ ਸਮੇਤ 5 ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚ ਕਰ ਰਹੇ ਅਧਿਕਾਰੀ ਥਾਣੇਦਾਰ ਜਸਕਰਨ ਸਿੰਘ ਨੇ ਦੱਸਿਆ ਕਿ ਮਾਇਆ ਪਤਨੀ ਵਿਜੈ ਕੁਮਾਰ ਵਾਸੀ ਵਾਰਡ ਨੰਬਰ-11 ਨੇ ਪੁਲਸ ਨੂੰ ਸੂਚਿਤ ਕੀਤਾ ਕਿ ਮੇਰੇ ਪੁੱਤਰ ਦੀ ਗਲੀ 'ਚ ਕੁੱਟਮਾਰ ਕੀਤੀ ਜਾ ਰਹੀ ਸੀ। ਜਦੋਂ ਮੈਂ ਰੋਕਣ ਲਈ ਅੱਗੇ ਵਧੀ ਤਾਂ ਉਨ੍ਹਾਂ ਨੇ ਮੇਰੀ ਕੁੱਟਮਾਰ ਕਰਦਿਆਂ ਮੇਰੇ ਕੱਪੜੇ ਪਾੜ ਦਿੱਤੇ।

### ਮੁੰਬਈ ਹਵਾਈ ਅੱਡੇ 'ਤੇ ਵਾਪਰਿਆ ਭਿਆਨਕ ਕਾਰ ਹਾਦਸਾ

ਮੁੰਬਈ 3 ਫਰਵਰੀ। ਐਤਵਾਰ ਸਵੇਰੇ ਮੁੰਬਈ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਟਰਮੀਨਲ 2 ਦੇ ਪਾਰਕਿੰਗ ਸਥਾਨ 'ਤੇ ਇੱਕ ਮਰਸੀਡੀਜ਼ ਕਾਰ ਦੇ ਟਕਰਾਉਣ ਨਾਲ ਦੋ ਵਿਦੇਸ਼ੀ ਨਾਗਰਿਕਾਂ ਸਮੇਤ ਪੰਜ ਲੋਕ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਇੱਕ ਪੁਲਸ ਅਧਿਕਾਰੀ ਨੇ ਦਿੱਤੀ। ਸਹਾਰ ਪੁਲਸ ਸਟੇਸ਼ਨ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਕਾਰ ਦਾ ਡਰਾਈਵਰ ਇੱਕ ਯਾਤਰੀ ਨੂੰ ਛੱਡਣ ਲਈ ਹਵਾਈ ਅੱਡੇ 'ਤੇ ਆਇਆ ਸੀ ਪਰ ਵਾਹਨ ਤੋਂ ਕੰਟਰੋਲ ਗੁਆ ਬੈਠਾ, ਜਿਸ ਕਾਰਨ ਟਰਮੀਨਲ 2 ਦੇ ਪਾਰਕਿੰਗ ਖੇਤਰ ਵਿੱਚ ਹਾਦਸਾ ਵਾਪਰਿਆ। ਅਧਿਕਾਰੀ ਦੇ ਅਨੁਸਾਰ, "ਕਾਰ ਚਾਲਕ ਦੀ ਪਛਾਣ ਪਰਸ਼ੂਰਾਮ ਚਿੰਚੋਲੱਪਾ ਦਾਦਨਵਾਰੇ (34) ਵਜੋਂ ਹੋਈ ਹੈ, ਜੋ ਨਵੀਂ ਮੁੰਬਈ ਦਾ ਰਹਿਣ ਵਾਲਾ ਹੈ।

## 'ਵਰਦੀ 'ਚ ਦਰੋਗਾ', ਰੀਲ ਬਣਾਉਣ 'ਚ ਕੋਈ ਕਸਰ ਨਹੀਂ ਛੱਡ ਰਹੇ ਪੁਲਸ ਵਾਲੇ

ਬਾਰਾਬੰਕੀ 3 ਫਰਵਰੀ। ਇਨ੍ਹੀਂ ਦਿਨੀਂ ਸੋਸ਼ਲ ਮੀਡੀਆ 'ਤੇ ਰੀਲਾਂ ਬਣਾਉਣ ਦਾ ਜਨੂੰਨ ਸਿਰ ਚੜ੍ਹ ਕੇ ਬੋਲ ਰਿਹਾ ਹੈ। ਲਾਈਕ ਅਤੇ ਕਮੈਂਟਸ ਦੇ ਪਿੱਛੇ ਭੱਜਣ ਵਾਲੇ ਲੋਕ ਅਕਸਰ ਅਜਿਹੀਆਂ ਗਲਤੀਆਂ ਕਰਦੇ ਹਨ, ਜੋ ਬਾਅਦ 'ਚ ਉਨ੍ਹਾਂ ਨੂੰ ਮਹਿੰਗੀ ਪੈਂਦੀ ਹੈ। ਤਾਜ਼ਾ ਮਾਮਲਾ ਬਾਰਾਬੰਕੀ ਜ਼ਿਲ੍ਹੇ ਦਾ ਹੈ, ਜਿੱਥੇ ਇਕ ਦੀਵਾਨ ਅਤੇ ਦਰੋਗਾ ਨੇ ਰੂਟ ਡਾਇਵਰਸ਼ਨ ਦੌਰਾਨ ਬੈਰੀਅਰ 'ਤੇ ਖੜ੍ਹੇ ਹੋ ਕੇ ਰੀਲ ਬਣਾਈ। ਇਸ ਰੀਲ 'ਚ ਉਹ ਮਸ਼ਹੂਰ ਐਕਟਰ ਰਾਜਕੁਮਾਰ ਦੇ ਡਾਇਲਾਗ ਬੋਲਦੇ ਨਜ਼ਰ ਆ ਰਹੇ ਹਨ। ਇਹ ਮਾਮਲਾ ਉਦੋਂ ਸੁਰਖੀਆਂ 'ਚ ਆਇਆ ਜਦੋਂ ਲੋਕਾਂ ਨੇ ਦੇਖਿਆ ਕਿ ਦਰੋਗਾ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਵਰਦੀ ਅਤੇ ਹਥਿਆਰਾਂ ਸਮੇਤ ਕਈ ਵੀਡੀਓਜ਼ ਪਹਿਲਾਂ ਹੀ ਪੋਸਟ ਕਰ ਚੁੱਕਾ ਹੈ। ਦੱਸਿਆ ਜਾ ਰਿਹਾ ਹੈ ਕਿ ਉਹ ਦਰੋਗਾ ਕੋਠੀ ਥਾਣੇ 'ਚ ਤਾਇਨਾਤ ਹੈ।

## ਵਿਆਹ ਦੀ ਸਾਜ਼ਿਸ਼ ਰਚ ਕੇ ਕੁੜੀ ਵਾਲਿਆਂ ਨੇ ਮੁੰਡੇ ਨਾਲ ਮਾਰੀ ਠੱਗੀ, ਹੈਰਾਨ ਕਰਨ ਵਾਲਾ ਹੈ ਮਾਮਲਾ

ਗੁਰੂਹਰਸਹਾਏ 3 ਫਰਵਰੀ। ਗੁਰੂਹਰਸਹਾਏ ਵਿਖੇ ਵਿਆਹ ਦੀ ਸਾਜ਼ਿਸ਼ ਰਚ ਕੇ ਇਕ ਲੜਕੇ ਨਾਲ ਲੜਕੀ ਵਾਲਿਆਂ ਵੱਲੋਂ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧ 'ਚ ਥਾਣਾ ਗੁਰੂਹਰਸਹਾਏ ਪੁਲਸ ਨੇ ਕੇਸ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਦਰਖਾਸਤ/ਯੂ. ਆਈ. ਡੀ. ਨੰਬਰ 436428 ਰਾਹੀਂ ਗੁਰਪ੍ਰੀਤ ਸਿੰਘ ਪੁੱਤਰ ਜਗਦੇਵ ਸਿੰਘ ਵਾਸੀ ਨੇੜੇ ਚੁੰਗੀ ਨੇ ਦੱਸਿਆ ਕਿ ਉਸ ਦਾ ਵਿਆਹ 19 ਮਾਰਚ 2024 ਨੂੰ ਗੁਰਪ੍ਰੀਤ ਕੌਰ ਨਾਲ ਹੋਇਆ ਸੀ। ਉਸ ਦੇ ਪਰਿਵਾਰ ਵੱਲੋਂ ਵਿਆਹ 'ਤੇ ਕਾਫੀ ਖਰਚਾ ਕੀਤਾ ਗਿਆ ਤੇ ਵਿਆਹ ਤੋਂ 10 ਦਿਨ ਬਾਅਦ ਮੁਲਜਮ ਮਦਨ ਸਿੰਘ ਵਾਸੀ ਰੇਲਵੇ ਕਾਲੋਨੀ ਜਲਾਲਾਬਾਦ ਸੁਨੀਤਾ ਰਾਣੀ ਪਤਨੀ ਕੁਲਵੰਤ ਸਿੰਘ, ਸੁਖਵਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ ਅਤੇ ਕੁਲਵੰਤ ਸਿੰਘ ਪੁੱਤਰ ਅਨੈਬ ਸਿੰਘ ਵਾਸੀ ਪਿੰਡ ਕਿੱਕਰ ਖੇੜਾ, ਤਹਿਸੀਲ ਅਬੋਹਰ ਜ਼ਿਲ੍ਹਾ ਫਾਜ਼ਿਲਕਾ ਵੱਲੋਂ ਸਾਜ਼ਿਸ਼ ਰਚ ਕੇ



ਲੜਕੀ ਗੁਰਪ੍ਰੀਤ ਕੌਰ ਨੂੰ ਲੈਣ ਆਏ ਤੇ ਅਬੋਹਰ ਵਿਖੇ ਆਪਣੇ ਵਿਰੁੱਧ ਕੋਈ ਕੇਸ ਚੱਲਦਾ ਹੋਣ ਕਰ ਕੇ ਉਸ ਤੋਂ ਧੋਖੇ ਨਾਲ ਪੈਸੇ ਲੈ ਗਏ ਤੇ ਬਾਅਦ 'ਚ ਨਾ ਤਾਂ ਉਸ ਨਾਲ ਲੜਕੀ ਨੂੰ ਭੇਜਿਆ ਤੇ ਨਾ ਹੀ ਉਸ ਦੇ ਪੈਸੇ ਤੇ ਵਿਆਹ 'ਚ ਲੜਕੀ ਨੂੰ ਪਾਏ ਗਹਿਣੇ ਵਗੈਰਾ ਵਾਪਸ ਕੀਤੇ। ਜਿਸ 'ਤੇ ਉਸ ਨੂੰ ਪਤਾ ਲੱਗਾ ਹੈ ਕਿ ਉਹ ਠੱਗੀ ਦਾ ਸ਼ਿਕਾਰ ਹੋ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਮੁਲਜਮਾਂ ਖ਼ਿਲਾਫ ਕੇਸ ਦਰਜ ਕਰ ਲਿਆ ਗਿਆ ਹੈ।

## ਉਧਾਰ ਦਿੱਤੇ ਪੈਸੇ ਮੰਗਣ 'ਤੇ ਕੀਤਾ ਜਾਨਲੇਵਾ ਹਮਲਾ, ਗ੍ਰਿਫਤਾਰ

ਖਰੜ 3 ਫਰਵਰੀ। ਉਧਾਰ ਦਿੱਤੇ ਪੈਸੇ ਵਾਪਸ ਮੰਗਣਾ ਪਰਵਾਸੀ ਨੌਜਵਾਨ ਨੂੰ ਉਸ ਵੇਲੇ



ਮਹਿੰਗਾ ਪੈ ਗਿਆ, ਜਦੋਂ ਵਿਅਕਤੀ ਨੇ ਉਸ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਹਮਲੇ 'ਚ ਜਖਮੀ ਮਹੀਪਾਲ (25) ਨੂੰ ਗੰਭੀਰ ਹਾਲਤ 'ਚ ਪੀ. ਜੀ. ਆਈ. 'ਚ ਦਾਖਲ ਕਰਵਾਇਆ ਗਿਆ। ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਮਾਮਲੇ ਦੀ ਜਾਣਕਾਰੀ ਮਿਲਣ 'ਤੇ ਸਿਟੀ ਪੁਲਸ ਨੇ ਜਖਮੀ ਦੇ ਭਰਾ ਨੰਨੇ ਦੀ ਸ਼ਿਕਾਇਤ 'ਤੇ ਬਿਹਾਰ ਵਾਸੀ ਮੁੰਨਾ ਕੁਮਾਰ ਸਰਦਾਰ ਖ਼ਿਲਾਫ ਪਰਚਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਨੇ ਮੁਲਜਮ ਨੂੰ ਗ੍ਰਿਫਤਾਰ ਕਰ ਕੇ ਅਦਾਲਤ 'ਚ ਪੇਸ ਕਰ ਕੇ ਦੋ ਦਿਨਾਂ ਦਾ ਰਿਮਾਂਡ ਹਾਸਲ ਕੀਤਾ ਹੈ। ਨੰਨੇ ਨੇ ਦੱਸਿਆ ਕਿ ਉਸ ਦਾ ਭਰਾ ਮਹੀਪਾਲ (25) ਖਰੜ ਦੇ ਖਾਨਪੁਰ 'ਚ ਕਿਰਾਏ ਦੇ ਘਰ 'ਚ ਰਹਿੰਦਾ ਹੈ ਤੇ ਮਿਹਨਤ-ਮਜਦੂਰੀ ਕਰਦਾ ਹੈ। ਉਸ ਦੇ ਭਰਾ ਨਾਲ ਉਸੇ ਘਰ 'ਚ ਮੁੰਨਾ ਕੁਮਾਰ ਸਰਦਾਰ ਵੀ ਰਹਿੰਦਾ ਹੈ। ਮਹੀਪਾਲ ਨੇ ਦੱਸਿਆ ਸੀ ਕਿ ਮੁੰਨਾ ਨੇ ਉਸ ਤੋਂ ਕੁੱਝ ਪੈਸੇ ਉਧਾਰ ਲਏ ਸਨ ਪਰ ਪੈਸੇ ਵਾਪਸ ਮੰਗਣ 'ਤੇ ਮੁੰਨਾ ਉਸ ਨੂੰ ਬੁਰਾ-ਭਲਾ ਕਹਿੰਦਾ ਸੀ ਤੇ ਧਮਕੀਆਂ ਦਿੰਦਾ ਸੀ। 25 ਦਸੰਬਰ ਨੂੰ ਉਸ ਦੇ ਰਿਸ਼ਤੇਦਾਰ ਨੇ ਫੋਨ 'ਤੇ ਸੂਚਨਾ ਦਿੱਤੀ ਕਿ ਮਹੀਪਾਲ ਤੇ ਮੁੰਨਾ ਵਿਚਾਲੇ ਝਗੜਾ ਹੋ ਗਿਆ ਹੈ, ਜਿੱਥੇ ਮਹੀਪਾਲ ਗੰਭੀਰ ਜਖਮੀ ਹੋ ਗਿਆ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ

ਸਾਧਾਰਨ ਪ੍ਰਸ਼ਾਸਨ ਵਿਭਾਗ

(ਸਮਨਵਯ ਸ਼ਾਖਾ)

ਦਿੱਲੀ ਸਚਿਵਾਲਯ, ਆਈ. ਪੀ. ਇਸਟੇਟ, ਨਵੀਂ ਦਿੱਲੀ - 110002

ਅਧਿਸੂਚਨਾ

ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਦੇ ਉਪਰਾਜਪਾਲ, ਦਿੱਲੀ ਵਿਧਾਨ ਸਭਾ ਦੇ ਆਮ ਚੋਣਾਂ ਦੇ ਅਵਸਰ 'ਤੇ ਬੁੱਧਵਾਰ, 5 ਫਰਵਰੀ, 2025 ਨੂੰ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਦੇ ਅਧੀਨ ਸਾਰੇ ਸਰਕਾਰੀ ਦਫ਼ਤਰਾਂ, ਸਥਾਨੀਯ/ਸਵਾਯਤ ਨਿਕਾਇਆਂ, ਸਾਰਵਜਨਕ ਖੇਤਰ ਦੇ ਉਪਕ੍ਰਮਾਂ 'ਚ ਸਾਰਵਜਨਕ ਅਵਕਾਸ਼ ਘੋਸ਼ਿਤ ਕਰਦੇ ਹਨ।

ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਦੇ ਉਪਰਾਜਪਾਲ
ਦੇ ਆਦੇਸ਼ ਤੋਂ ਅਤੇ ਉਨ੍ਹਾਂ ਦੇ ਨਾਮ 'ਤੇ

(ਪ੍ਰਦੀਪ ਤਾਯਲ)
ਸੰਯੁਕਤ ਸਚਿਵ (ਸਾ.ਪ੍ਰ.ਵਿ.)

DIP/Shabdarth/Classified/0552/24-25

# ਦੀਨਾਨਗਰ ‘ਚ ਬਜ਼ੁਰਗ ਦੀ ਮੌਤ ਤੋਂ ਬਾਅਦ ਸਸਕਾਰ ਦੌਰਾਨ ਬਲਦੀ ਚਿਤਾ ‘ਚ ਜੋ ਦੇਖਿਆ ਦੇਖ ਪੂਰੇ ਪਿੰਡ ਦੇ ਉਡੇ ਹੋਸ਼



ਦੀਨਾਨਗਰ 3 ਫਰਵਰੀ। ਵਿਧਾਨ ਸਭਾ ਹਲਕਾ ਦੀਨਾਨਗਰ ਦੇ ਪਿੰਡ ਪਨਿਆੜ ਵਿਚ ਇਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ 95 ਸਾਲਾ ਬਜੁਰਗ ਦੇ ਅੰਤਿਮ ਸੰਸਕਾਰ ਦੌਰਾਨ ਉਸਦੇ ਨਾਲ ਸਾੜੇ ਗਏ ਬਿਸਤਰੇ ਵਿਚ 3 ਲੱਖ ਰੁਪਏ ਕੈਸ਼ ਸੜ ਕੇ ਸੁਆਹ ਹੋ ਗਿਆ। ਜਿਸ ਨੂੰ ਇਸ ਬਜ਼ੁਰਗ ਨੇ ਲੁਕੋ ਕੇ ਰੱਖਿਆ ਹੋਇਆ ਸੀ। ਇਸਦਾ ਖੁਲਾਸਾ ਉਦੋਂ ਹੋਇਆ ਜਦੋਂ ਪੰਜ ਸੌ ਰੁਪਏ ਵਾਲਾ 50 ਹਜਾਰ ਰੁਪਏ ਦਾ ਸੜਦਾ ਹੋਇਆ ਬੰਡਲ ਚਿਖਾ ‘ਚੋਂ ਬਾਹਰ ਡਿੱਗ ਪਿਆ। ਕਈ ਨੋਟ ਪਹਿਲਾਂ ਹੀ ਸੜ ਚੁੱਕੇ ਸਨ ਹਾਲਾਂਕਿ, ਪਰਿਵਾਰ ਵਾਲੇ ਇਸ ਬਾਰੇ ਜ਼ਿਆਦਾ ਖੁੱਲ੍ਹ ਕੇ ਕੁਝ ਕਹਿਣ ਲਈ ਤਿਆਰ ਨਹੀਂ ਹਨ। ਇਸ ਸਬੰਧੀ ਭਰੋਸੇਯੋਗ ਸੂਤਰਾਂ ਤੋਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਦੀਨਾਨਗਰ ਦੇ ਪਿੰਡ ਪਨਿਆੜ ਦੇ ਰਹਿਣ ਵਾਲੇ ਇਕ ਬਜੁਰਗ ਕਰੀਬ (95) ਦੀ ਮੌਤ ਹੋ ਗਈ ਸੀ। ਉਹ ਇਕ ਕਿਸਾਨ ਸੀ ਅਤੇ ਉਸਦਾ ਪੁੱਤਰ ਸਰਕਾਰੀ ਨੌਕਰੀ ਕਰਦਾ ਹੈ। ਪਿਤਾ ਦੇ ਖਾਤੇ ਵਿਚ ਚੰਗੀ ਰਕਮ ਜਮ੍ਹਾਂ ਸੀ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਬਜ਼ੁਰਗ ਨੇ ਇਸ ਵਿਚੋਂ 3 ਲੱਖ ਰੁਪਏ ਕੱਢਵਾ ਕੇ ਆਪਣੇ ਕੋਲ ਰੱਖ ਲਏ ਸਨ। ਸੋਮਵਾਰ ਨੂੰ ਉਸਦੀ ਮੌਤ ਤੋਂ ਬਾਅਦ ਬਜੁਰਗ ਵਿਅਕਤੀ ਦਾ ਉਸਦੇ ਪਰਿਵਾਰ ਵੱਲੋਂ ਅੰਤਿਮ ਸੰਸਕਾਰ ਕੀਤਾ ਗਿਆ ਅਤੇ ਉਸਦੇ ਕੱਪੜੇ ਅਤੇ ਬਿਸਤਰੇ ਨੂੰ ਵੀ ਉਸਦੇ ਨਾਲ ਸਾੜ ਦਿੱਤਾ ਗਿਆ। ਇਸ ਦੌਰਾਨ, ਇਕ ਪਰਿਵਾਰਕ ਮੈਂਬਰ ਨੇ ਦੇਖਿਆ ਕਿ ਸੜਦੇ ਬਿਸਤਰੇ ਦੇ ਸਿਰਹਾਣੇ ਤੋਂ 50 ਹਜ਼ਾਰ ਰੁਪਏ (ਪੰਜ ਸੌ ਰੁਪਏ ਦੇ ਨੋਟ) ਦਾ ਇਕ ਬੰਡਲ ਬਾਹਰ ਡਿੱਗ ਪਿਆ ਜੋ ਕਿ ਕਾਫੀ ਸੜ ਗਿਆ ਸੀ। ਉਨ੍ਹਾਂ ਹੋਰ ਜਾਂਚ ਕਰਨੀ ਚਾਹੀ ਪਰ ਸਿਰਹਾਣੇ ਵਿਚ ਪਏ ਬਾਕੀ ਪੈਸੇ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਏ ਸਨ। ਪੈਸੇ ਮਿਲਣ ਤੋਂ ਬਾਅਦ ਜਦੋਂ ਪਰਿਵਾਰਕ ਮੈਂਬਰਾਂ ਨੇ ਬਜੁਰਗ ਦੇ ਬੈਂਕ ਖਾਤੇ ਦੀ ਕਾਪੀ ਚੈੱਕ ਕੀਤੀ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਸ ਕੋਲ 3 ਲੱਖ ਰੁਪਏ ਸਨ ਜੋ ਉਸਦੀ ਚਿਤਾ ਦੇ ਨਾਲ ਹੀ ਸੜ ਕੇ ਸੁਆਹ ਹੋ ਗਏ। ਆਪਣੀ ਕਿਸਮ ਦੀ ਇਸ ਅਨੋਖੀ ਘਟਨਾ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

## ਹੁਕਮਾਂ ਦੀ ਉਲੰਘਣਾ ਮਾਮਲੇ ਦਾ ਮੁਲਜਮ ਬਿਨਾਂ ਪਾਸਪੋਰਟ ਦੇ ਦੌੜਿਆ ਅਮਰੀਕਾ

ਨਵੀਂ ਦਿੱਲੀ 3 ਫਰਵਰੀ। ਸੁਪਰੀਮ ਕੋਰਟ ਨੇ ਇਕ ਅਜਿਹੇ ਵਿਅਕਤੀ ਦੀ ਜਾਂਚ ਅਤੇ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ ਹੈ, ਜੋ ਅਦਾਲਤੀ ਹੁਕਮਾਂ ਦੀ ਉਲੰਘਣਾ ਦੀ ਕਾਰਵਾਈ ਦਾ ਸਾਹਮਣਾ ਕਰ ਰਿਹਾ ਹੈ ਅਤੇ ਉਸ ਦਾ ਪਾਸਪੋਰਟ ਅਦਾਲਤ ’ਚ ਜਮ੍ਹਾ ਹੋਣ ਦੇ ਬਾਵਜੂਦ ਉਹ ਅਮਰੀਕਾ ਦੌੜ ਗਿਆ ਹੈ। ਜਸਟਿਸ ਸੁਧਾਂਸ਼ੂ ਧੂਲੀਆ ਅਤੇ ਜਸਟਿਸ ਪ੍ਰਸ਼ਾਂਤ ਕੁਮਾਰ ਮਿਸ਼ਰਾ ਦੀ ਬੈਂਚ ਨੇ ਐਡੀਸ਼ਨਲ ਐਡਵੋਕੇਟ ਜਨਰਲ ਕੇ. ਐੱਮ. ਨਟਰਾਜ ਵੱਲੋਂ ਅਦਾਲਤ ਦੀ ਸਹਾਇਤਾ ਕਰਨ ਅਤੇ ਇਹ ਦੱਸਣ ਲਈ ਕਿਹਾ ਕਿ ਉਸ ਵਿਅਕਤੀ ਨੂੰ ਬਿਨਾਂ ਪਾਸਪੋਰਟ ਦੇ ਦੇਸ਼ ਤੋਂ ਬਾਹਰ ਕਿਵੇਂ ਜਾਣ ਦਿੱਤਾ ਗਿਆ। ਬੈਂਚ ਨੇ ਕਿਹਾ, “ਅਸੀਂ ਇਸ ਗੱਲ ਤੋਂ ਹੈਰਾਨ ਹਾਂ ਕਿ ਅਦਾਲਤੀ ਹੁਕਮਾਂ ਦੀ ਕਥਿਤ ਉਲੰਘਣਾ ਕਰਨ ਵਾਲਾ/ਬਚਾਅ ਪੱਖ ਬਿਨਾਂ ਪਾਸਪੋਰਟ ਦੇ ਅਮਰੀਕਾ ਜਾਂ ਕਿਸੇ ਹੋਰ ਦੇਸ਼ ਲਈ ਕਿਵੇਂ ਰਵਾਨਾ ਹੋ ਸਕਦਾ ਹੈ, ਜਦੋਂ ਕਿ ਉਸ ਦਾ ਪਾਸਪੋਰਟ ਇਸ ਅਦਾਲਤ ਕੋਲ ਹੈ। ਜੋ ਵੀ ਹੋਵੇ, ਹੁਣ ਸਾਡੇ ਕੋਲ ਕਥਿਤ ਮੁਲਜਮ ਖਿਲਾਫ ਗੈਰ-ਜਮਾਨਤੀ ਵਾਰੰਟ ਜਾਰੀ ਕਰਨ ਤੋਂ ਇਲਾਵਾ ਕੋਈ ਬਦਲ ਨਹੀਂ ਹੈ। ਬੈਂਚ ਨੇ ਇਸ ਤੋਂ ਬਾਅਦ ਉਸ ਦੇ ਖਿਲਾਫ ਗੈਰ-ਜਮਾਨਤੀ ਵਾਰੰਟ ਜਾਰੀ ਕੀਤਾ।

## ਪਤੀ ਮੰਗਦਾ ਸੀ ਤਲਾਕ, ਤੰਗ ਆਈ ਪਤਨੀ ਨੇ ਮਾਸੂਮ ਧੀ ਸਣੇ ਨਹਿਰ ‘ਚ ਛਾਲ ਮਾਰ ਮੁਕਾ ਲਈ ਜੀਵਨਲੀਲਾ

ਫਤਹਿਗੜ੍ਹ ਸਾਹਿਬ 3 ਫਰਵਰੀ। ਪੰਜਾਬ ਦੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਤੋਂ ਇਕ ਸਨਸਨੀਖੇਜ ਖਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਪਿੰਡ ਸਾਨੀਪੁਰ ਕੋਲੋਂ ਲੰਘਦੀ ਭਾਖੜਾ ਨਹਿਰ ’ਚ ਇਕ ਰੇਸ਼ਮਾ ਰਾਣੀ ਨਾਂ ਦੀ ਔਰਤ ਨੇ ਆਪਣੀ 4 ਸਾਲਾ ਧੀ ਰਿਹਾਨਾ ਸਣੇ ਨਹਿਰ ’ਚ ਛਾਲ ਮਾਰ ਕੇ ਕਥਿਤ ਤੌਰ



’ਤੇ ਖੁਦਕੁਸ਼ੀ ਕਰ ਲਈ ਹੈ। ਮਾਮਲੇ ਦੀ ਜਾਣਕਾਰੀ ਦਿੰਦਿਆਂ ਥਾਣਾ ਸਰਹਿੰਦ ਦੇ ਸਬ-ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਨੂਰ ਮੁਹੰਮਦ ਨੇ ਪੁਲਸ ਨੂੰ ਸ਼ਿਕਾਇਤ ਕੀਤੀ ਕਿ ਉਸ ਦੀ ਭੈਣ ਰੇਸ਼ਮਾ ਦਾ ਵਿਆਹ ਆਮਿਰ ਖਾਨ ਨਾਲ ਹੋਇਆ ਸੀ। ਨੂਰ ਮੁਹੰਮਦ ਨੇ ਦੋਸ਼ ਲਗਾਏ ਕਿ ਉਸ ਦਾ ਜੀਜਾ ਰੇਸ਼ਮਾ ’ਤੇ ਤਲਾਕ ਦੇਣ ਲਈ ਦਬਾਅ ਪਾਉਂਦਾ ਰਹਿੰਦਾ ਸੀ, ਜਿਸ ਕਾਰਨ ਉਸ ਦੀ ਭੈਣ ਰੇਸ਼ਮਾ ਕਾਫੀ ਪ੍ਰੇਸ਼ਾਨ ਹੋ ਗਈ ਸੀ। ਇਸ ਮਗਰੋਂ ਕਥਿਤ ਤੌਰ ’ਤੇ ਉਸ ਨੇ ਆਪਣੇ ਪਤੀ ਅਤੇ ਸੱਸ ਤੋਂ ਤੰਗ ਆ ਇਹ ਉਕਤ ਕਦਮ ਚੁੱਕਿਆ। ਇਸ ਸਬੰਧੀ ਮ੍ਰਿਤਕਾਂ ਦੀਆਂ ਲਾਸ਼ਾਂ ਨਹਿਰ ’ਚੋਂ ਬਰਾਮਦ ਹੋ ਗਈਆਂ ਹਨ। ਨੂਰ ਮੁਹੰਮਦ ਦੇ ਬਿਆਨਾਂ ’ਤੇ ਪੁਲਸ ਨੇ ਮ੍ਰਿਤਕਾ ਦੇ ਪਤੀ ਆਮਿਰ ਖਾਨ ਅਤੇ ਸੱਸ ਨਿਆਮਤ ’ਤੇ ਥਾਣਾ ਸਰਹਿੰਦ ਵਿਖੇ ਕੇਸ ਦਰਜ ਕਰ ਲਿਆ ਹੈ।

## ਹਵੇਲੀ ‘ਚ ਪਸ਼ੂਆਂ ਨੂੰ ਚਾਰਾ ਪਾਉਣ ਗਏ ਦਿਓਰ-ਭਰਜਾਈ ਦੇ 13 ਜਣਿਆਂ ਨੇ ਕੀਤਾ ਹਮਲਾ

ਜਲਾਲਾਬਾਦ 3 ਫਰਵਰੀ। ਥਾਣਾ ਸਦਰ ਪੁਲਸ ਨੇ ਇਕ ਵਿਅਕਤੀ ਦੀ ਕੁੱਟਮਾਰ ਕਰਨ ਵਾਲੇ 13 ਵਿਅਕਤੀਆਂ ਤੇ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਜਗਜੀਤ ਸਿੰਘ ਨੇ ਦੱਸਿਆ ਕਿ ਉਹਨਾਂ ਨੂੰ ਸੰਦੀਪ ਸਿੰਘ ਪੁੱਤਰ ਅਮਰ ਸਿੰਘ ਵਾਸੀ ਸੋਹਣਾ ਸਾਂਦੜ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਮਿਤੀ 22-1-2025 ਨੂੰ ਉਹ, ਉਸ ਦੀ ਭਰਜਾਈ ਪ੍ਰੇਮ ਕੌਰ ਰੋਜ਼ਾਨਾ ਦੀ ਤਰ੍ਹਾਂ ਸਵੇਰੇ 7/8 ਵਜੇ ਆਪਣੀ ਹਵੇਲੀ ਵਿੱਚ ਪਸ਼ੂਆਂ ਨੂੰ ਚਾਰਾ ਪਾਉਣ ਲਈ ਅਤੇ ਦੁੱਧ ਚੋਣ ਲਈ ਗਿਆ ਸੀ। ਜਦ ਸੰਦੀਪ ਸਿੰਘ ਪਸ਼ੂਆਂ ਨੂੰ ਚਾਰਾ ਪਾ ਕੇ ਘਰ ਵਾਪਸ ਆ ਰਿਹਾ ਸੀ ਤਾਂ ਜਗਤਾਰ ਸਿੰਘ ਪੁੱਤਰ ਬਲਵੀਰ ਸਿੰਘ, ਹਰਮੇਸ਼ ਸਿੰਘ ਪੁੱਤਰ ਕਰਤਾਰ ਸਿੰਘ, ਸ਼ਿੰਦਰ ਸਿੰਘ ਪੁੱਤਰ ਹਰਮੇਸ਼ ਸਿੰਘ, ਪਾਰਸ ਪੁੱਤਰ ਦੇਸਾ ਸਿੰਘ, ਗੁਰਜੰਟ ਸਿੰਘ ਪੁੱਤਰ ਸਬੇਗ ਸਿੰਘ ਵਾਸੀ ਚੱਕ ਸੋਹਣਾ ਸਾਂਦੜ ਵੱਲੋਂ ਉਸ ਦੀ ਕੁੱਟਮਾਰ ਕੀਤੀ ਗਈ ਹੈ।

## ਜਿਲ੍ਹਾ ਚੋਣ ਦਫਤਰ
## ਉੱਤਰ ਪੱਛਮੀ ਜਿਲ੍ਹਾ
## ਡੀਸੀ ਦਫਤਰ ਪਰਿਸਰ, ਕੰਝਾਵਾਲਾ, ਦਿੱਲੀ -110081
## ਜਨਤਕ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਲ੍ਹਾ ਉੱਤਰ-ਪੱਛਮ ਦੇ ਵਿਧਾਨ ਸਭਾ ਹਲਕਿਆਂ ਦੇ ਹੇਠ ਲਿਖੇ ਪੋਲਿੰਗ ਸਟੇਸ਼ਨਾਂ ‘ਤੇ, ਉਸੇ ਪੋਲਿੰਗ ਸਟੇਸ਼ਨ ਸਥਾਨ ‘ਤੇ ਵੋਟਰਾਂ ਦੀ ਸਹੂਲਤ ਲਈ ਸਹਾਇਕ ਪੋਲਿੰਗ ਸਟੇਸ਼ਨ ਸਥਾਪਤ ਕੀਤੇ ਗਏ ਹਨ, ਜਿਵੇਂ ਕਿ ਹੇਠਾਂ ਵੇਰਵੇ ਵਿੱਚ ਦਿੱਤਾ ਗਿਆ ਹੈ:

| ਕ੍ਰਮ ਸੰਖਿਆ | ਵਿਧਾਨ ਸਭਾ ਹਲਕੇ ਦਾ ਨਾਮ | ਏਸੀ ਨੰਬਰ | ਪੋਲਿੰਗ ਸਟੇਸ਼ਨ ਭਵਨ ਦਾ ਨਾਮ ਅਤੇ ਪਤਾ | ਪੋਲਿੰਗ ਸਟੇਸ਼ਨ ਸੰਖਿਆ | ਸਹਾਇਕ ਪੋਲਿੰਗ ਸਟੇਸ਼ਨ ਸੰਖਿਆ | ਮੁੱਖ ਵੋਟਰ ਪੋਲਿੰਗ ਸਟੇਸ਼ਨ ਵਿਚ ਵੋਟਰ | ਸਹਾਇਕ ਪੋਲਿੰਗ ਸਟੇਸ਼ਨ ‘ਤੇ ਵੋਟਰ |
|---|---|---|---|---|---|---|---|
| 1 | ਰਿਠਲਾ | 6 | ਰਿਠਲਾ 6 ਦਿੱਲੀ ਨਗਰ ਨਿਗਮ ਸਹਿ-ਸਿੱਖਿਆ ਪ੍ਰਾਇਮਰੀ ਸਕੂਲ (ਬੀ-ਬਲਾਕ, ਸੈਕਟਰ-17, ਰੋਹਿਣੀ, ਦਿੱਲੀ) | 5 | 5A | 1-797 | 798- |
| 2 | ਰਿਠਲਾ | 6 | ਸਰਕਾਰੀ ਲੜਕੇ ਮਿਡਲ ਸਕੂਲ (ਪੀਕੇਟੀਡੀ ਸੈਕਟਰ-16, ਰੋਹਿਣੀ, ਦਿੱਲੀ | 13 | 13A | 1-752 | 753- |
| 3 | ਰਿਠਲਾ | 6 | ਰਿਠਲਾ 6 ਸਰਕਾਰੀ ਲੜਕੇ ਮਿਡਲ ਸਕੂਲ (ਪੀਕੇਟੀਡੀ ਸੈਕਟਰ-16, ਰੋਹਿਣੀ, ਦਿੱਲੀ | 14 | 14A | 1-750 | 751- |
| 4 | ਰਿਠਲਾ | 6 | ਸਰਕਾਰੀ ਲੜਕੇ ਮਿਡਲ ਸਕੂਲ (ਪੀਕੇਟੀਡੀ ਸੈਕਟਰ-16, ਰੋਹਿਣੀ, ਦਿੱਲੀ | 15 | 15A | 1-754 | 754 |
| 5 | ਰਿਠਲਾ | 6 | ਦਿੱਲੀ ਨਗਰ ਨਿਗਮ ਸਹਿ-ਸਿੱਖਿਆ ਪ੍ਰਾਇਮਰੀ ਸਕੂਲ (ਜੇ-ਬਲਾਕ, ਸੈਕਟਰ-16, ਰੋਹਿਣੀ, ਦਿੱਲੀ) | 49 | 49A | 1-757 | 758- |
| 6 | ਰਿਠਲਾ | 6 | ਸਿਟੀਜਨ ਮਾਡਲ ਸਕੂਲ (ਬੁੱਧਵਿਹਾਰ, ਫੇਜ-2, ਦਿੱਲੀ) | 112 | 112A | 1-811 | 812- |
| 7 | ਰਿਠਲਾ | 6 | ਸਿਟੀਜਨ ਮਾਡਲ ਸਕੂਲ (ਬੁੱਧਵਿਹਾਰ, ਫੇਜ-2, ਦਿੱਲੀ) | 113 | 113A | 1-759 | 760- |
| 8 | ਰਿਠਲਾ | 6 | ਸਿਟੀਜਨ ਮਾਡਲ ਸਕੂਲ (ਬੁੱਧਵਿਹਾਰ, ਫੇਜ-2, ਦਿੱਲੀ) | 116 | 116A | 1-728 | 729- |
| 9 | ਰਿਠਲਾ | 6 | ਬੀ.ਆਰ. ਤਿਆਗੀ ਪਬਲਿਕ ਸਕੂਲ (ਬੁੱਧਵਿਹਾਰ, ਫੇਜ-, ਦਿੱਲੀ) | 124 | 124A | 1-891 | 892- |
| 10 | ਰਿਠਲਾ | 6 | ਪ੍ਰਿੰਸ ਪਬਲਿਕ ਸਕੂਲ (ਬੁੱਧਵਿਹਾਰ, ਫੇਜ - , ਦਿੱਲੀ) | 128 | 128A | 1-783 | 784- |
| 11 | ਰਿਠਲਾ | 6 | ਸਾਂਗਵਾਨ ਮਾਡਲ ਸੈਕੰਡਰੀ ਸਕੂਲ (ਮੰਗੇਰਾਮ ਪਾਰਕ, ਬੁੱਧ ਵਿਹਾਰ ਫੇਜ-2, ਦਿੱਲੀ) | 151 | 151A | 1-815 | 816- |
| 12 | ਰਿਠਲਾ | 6 | ਸਰਕਾਰੀ ਲੜਕੇ ਸੀਨੀਅਰ ਸੈਕੰਡਰੀ ਸਕੂਲ ਨੰ-2 (ਅਵੰਤਿਕਾ, ਸੈਕਟਰ-1, ਰੋਹਿਣੀ, ਦਿੱਲੀ) | 224 | 224A | 1-781 | 782- |
| 13 | ਰਿਠਲਾ | 6 | ਟਵਿੰਕਲਸਟਾਰ ਪਬਲਿਕ ਸਕੂਲ (ਵਿਜੇ ਵਿਹਾਰ, ਦਿੱਲੀ) | 238 | 238A | 1-594 | 595- |
| 14 | ਰਿਠਲਾ | 6 | ਸਰਕਾਰੀ ਲੜਕੇ ਸੀਨੀਅਰ ਸੈਕੰਡਰੀ ਸਕੂਲ, ਨੰ.-1 (ਅਵੰਤਿਕਾ, ਸੈਕਟਰ-1, ਰੋਹਿਣੀ, ਦਿੱਲੀ) | 243 | 243A | 1-780 | 781- |
| 15 | ਮੁੰਡਕਾ | 8 | ਨਗਰ ਨਿਗਮ ਪ੍ਰਾਇਮਰੀ ਸਕੂਲ (ਲੜਕੇ), ਕਾਂਝਵਾਲਾ | 14 | 14A | 1to756 | 757- |
| 16 | ਮੁੰਡਕਾ | 8 | ਐਮਆਰ ਮੈਮੋਰੀਅਲ ਪਬਲਿਕ ਸਕੂਲ, ਕਰਾਲਾ | 33 | 33A | 1to776 | 777- |
| 17 | ਮੁੰਡਕਾ | 8 | ਬੀਐਸਐਮ ਪਬਲਿਕ ਸਕੂਲ, ਆਨੰਦਪੁਰਧਾਮ, ਕਰਾਲਾ | 34 | 34A | 1to850 | 851- |
| 18 | ਮੁੰਡਕਾ | 8 | ਐਮਆਰ ਮੈਮੋਰੀਅਲ ਪਬਲਿਕ ਸਕੂਲ, ਕਰਾਲਾ | 35 | 35A | 1to832 | 833- |
| 19 | ਮੁੰਡਕਾ | 8 | ਐਮਆਰ ਮੈਮੋਰੀਅਲ ਪਬਲਿਕ ਸਕੂਲ, ਕਰਾਲਾ | 36 | 36A | 1to786 | 787- |
| 20 | ਮੁੰਡਕਾ | 8 | ਬੀਐਸਐਮ ਪਬਲਿਕ ਸਕੂਲ, ਆਨੰਦਪੁਰਧਾਮ, ਕਰਾਲਾ | 43 | 43A | 1to796 | 797- |
| 21 | ਮੁੰਡਕਾ | 8 | ਸਰਕਾਰੀ ਸਰਵੋਦਿਆ ਵਿਦਿਆਲਿਆ, ਕਰਾਲਾ | 71 | 71A | 1to802 | 803- |
| 22 | ਮੁੰਡਕਾ | 8 | ਨਗਰ ਨਿਗਮ ਪ੍ਰਾਇਮਰੀ ਸਕੂਲ (ਲੜਕੇ), ਮਦਨਪੁਰ ਡੱਬਾ | 74 | 74A | 1to827 | 828- |
| 23 | ਮੁੰਡਕਾ | 8 | ਹੀਰਾਲਾਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਭਾਗਿਆ ਵਿਹਾਰ ਜੈਨ ਕਲੋਨੀ ਮਦਨਪੁਰ ਡੱਬਾਸ | 77 | 77A | 1to864 | 765- |
| 24 | ਮੁੰਡਕਾ | 8 | ਹੀਰਾਲਾਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਭਾਗਿਆ ਵਿਹਾਰ ਜੈਨ ਕਲੋਨੀ ਮਦਨਪੁਰ ਡੱਬਾਸ | 80 | 80A | 1to785 | 786- |
| 25 | ਮੁੰਡਕਾ | 8 | ਹੀਰਾਲਾਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਭਾਗਿਆ ਵਿਹਾਰ ਜੈਨ ਕਲੋਨੀ ਮਦਨਪੁਰ ਡੱਬਾਸ | 81 | 81A | 1to859 | 860- |
| 26 | ਮੁੰਡਕਾ | 8 | ਨਗਰ ਨਿਗਮ ਪ੍ਰਾਇਮਰੀ ਕੋ-ਐਡ ਸਕੂਲ, ਪਿੰਡ ਸਵਾੜਾ | 87 | 87A | 1to766 | 767- |
| 27 | ਮੁੰਡਕਾ | 8 | ਸਰਵੋਦਿਆ ਕੰਨਿਆ ਵਿਦਿਆਲਿਆ, ਅਬਲਾਕ, ਸਾਵਦਾ (ਗੇਵਰਾ) | 93 | 93A | 1to758 | 792- |
| 28 | ਮੁੰਡਕਾ | 8 | ਜੀ.ਬੀ.ਐਸ.ਸਕੂਲ, ਟਿੱਕਰੀਕਲਾਂ | 112 | 112A | 1to766 | 808- |
| 29 | ਮੁੰਡਕਾ | 8 | ਮਿਊਂਸੀਪਲ ਪ੍ਰਾਇਮਰੀ ਸਕੂਲ (ਲੜਕੇ/ਲੜਕੀਆਂ) ਪਿੰਡ ਹੀਰਾਨਕੁੰਡਾ | 131 | 131A | 1to791 | 767- |
| 30 | ਮੁੰਡਕਾ | 8 | ਡੀ.ਐਸ. ਸੈਨਿਕ ਸਕੂਲ, ਸਵਰਨਪਾਰਕ | 147 | 147A | 1to807 | 795- |
| 31 | ਮੁੰਡਕਾ | 8 | ਮਿਊਂਸੀਪਲ ਪ੍ਰਾਇਮਰੀ ਸਕੂਲ, ਕਮਰੂਦੀਨ ਨਗਰ | 156 | 156A | 1to766 | 754- |
| 32 | ਮੁੰਡਕਾ | 8 | ਜੀ.ਐਸ.ਐਸ.ਐਸ.ਬਲਾਕ-ਈ, ਜੇ.ਜੇ. ਕਲੋਨੀ-2 ਨੰਗਲੋਈ | 183 | 183A | 1to794 | 798- |
| 33 | ਮੁੰਡਕਾ | 8 | ਬੀ.ਆਰ. ਪਬਲਿਕ ਸਕੂਲ ਐਕਸਟੈਂਸਨ-2 ਸਿਨਾਂਗਲੋਈ | 222 | 222A | 1to753 | 759- |
| 34 | ਮੁੰਡਕਾ | 8 | ਦੌਲਤਰਾਮ ਪਬਲਿਕ ਸਕੂਲ, ਕਮਰੂਦੀਨ ਨਗਰ | 226 | 226A | 1to797 | 794- |
| 35 | ਮੁੰਡਕਾ | 8 | ਮਿਊਂਸੀਪਲ ਪ੍ਰਾਇਮਰੀ ਸਕੂਲ, ਨੀਲੋਠੀ | 236 | 236A | 1to758 | 768- |
| 36 | ਮੁੰਡਕਾ | 8 | ਸੰਤਕਬੀਰ ਮਾਡਰਨ ਸਕੂਲ, ਉਦੈਵਿਹਾਰਪਾਰਟ-3 ਨੀਲੋਠੀ | 237 | 237A | 1to793 | 809- |
| 37 | ਮੁੰਡਕਾ | 8 | ਸਰਕਾਰੀ ਸਰਵੋਦਿਆ ਗਰਲਜ ਹਾਈ ਸਕੂਲ, ਨੀਲੋਠੀ | 242 | 242A | 1to767 | 782- |
| 38 | ਮੁੰਡਕਾ | 8 | ਸੰਤਕਬੀਰ ਮਾਡਰਨ ਸਕੂਲ, ਉਦੈਵਿਹਾਰਪਾਰਟ-3 ਨੀਲੋਠੀ | 243 | 243A | 1to808 | 778- |
| 39 | ਮੁੰਡਕਾ | 8 | ਸਰਕਾਰੀ ਸਰਵੋਦਿਆ ਗਰਲਜ ਹਾਈ ਸਕੂਲ, ਨੀਲੋਠੀ | 246 | 246A | 1to781 | 787- |
| 40 | ਮੁੰਡਕਾ | 8 | ਸਰਕਾਰੀ ਸਰਵੋਦਿਆ ਸਹਿ-ਸਿੱਖਿਆ ਵਿਦਿਆਲਿਆ, ਨਿਹਾਲਵਿਹਾਰ, ਨੰਗਲੋਈ | 261 | 261A | 1to777 | 810- |
| 41 | ਮੁੰਡਕਾ | 8 | ਸਰਕਾਰੀ ਸਰਵੋਦਿਆ ਸਹਿ-ਸਿੱਖਿਆ ਵਿਦਿਆਲਿਆ, ਨਿਹਾਲਵਿਹਾਰ, ਨੰਗਲੋਈ | 263 | 263A | 1to786 | 904- |
| 42 | ਮੁੰਡਕਾ | 8 | ਐਸ.ਡੀ.ਮੈਮੋਰੀਅਲ ਪਬਲਿਕ ਸਕੂਲ ਨੀਲੋਠੀ | 267 | 267A | 1to809 | 901- |
| 43 | ਕਿਰਾਰੀ | 9 | ਦਿੱਲੀ ਨਗਰ ਨਿਗਮ ਪ੍ਰਤਿਭਾਬਲ ਬਾਲਿਕਾ ਵਿਦਿਆਲਿਆ (ਮੁਬਾਰਕਪੁਰ ਡੱਬਾਸ) | 3 | 3A | 1-903 | 902- |
| 44 | ਕਿਰਾਰੀ | 9 | ਦਿੱਲੀ ਨਗਰ ਨਿਗਮ ਪ੍ਰਤਿਭਾ ਬਾਲਿਕਾ ਵਿਦਿਆਲਿਆ (ਮੁਬਾਰਕਪੁਰ ਡੱਬਾਸ) | 8 | 8A | 1-900 | 901- |
| 45 | ਕਿਰਾਰੀ | 9 | ਡੀਐਸਐਮ ਪਬਲਿਕ ਸਕੂਲ (ਜੈੱਡ-ਬਲਾਕ, ਪ੍ਰੇਮਨਗਰ-2) | 66 | 66A | 1-901 | 901- |
| 46 | ਕਿਰਾਰੀ | 9 | ਪ੍ਰਕਾਸਭਾਰਤੀ ਪਬਲਿਕ ਸਕੂਲ (ਐਸਟੀ-ਬਲਾਕ, ਪ੍ਰੇਮਨਗਰ-2, ਦੁਰਗਾਮੰਦਿਰ ਰੋਡ ਨੇੜੇ ਕਿਰਾਰੀਨੇਹਰ | 87 | 87A | 1-900 | 902- |
| 47 | ਕਿਰਾਰੀ | 9 | ਐਸਆਰਪਬਲਿਕ ਸਕੂਲ (ਮੰਗਲਬਾਜਾਰਰੋਡ, ਲਕਸਮੀਵਿਹਾਰ, ਪ੍ਰੇਮਨਗਰ-3) | 89 | 89A | 1-900 | 901- |
| 48 | ਕਿਰਾਰੀ | 9 | ਸਰਕਾਰੀ ਲੜਕੇ ਸੀਨੀਅਰ ਸੈਕੰਡਰੀ ਸਕੂਲ (ਨਿਠਾਰੀ) | 110 | 110A | 1-901 | 917- |
| 49 | ਕਿਰਾਰੀ | 9 | ਦੀਪਮਾਡਰਨਪਬਲਿਕ ਸਕੂਲ (ਪ੍ਰੇਮਨਗਰ-3, ਕਿਰਾੜੀ ਸੁਲੇਮਾਨਨਗਰ) | 124 | 124A | 1-900 | 902- |
| 50 | ਕਿਰਾਰੀ | 9 | ਬੀਜੀਐਮ ਪਬਲਿਕ ਸਕੂਲ (ਮੰਗਲਬਾਜਾਰ ਰੋਡ, ਡੀ-ਬਲਾਕ ਪ੍ਰੇਮਨਗਰ-3, ਕਿਰਾੜੀ, ਸੁਲੇਮਾਨਨਗਰ) | 131 | 131A | 1-916- | 904- |
| 51 | ਕਿਰਾਰੀ | 9 | ਅਧਿਆਇ ਬਲਦੇਵਸਿੰਘ ਸੀਨੀਅਰ ਸੈਕੰਡਰੀ ਸਕੂਲ (ਬਲਦੇਵਪਾਰਕ, ਕਿਰਾਰੀ ਐਕਸਟੈਂਸਨ) | 141 | 141A | 1-901 | 904- |
| 52 | ਕਿਰਾਰੀ | 9 | ਪੀਐਸਐਮ ਵਰਲਡ ਸਕੂਲ (ਅਮਨਵਿਹਾਰ) | 191 | 191A | 1-903 | 997- |
| 53 | ਕਿਰਾਰੀ | 9 | ਨਿਗਮ ਪ੍ਰਤਿਭਾ ਬਾਲਿਕਾ ਵਿਦਿਆਲਿਆ (ਕਿਰਾਰੀ) | 236 | 236A | 1-903 | 1000- |
| 54 | ਸੁਲਤਾਨਪੁਰ | 10 | ਮਿਊਂਸੀਪਲ ਪ੍ਰਾਇਮਰੀ ਸਕੂਲ, ਬਲਾਕ-ਸੀ-4, ਸੁਲਤਾਨਪੁਰੀ, ਦਿੱਲੀ- 110086 | 48 | 48A | 1-997 | 760- |
| 55 | ਸੁਲਤਾਨਪੁਰ | 10 | ਨਿਗਮ ਪ੍ਰਤਿਭਾਵਿਦਿਆਲਿਆ, ਐਚ-ਬਲਾਕ, ਮੰਗੋਲਪੁਰੀ, ਦਿੱਲੀ-110083 | 99 | 99A | 1-999 | 761- |
| 56 | ਮੰਗੋਲਪੁਰੀ | 12 | ਸਰਵੋਦਿਆਕੋ-ਐਡਸੈਨਿਅਰ ਸੈਕੰਡਰੀ ਸਕੂਲ, ਸੀ-ਬਲਾਕ, ਮੰਗੋਲਪੁਰੀ, ਦਿੱਲੀ-110083 | 95 | 95A | 1-759 | 751- |
| 57 | ਮੰਗੋਲਪੁਰੀ | 12 | ਸਰਵੋਦਿਆ ਕੰਨਿਆ ਵਿਦਿਆਲਿਆ, ਓ-ਬਲਾਕ, ਮੰਗੋਲਪੁਰੀ, ਦਿੱਲੀ-110083 | 120 | 120A | 1-760 | 751- |
| 58 | ਸ਼ਾਲੀਮਾਰਬਾਗ | 14 | ਕੇਂਦਰੀ ਵਿਦਿਆਲਿਆ, ਟੀਪੀ ਬਲਾਕ ਪੀਤਮਪੁਰਾ, ਦਿੱਲੀ | 30 | 30A | 1-750 | 751- |
| 59 | ਸ਼ਾਲੀਮਾਰਬਾਗ | 14 | ਐਮ.ਸੀ.ਡੀ.ਪ੍ਰਾਈਮਰੀ ਸਕੂਲ, (ਬੀ.ਕੇ.-2 ਬਲਾਕ, ਸਾਲੀਮਾਰਬਾਗ ਦਿੱਲੀ-88) | 140 | 140A | 1-750 | 1001- |
| 60 | ਤ੍ਰਿ ਨਗਰ | 16 | ਐਮ.ਸੀ.ਡੀ.ਪ੍ਰਾਈਮਰੀ ਸਕੂਲ, (ਬੀ.ਕੇ.-2 ਬਲਾਕ, ਸਾਲੀਮਾਰਬਾਗ ਦਿੱਲੀ-88) | 141 | 141A | 1-750 | 1001- |
| 61 | ਤ੍ਰਿ ਨਗਰ | 16 | ਸਰਕਾਰੀ ਸਰਵੋਦਿਆ ਵਿਦਿਆਲਿਆ ਨੰ.-1 (ਸਕਰਪੁਰ, ਦਿੱਲੀ - 110034) | 19 | 19A | 1-1000 | 1001- |
| 62 | ਤ੍ਰਿ ਨਗਰ | 16 | ਸਰਕਾਰੀ ਸਰਵੋਦਿਆ ਵਿਦਿਆਲਿਆ ਨੰ.-1 (ਸਕਰਪੁਰ, ਦਿੱਲੀ - 110034) | 22 | 22A | 1-1000 | 1001- |
| 63 | ਤ੍ਰਿ ਨਗਰ | 16 | ਸਰਕਾਰੀ ਸਹਿ-ਸਿੱਖਿਆ ਸੀਨੀਅਰ ਸੈਕੰਡਰੀ ਸਕੂਲ ਨੰ-1 (ਸਕਰਪੁਰ ਦਿੱਲੀ-110034) | 27 | 27A | 1-1000 | 1001- |
| 64 | ਤ੍ਰਿ ਨਗਰ | 16 | ਸਰਕਾਰੀ ਸਰਵੋਦਿਆ ਬਾਲਵਿਦਿਆਲਿਆ (ਆਨੰਦਵਾਸ, ਲੋਕਵਿਹਾਰ) | 40 | 40A | 1-1000 | 1001- |
| 65 | ਤ੍ਰਿ ਨਗਰ | 16 | ਨਿਗਮ ਪ੍ਰਤੀਭਾਕੋ-ਐਡਪ੍ਰਾਇਮਰੀ ਸਕੂਲ, (ਈ-ਬਲਾਕ, ਸਕਰਪੁਰ, ਦਿੱਲੀ-110034) | 59 | 59A | 1-1000 | 1001- |
| 66 | ਤ੍ਰਿ ਨਗਰ | 16 | ਐਮ.ਸੀ.ਪ੍ਰਾਇਮਰੀ ਸਕੂਲ (ਜੀ-ਬਲਾਕ ਸਕਰਪੁਰ) | 79 | 79A | 1-1000 | 1001- |
| 67 | ਤ੍ਰਿ ਨਗਰ | 16 | ਐਮ.ਸੀ. ਪ੍ਰਾਇਮਰੀ ਸਕੂਲ (ਕੋ-ਐਡ) (ਐਚ-ਬਲਾਕ ਸਕਰਪੁਰ ਜੇ.ਜੇ. ਕਲੋਨੀ) | 81 | 81A | 1-1000 | 1001- |
| 68 | ਤ੍ਰਿ ਨਗਰ | 16 | ਐਮ.ਸੀ. ਪ੍ਰਾਇਮਰੀ ਸਕੂਲ (ਕੋ-ਐਡ) (ਐਚ-ਬਲਾਕ ਸਕਰਪੁਰ ਜੇ.ਜੇ. ਕਲੋਨੀ) | 82 | 82A | 1-1000 | 1001- |
| 69 | ਤ੍ਰਿ ਨਗਰ | 16 | ਐਮ.ਸੀ.ਪ੍ਰਾਇਮਰੀ ਸਕੂਲ (ਜੀ-ਬਲਾਕ ਸਕਰਪੁਰ) | 83 | 83A | 1-1000 | 1001- |
| 70 | ਤ੍ਰਿ ਨਗਰ | 16 | ਐਮ.ਸੀ.ਪ੍ਰਾਇਮਰੀ ਸਕੂਲ (ਐਫ-ਬਲਾਕ (ਤਾਮਿਲ) ਸਕਰਪੁਰ ਜੇ.ਜੇ. ਕਲੋਨੀ) | 85 | 85A | 1-1000 | 1001- |
| 71 | ਤ੍ਰਿ ਨਗਰ | 16 | ਸਰਕਾਰੀ ਸਹਿ-ਐਡ ਸੀਨੀਅਰ ਸੈਕੰਡਰੀ ਸਕੂਲ (ਨਾਰੰਗ ਕਲੋਨੀ, ਤ੍ਰਿਨਗਰ, ਦਿੱਲੀ) - 110035 | 120 | 120A | 1-1000 | 1001- |

**ਸਾਰੇ ਵੋਟਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ 05.02.2025 ਨੂੰ ਆਪਣੇ-ਆਪਣੇ ਪੋਲਿੰਗ ਸਟੇਸਨਾਂ ‘ਤੇ ਜਾਣ ਅਤੇ ਆਪਣੀ ਵੋਟ ਪਾਉਣ।**

(ਅੰਕਿਤਾ ਆਨੰਦ, ਆਈਏਐਸ
ਜ਼ਿਲ੍ਹਾ ਨਿਰਵਾਚਨ ਅਧਿਕਾਰੀ
ਉਤੱਰ ਪੱਛਮੀ ਜ਼ਿਲ੍ਹਾ

DIP/Shabdarth/Classified/0553/24-25

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਹੋਲਾ ਮਹੱਲਾ ਮੌਕੇ ਸ਼ਰਧਾਲੂਆਂ ਦੀ ਸਹੂਲਤ ਲਈ ਹੋਣਗੇ ਪੁਖਤਾ ਇੰਤਜਾਮ: ਹਿਮਾਸ਼ੂ ਜੈਨ ਡਿਪਟੀ ਕਮਿਸ਼ਨਰ

## ਮੇਲੇ ਦੌਰਾਨ ਪੁਖਤਾ ਸੁਰੱਖਿਆ ਪ੍ਰਬੰਧ, ਸੁਚਾਰੂ ਟ੍ਰੈਫਿਕ ਵਿਵਸਥਾ ਹੋਵੇਗੀ : ਗੁਲਨੀਤ ਖੁਰਾਨਾ ਐਸ.ਐਸ.ਪੀ

**ਸ੍ਰੀ ਆਨੰਦਪੁਰ ਸਾਹਿਬ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਹਿਮਾਂਸ਼ੂ ਜੈਨ ਆਈ.ਏ.ਐਸ ਡਿਪਟੀ ਕਮਿਸ਼ਨਰ ਅਤੇ ਗੁਲਨੀਤ ਖੁਰਾਨਾ ਐਸ.ਐਸ.ਪੀ ਰੂਪਨਗਰ ਨੇ ਅੱਜ ਸ੍ਰੀ ਅਨੰਦਪੁਰ ਸਾਹਿਬ ਵਿੱਚ ਹੋਲਾ ਮਹੱਲਾ ਤਿਉਹਾਰ ਦੇ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਤੇ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਵੱਖ ਵੱਖ ਵਿਭਾਗਾ ਦੇ ਅਧਿਕਾਰੀਆਂ ਨੂੰ ਸ਼ਰਧਾਲੂਆਂ ਦੀ ਸਹੂਲਤ ਲਈ ਕੀਤੇ ਜਾਣ ਵਾਲੇ ਅਗਾਓ ਪ੍ਰਬੰਧਾਂ ਬਾਰੇ ਦਿਸ਼ਾ ਨਿਰਦੇਸ਼ ਜਾਰੀ ਕੀਤੇ।



ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਹੋਲੇ ਮਹੱਲੇ ਦਾ ਤਿਉਹਾਰ ਕੀਰਤਪੁਰ ਸਾਹਿਬ ਵਿੱਚ 10,11,12 ਮਾਰਚ ਅਤੇ ਸ੍ਰੀ ਅਨੰਦਪੁਰ ਸਾਹਿਬ ਵਿੱਚ 13,14,15 ਮਾਰਚ ਨੂੰ ਮਨਾਇਆ ਜਾ ਰਿਹਾ ਹੈ। ਇਸ ਵਾਰ ਹੋਲਾ ਮਹੱਲਾ ਮੌਕੇ ਵਿਰਾਸਤੀ ਖੇਡਾਂ ਮੁੱਖ ਆਕਰਸ਼ਣ ਹੋਣਗੀਆਂ। ਉਨ੍ਹਾਂ ਨੇ ਦੱਸਿਆ ਕਿ ਉਪ ਮੰਡਲ ਮੈਜਿਸਟਰੇਟ,ਸ੍ਰੀ ਅਨੰਦਪੁਰ ਸਾਹਿਬ ਨੂੰ ਮੇਲਾ ਅਫਸਰ ਅਤੇ ਤਹਿਸੀਲਦਾਰ,ਸ੍ਰੀ ਅਨੰਦਪੁਰ ਸਾਹਿਬ ਨੂੰ ਸਹਾਇਕ ਮੇਲਾ ਅਫਸਰ ਨਿਯੁਕਤ ਕੀਤਾ ਗਿਆ।ਇਸ ਤੋਂ ਇਲਾਵਾ ਉਪ ਮੰਡਲ ਮੈਜਿਸਟਰੇਟ,ਮੋਰਿੰਡਾ ਨੂੰ ਕੀਰਤਪੁਰ ਸਾਹਿਬ ਲਈ ਸਹਾਇਕ ਮੇਲਾ ਅਫਸਰ ਨਿਯੁਕਤ ਕੀਤਾ ਗਿਆ।

ਉਨ੍ਹਾਂ ਨੇ ਅੱਗੇ ਦੱਸਿਆ ਕਿ ਮੇਨ ਸਿਵਲ ਕੰਟਰੋਲ ਰੂਮ ਪੁਲਿਸ ਥਾਣਾ,ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਾਪਿਤ ਕੀਤਾ ਜਾਵੇਗਾ, ਜਿੱਥੇ 24/7 ਕਰਮਚਾਰੀ/ ਅਧਿਕਾਰੀ ਤੈਨਾਤ ਹੋਣਗੇ। ਮੇਲਾ ਖੇਤਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਚ 11 ਸੈਕਟਰਾਂ ਵਿਚ ਅਤੇ ਕੀਰਤਪੁਰ ਸਾਹਿਬ ਨੂੰ 2 ਸੈਕਟਰਾਂ ਵਿਚ ਵੰਡਿਆ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ ਮੇਲਾ ਖੇਤਰ ਦੀ ਸਾਫ ਸਫਾਈ ਦੇ ਸੁਚਾਰੂ ਪ੍ਰਬੰਧ ਕੀਤੇ ਜਾਣਗੇ, ਫੋਗਿੰਗ, ਪਾਣੀ ਦਾ ਛਿੜਕਾਅ , ਗੰਦੇ ਪਾਣੀ ਦੀ ਨਿਕਾਸੀ, ਸ਼ਰਧਾਲੂਆਂ ਦੀ ਸਹੂਲਤ ਲਈ ਆਰਜ਼ੀ ਪਖਾਨੇ, ਮੈਡੀਕਲ ਸਿਹਤ ਸਹੂਲਤਾਂ ਦੀ ਢੁਕਵੀ ਵਿਵਸਥਾ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਹਰ ਸਬ ਕੰਟਰੋਲ ਰੂਮ ਵਿੱਚ ਮੈਡੀਕਲ ਡਿਸਪੈਂਸਰੀ, ਐਮਬੂਲੈਂਸ, ਸੁਰੱਖਿਆ ਫੋਰਸ ਤੈਨਾਤ ਹੋਵੇਗੀ। ਉਨ੍ਹਾਂ ਨੇ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹੋਲਾ ਮਹੱਲਾ ਦੌਰਾਨ ਲੱਖ ਸੰਗਤ ਸ੍ਰੀ ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਨਤਮਸਤਕ ਹੋਣ ਲਈ ਆਉਦੀ ਹੈ, ਇਸ ਲਈ ਖੁਰਾਕ ਅਤੇ ਜ਼ਰੂਰੀ ਵਸਤਾ ਦਾ ਉਪਲੱਬਧਤਾ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਨੇ ਹਦਾਇਤ ਕੀਤੀ ਕਿ ਖਾਣ ਪੀਣ ਦੀਆਂ ਵਸਤੂਆਂ ਦੇ ਮਿਆਰ ਦੀ ਗੁਣਵੱਤਾਂ ਦੀ ਪੜਤਾਲ ਨਿਰੰਤਰ ਕੀਤੀ ਜਾਵੇ। ਮੇਲਾ ਖੇਤਰ ਵਿੱਚ ਸ਼ਰਾਬ ਦੇ ਠੇਕੇ ਹੋਲਾ ਮਹੱਲਾ ਦੌਰਾਨ ਮੁਕੰਮਲ ਬੰਦ ਰਹਿਣਗੇ, ਨਸ਼ੇ ਅਤੇ ਹੋਰ ਮਾਦਕ ਵਸਤੂਆਂ ਦੀ ਵਿਕਰੀ ਰੋਕਣ ਲਈ ਸਖਤ ਕਦਮ ਪੁੱਟੇ ਜਾਣਗੇ। ਉਨ੍ਹਾਂ ਨੇ ਨਗਰ ਕੌਂਸਲ ਨੂੰ ਹਦਾਇਤ ਕੀਤੀ ਕਿ ਮੇਲੇ ਦੌਰਾਨ ਅਣਅਧਿਕਾਰਤ ਕਬਜ਼ੇ ਹੋਣ ਨਾਲ ਸੜਕਾਂ ਤੇ ਟਰੈਫਿਕ ਵਿਵਸਥਾ ਪ੍ਰਭਾਵਿਤ ਹੁੰਦੀ ਹੈ, ਇਸ ਦੇ ਲਈ ਨਜ਼ਾਇਜ ਕਬਜੇ ਕਰਨ ਵਾਲਿਆ ਵਿਰੁੱਧ ਵਿਸੇਸ਼ ਮੁਹਿੰਮ ਪਹਿਲਾ ਤੋਂ ਹੀ ਚਲਾਈ ਜਾਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਚਰਨ ਗੰਗਾ ਸਟੇਡੀਅਮ ਵਿਚ ਵਿਰਾਸਤੀ ਖੇਡਾਂ ਅਤੇ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਘੋੜ ਦੋੜ ਕਰਵਾਏ ਜਾਣਗੇ, ਇਸ ਦੇ ਲਈ ਸਟੇਡੀਅਮ ਦਾ ਸਫਾਈ, ਬੈਰੀਕੇਡਿੰਗ, ਲੈਵਲਿੰਗ ਦੇ ਅਗਾਓ ਪ੍ਰਬੰਧ ਕੀਤੇ ਜਾਣ। ਉਨ੍ਹਾਂ ਨੇ ਕਿਹਾ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਮੇਲਾ ਖੇਤਰ ਵਿੱਚ ਪੀਣ ਵਾਲੇ ਕਲੋਰੀਨੇਟਿਡ ਪਾਣੀ, ਸਫਾਈ ਅਤੇ ਪਸ਼ੂਆਂ ਲਈ ਡਿਸਪੈਂਸਰੀ ਦੇ ਪ੍ਰਬੰਧ ਕੀਤੇ ਜਾਣ। ਉਨ੍ਹਾਂ ਨੇ ਪਾਵਰ ਕਾਮ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ 24/7 ਬਿਜਲੀ ਸਪਲਾਈ ਦੇ ਪ੍ਰਬੰਧ ਯਕੀਨੀ ਬਣਾਏ ਜਾਣ ਅਤੇ ਲੰਗਰਾਂ ਨੂੰ ਆਰਜੀ ਬਿਜਲੀ ਕੁਨੈਕਸ਼ਨ ਦੇਣ ਦੀ ਵਿਵਸਥਾ ਕੀਤੀ ਜਾਵੇ। ਲੰਗਰਾਂ ਵਿੱਚ ਵਰਤੀ ਜਾਣ ਵਾਲੀ ਸਮੱਗਰੀ, ਪੀਣ ਵਾਲਾ ਪਾਣੀ ਅਤੇ ਸਫਾਈ ਦੀ ਵਿਵਸਥਾ ਨੂੰ ਵੀ ਸੁਚਾਰੂ ਕੀਤਾ ਜਾਵੇ। ਮੇਲਾ ਖੇਤਰ ਵਿੱਚ ਫਾਇਰ ਬਿਗ੍ਰੇਡ ਦੀਆਂ ਗੱਡੀਆਂ ਨੂੰ ਢੁਕਵੀਆਂ ਥਾਵਾਂ ਤੇ ਅਗਾਓ ਤਿਆਰ ਕੀਤਾ ਜਾਵੇ, ਨਹਿਰਾਂ ਦੇ ਨੇੜੇ ਗੋਤਾਖੋਰਾਂ ਦਾ ਵਿਸੇਸ਼ ਪ੍ਰਬੰਧ ਕੀਤਾ ਜਾਵੇਗਾ। ਹੋਲਾ ਮਹੱਲਾ ਦੌਰਾਨ ਵੱਖ ਵੱਖ ਵਿਭਾਗਾਂ ਦੀ ਪ੍ਰਗਤੀ ਨੂੰ ਦਰਸਾਉਦੀ ਰਾਜ ਪੱਧਰੀ ਪ੍ਰਦਰਸ਼ਨੀ ਲਗਾਈ ਜਾਵੇਗੀ। ਵਿਰਾਸਤ ਏ ਖਾਲਸਾ ਵਿਚ ਵੱਧ ਤੋ ਵੱਧ ਸੈਲਾਨੀਆਂ ਦੀ ਆਮਦ ਲਈ ਹੋਰ ਸੁਚਾਰੂ ਪ੍ਰਬੰਧ ਕੀਤੇ ਜਾਣਗੇ।

ਸ੍ਰੀ ਗੁਲਨੀਤ ਖੁਰਾਨਾ ਸੀਨੀਅਰ ਪੁਲਿਸ ਕਪਤਾਨ ਨੇ ਕਿਹਾ ਕਿ ਹੋਲਾ ਮਹੱਲਾ ਦੌਰਾਨ ਸ਼ਰਧਾਲੂਆਂ ਨੂੰ ਪੁਖਤਾ ਸੁਰੱਖਿਆ ਮੁਹੱਇਆ ਕਰਵਾਈ ਜਾਵੇਗੀ, ਸੁਚਾਰੂ ਟਰੈਫਿਕ ਵਿਵਸਥਾ ਦੇ ਪ੍ਰਬੰਧ ਹੋਣਗੇ। ਹਰ ਸੈਕਟਰ ਵਿੱਚ ਪੁਲਿਸ ਅਧਿਕਾਰੀ ਤੈਨਾਂਤ ਹੋਣਗੇ। ਗੈਰ ਸਮਾਜੀ ਅਨਸਰਾਂ ਤੇ ਨਜ਼ਰ ਰੱਖਣ ਲਈ ਵਾਚ ਟਾਵਰ ਲਗਾਏ ਜਾਣਗੇ, ਨਸ਼ੇ ਵੇਚਣ ਵਰਤਣ ਵਾਲਿਆ ਤੇ ਤਿੱਖੀ ਨਜ਼ਰ ਰਹੇਗੀ। ਸਾਈਲੈਂਸਰ ਤੋ ਬਿਨਾਂ ਮੋਟਰਸਾਈਕਲ ਚਲਾਉਣ ਵਾਲਿਆ ਤੇ ਵੀ ਸਖਤ ਕਾਰਵਾਈ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਿਆ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ ਮੇਲਾ ਖੇਤਰ ਵਿੱਚ ਸੁਚਾਰੂ ਟ੍ਰੈਫਿਕ ਪ੍ਰਬੰਧ ਲਈ ਬਦਲਵੇ ਰੂਟ ਬਣਾਏ ਜਾ ਰਹੇ ਹਨ, ਤਾਂ ਜੋ ਬਾਹਰਲੇ ਰਾਜਾਂ ਜਾਂ ਹੋਰ ਸ਼ਹਿਰਾ ਨੂੰ ਜਾਣ ਵਾਲੇ ਆਮ ਵਾਹਨ ਚਾਲਕਾਂ ਨੂੰ ਕੋਈ ਮੁਸ਼ਕਿਲ ਨਾ ਹੋਵੇ। ਇਸ ਉਪਰੰਤ ਅਧਿਕਾਰੀਆਂ ਨੇ ਸਮੁੱਚੇ ਮੇਲਾ ਖੇਤਰ ਦਾ ਦੌਰਾ ਕੀਤਾ, ਪਾਰਕਿੰਗ ਵਾਲੀਆ ਥਾਵਾਂ ਅਤੇ ਰੂਟ ਡਾਈਵਰਜ਼ਨ ਵਾਲੀਆਂ ਥਾਵਾਂ ਦਾ ਜਾਇਜ਼ਾ ਲਿਆ।

ਇਸ ਮੌਕੇਂ ਚੰਦਰ ਜਯੋਤੀ ਵਧੀਕ ਡਿਪਟੀ ਕਮਿਸ਼ਨਰ (ਵਿ), ਐਸਪੀ ਰਾਜਪਾਲ ਸਿੰਘ ਹੁੰਦਲ, ਭੁਪਿੰਦਰ ਸਿੰਘ ਚਾਨਾ ਐਸ.ਈ ਟੂਰੀਜਮ ਡਿਪਾਰਟਮੈਂਟ, ਜਸਪ੍ਰੀਤ ਸਿੰਘ ਐਸ.ਡੀ.ਐਮ ਸ੍ਰੀ ਅਨੰਦਪੁਰ ਸਾਹਿਬ, ਅਨਮਜੋਤ ਕੌਰ ਐਸ.ਡੀ.ਐਮ ਨੰਗਲ, ਸੁਖਪਾਲ ਸਿੰਘ ਐਸ.ਡੀ.ਐਮ ਮੋਰਿੰਡਾ, ਐਸਡੀਐਮ ਸ਼੍ਰੀ ਚਮਕੌਰ ਸਾਹਿਬ ਅਮਰੀਕ ਸਿੰਘ ਸਿੱਧੂ, ਆਰਟੀਓ ਗੁਰਵਿੰਦਰ ਸਿੰਘ ਜੋਹਲ, ਅਰਵਿੰਦਰਪਾਲ ਸਿੰਘ ਸੋਮਲ ਸਹਾਇਕ ਕਮਿਸ਼ਨਰ ਜਨਰਲ, ਅਜੇ ਸਿੰਘ ਡੀ.ਐਸ.ਪੀ, ਸੰਦੀਪ ਕੁਮਾਰ ਤਹਿਸੀਲਦਾਰ, ਹਰਜੀਤਪਾਲ ਸਿੰਘ ਐਕਸੀਅਨ, ਅਵਤਾਰ ਸਿੰਘ ਐਕਸੀਅਨ, ਸੁਰਿੰਦਰਪਾਲ ਸਿੰਘ ਐਕਸੀਅਨ, ਵਿਵੇਕ ਦੁਰੇਜਾ ਐਕਸੀਅਨ, ਗੁਰਸੋਹਣ ਸਿੰਘ ਰੈਡ ਕਰਾਸ, ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ, ਅਮਨਦੀਪ ਸਿੰਘ, ਸੁਰਿੰਦਰਪਾਲ ਸਿੰਘ ਉਪ ਜਿਲਾ ਸਿੱਖਿਆ ਅਫਸਰ ਤੇ ਵੱਡੀ ਗਿਣਤੀ ਵਿਚ ਵਿਭਾਗਾ ਦੇ ਅਧਿਕਾਰੀ ਹਾਜ਼ਰ ਸਨ।

# ਸੇਵਾ ਕੇਂਦਰਾਂ 'ਚ ਸਭ ਤੋਂ ਘੱਟ ਪੈਂਡੈਂਸੀ ਦੇ ਨਾਲ ਪਹਿਲੇ ਨੰਬਰ 'ਤੇ ਜ਼ਿਲ੍ਹਾ ਹੁਸ਼ਿਆਰਪੁਰ

**ਹੁਸ਼ਿਆਰਪੁਰ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੇਵਾ ਕੇਂਦਰਾਂ ਦੀ ਸਭ ਤੋਂ ਘੱਟ 0.05 ਫੀਸਦੀ ਪੈਂਡੈਂਸੀ ਨਾਲ ਜ਼ਿਲ੍ਹਾ ਹੁਸ਼ਿਆਰਪੁਰ ਪੰਜਾਬ ਭਰ ਵਿੱਚੋਂ ਪਹਿਲੇ ਸਥਾਨ ਤੇ ਰਿਹਾ ਹੈ। ਇਸ ਸਬੰਧੀ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਖੁਸ਼ੀ ਵਿਅਕਤ ਕਰਦੇ ਹੋਏ ਦੱਸਿਆ ਕਿ ਪਿਛਲੇ 1 ਸਾਲ ਦੌਰਾਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਸੇਵਾ ਕੇਂਦਰਾਂ ਵਿੱਚ ਕੁੱਲ 309333 ਅਰਜੀਆਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ 304282 ਅਰਜੀਆਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ, ਜੋ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਨਿਰੰਤਰ ਯਤਨਾਂ ਸਦਕਾ ਹੀ ਸੰਭਵ ਹੋ ਸਕਿਆ ਹੈ। ਇਸ ਤੋਂ ਇਲਾਵਾ ਸੈਂਡ ਬੈਕ ਕੇਸਾਂ ਦੀ ਗਿਣਤੀ ਸਭ ਤੋਂ ਘੱਟ 0.49 ਫੀਸਦੀ ਹੋਣ ਕਾਰਨ ਵੀ ਜ਼ਿਲ੍ਹਾ ਹੁਸ਼ਿਆਰਪੁਰ ਸੂਬੇ ਭਰ ਵਿੱਚੋਂ ਮੋਹਰੀ ਰਿਹਾ ਹੈ। ਉਨ੍ਹਾਂ ਨੇ ਇਸ ਪ੍ਰਾਪਤੀ ਲਈ ਸਮੂਹ ਅਧਿਕਾਰੀਆਂ/ ਕਰਮਚਾਰੀਆਂ ਦੀ ਹੌਸਲਾ ਅਫਜਾਈ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਇਹ ਰਿਕਾਰਡ ਕਾਇਮ ਰੱਖਣ ਲਈ ਹੱਲਾਸ਼ੇਰੀ ਦਿੱਤੀ।

ਜ਼ਿਲ੍ਹਾ ਆਈ.ਟੀ. ਮੈਨੇਜਰ ਕਰਮਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਥਿਤ 28 ਸੇਵਾ ਕੇਂਦਰਾਂ ਵਿੱਚ ਵੱਖ-ਵੱਖ ਵਿਭਾਗਾਂ ਦੀਆਂ ਕਰੀਬ 440 ਪ੍ਰਕਾਰ ਦੀਆਂ ਸੇਵਾਂਵਾਂ ਉਪਲੱਬਧ ਹਨ, ਜਿਨ੍ਹਾਂ ਦਾ ਨਾਗਰਿਕ ਸਮੇਂ-ਸਮੇਂ ਤੇ ਲਾਭ ਪ੍ਰਾਪਤ ਕਰ ਰਹੇ ਹਨ।ਇਸ ਤੋਂ ਇਲਾਵਾ ਪੰਜਾਬ ਸਰਕਾਰ ਵਲੋਂਆਮ ਨਾਗਰਿਕਾਂ ਦੀ ਦਫਤਰੀ ਖੱਜਲ-ਖੁਆਰੀ ਦੂਰ ਕਰਨ ਲਈ ਸਮੇਂ-ਸਮੇਂ 'ਤੇ ਨਵੀਂਆਂ ਸੇਵਾਵਾਂ ਨੂੰ ਸੇਵਾ ਕੇਂਦਰਾਂ ਦੀ ਸਰਵਿਸ ਵਿੱਚ ਸ਼ਾਮਿਲ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਲੋਕ ਹਿੱਤਨੂੰ ਮੁੱਖ ਰੱਖਦੇ ਹੋਏ, ਮਿੰਨੀ ਸਕੱਤਰੇਤ ਹੁਸ਼ਿਆਰਪੁਰ, ਐਸ.ਡੀ.ਐਮ ਦਫਤਰ ਮੁਕੇਰੀਆਂ, ਗੜ੍ਹਸ਼ੰਕਰ ਅਤੇ ਤਹਿਸੀਲ ਕੰਪਲੈਕਸ ਦਸੂਹਾ, ਟਾਂਡਾ ਵਿਖੇ ਸਥਿਤ ਸੇਵਾ ਕੇਂਦਰ ਐਤਵਾਰ ਦੇ ਦਿਨ ਵੀ ਖੋਲੇ ਜਾਂਦੇ ਹਨ। ਇਸ ਤੋਂ ਇਲਾਵਾ ਨਾਗਰਿਕ ਘਰ ਬੈਠੇ ਹੀ ਸੇਵਾਵਾਂ ਲੈਣ ਲਈ 1076 ਨੰਬਰ ਤੇ ਕਾਲ ਕਰ ਸਕਦੇ ਹਨ।

# ਨਗਰ ਨਿਗਮ ਵਲੋਂ ਸੀਵਰਮੈਨਾਂ ਲਈ ਨਮਸਤੇ ਸਕੀਮ ਦੀ ਸ਼ੁਰੂਆਤ

**ਹੁਸ਼ਿਆਰਪੁਰ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਿਸ਼ਨਰ ਨਗਰ ਨਿਗਮ ਡਾ. ਅਮਨਦੀਪ ਕੌਰ ਨੇ ਦੱਸਿਆ ਕਿ ਨਗਰ ਨਿਗਮ ਹੁਸਿਆਰਪੁਰ ਵਲੋਂ ਸੀਵਰਮੈਨਾਂ ਲਈ ਨਮਸਤੇ ਸਕੀਮ ਦੀ ਸੁਰੁਆਤ ਕੀਤੀ ਗਈ ਹੈ। ਇਸ ਸਕੀਮ ਨੂੰ ਨੈਸ਼ਨਲ ਸਫਾਈ ਕਰਮਚਾਰੀ ਫਾਇਨਾਂਸ ਅਤੇ ਡਿਵੈਲਪਮੈਂਟ ਕਾਰਪੋਰੇਸ਼ਨ ਵਲੋਂ ਲਾਗੂ ਕੀਤਾ ਜਾ ਰਿਹਾ ਹੈ । ਉਨ੍ਹਾਂ ਦੱਸਿਆ ਕਿ ਇਸ ਯੋਜਨਾ ਦਾ ਮੁੱਖ ਮੰਤਵ ਸੀਵਰੇਜ ਅਤੇ ਸੈਪਿਟਿਕ ਟੈਂਕ ਦੀ ਖਤਰਨਾਕ ਸਫਾਈ ਕਰਨ ਵਿੱਚ ਲੱਗੇ ਸੀਵਰਮੈਨਾਂ ਨੂੰ ਸੁਰਖਿਆ ਮੁਹੱਇਆਂ ਕਰਵਾਉਂਦੇ ਹੋਏ ਮਸੀਨੀ ਸਫਾਈ ਨੂੰ ਪ੍ਰੇਰਿਤ ਕਰਨਾ ਹੈ । ਇਸ ਲੜੀ ਤਹਿਤ ਸੀਵਰਮੈਨਾਂ ਨੂੰ ਪੀ.ਪੀ.ਈ ਕਿੱਟਾਂ, ਹੈਲਥ ਬੀਮਾਂ ਕਵਰੇਜ ਅਤੇ ਨਵੇਂ ਸਫਾਈ ਉਪਕਰਨਾਂ ਦੀ ਖਰੀਦ ਵਿੱਚ ਮਿਲਣ ਵਾਲੀ ਸਬਸਿਡੀ ਦਾ ਲਾਭ ਦਿੱਤਾ ਜਾਵੇਗਾ। ਇਸ ਯੋਜਨਾ ਦਾ ਲਾਭ ਲੈਣ ਲਈ ਨਗਰ ਨਿਗਮ ਹੁਸਿਆਰਪੁਰ ਦੇ ਦਫਤਰ ਵਿੱਖੇ ਸੰਪਰਕ ਕੀਤਾ ਜਾ ਸਕਦਾ ਹੈ ।

# ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਵਿੱਚ 'ਆਪ' ਉਮੀਦਵਾਰਾਂ ਲਈ ਕੀਤਾ ਪ੍ਰਚਾਰ, ਕਿਹਾ- 5 ਫਰਵਰੀ ਨੂੰ ਤੁਸੀਂ ਆਪਣੇ ਅਤੇ ਆਪਣੇ ਬੱਚਿਆਂ ਦੇ 5 ਸਾਲਾਂ ਦੇ ਭਵਿੱਖ ਦਾ ਫੈਸਲਾ ਕਰੋਗੇ

## ਮੁੱਖ ਮੰਤਰੀ ਮਾਨ ਦਾ ਦਿੱਲੀ ਵਿੱਚ ਦਾਅਵਾ: ਕਮਲ ਸਿਰ.ਫ ਗੰਦਗੀ ਵਿੱਚ ਉਗਦਾ ਹੈ, ਅਸੀਂ ਉਸ ਗੰਦਗੀ ਨੂੰ 'ਝਾੜੂ' ਨਾਲ ਸਾ.ਫ ਕੀਤਾ

**ਨਵੀਂ ਦਿੱਲੀ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਵਿੱਚ 'ਆਪ' ਉਮੀਦਵਾਰਾਂ ਲਈ ਪ੍ਰਚਾਰ ਕਰਦੇ ਹੋਏ ਤੁਗਲਕਾਬਾਦ ਅਤੇ ਗ੍ਰੇਟਰ ਕੈਲਾਸ਼ ਵਿੱਚ ਵਿਸ਼ਾਲ ਜਨਸਭਾਵਾਂ ਨੂੰ ਸੰਬੋਧਨ ਕੀਤਾ ਅਤੇ ਕਾਲਕਾਜੀ ਅਤੇ ਕਸਤੂਰਬਾ ਨਗਰ ਵਿੱਚ ਰੋਡ ਸ਼ੋਅ ਦੀ ਅਗਵਾਈ ਕੀਤੀ। ਮੁੱਖ ਮੰਤਰੀ ਮਾਨ ਨੇ ਦਿੱਲੀ ਦੇ ਲੋਕਾਂ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਟਕਰਾਅ, ਵੰਡ ਅਤੇ ਭ੍ਰਿਸ਼ਟਾਚਾਰ ਦੀ ਬਜਾਏ ਤਰੱਕੀ, ਸਿੱਖਿਆ ਅਤੇ ਸਿਹਤ ਸੰਭਾਲ ਨੂੰ ਚੁਣਨ ਦੀ ਅਪੀਲ ਕੀਤੀ।

ਤੁਗਲਕਾਬਾਦ ਵਿੱਚ ਮਾਨ ਨੇ ਕਿਹਾ ਕਿ ਵੋਟਰਾਂ ਨੂੰ ਇੱਕ ਮਹੱਤਵਪੂਰਨ ਚੋਣ ਕਰਨੀ ਪਵੇਗੀ- ਇੱਕ ਪਾਸੇ, ਟਕਰਾਅ ਅਤੇ ਨਫ਼ਰਤ ਨੂੰ ਉਤਸ਼ਾਹਿਤ ਕਰਨ ਵਾਲੀਆਂ ਪਾਰਟੀਆਂ ਹਨ, ਦੂਜੇ ਪਾਸੇ, 'ਆਪ' ਹੈ, ਜੋ ਸਿੱਖਿਆ, ਸਿਹਤ ਅਤੇ ਰੁਜ਼ਗਾਰ ਨੂੰ ਉਤਸ਼ਾਹਿਤ ਕਰ ਰਹੀ ਹੈ। ਇੱਕ ਪੱਖ ਤੁਹਾਡੇ ਤੋਂ ਖੋਹੰਦਾ ਹੈ, ਅਸੀਂ ਤੁਹਾਨੂੰ ਵਾਪਸ ਦਿੰਦੇ ਹਾਂ। ਦਿੱਲੀ ਨੂੰ ਆਪਣਾ ਅਤੇ ਆਪਣੇ ਬੱਚਿਆਂ ਦਾ ਭਵਿੱਖ ਤੈਅ ਕਰਨਾ ਚਾਹੀਦਾ ਹੈ।

ਮਾਨ ਨੇ ਅਰਵਿੰਦ ਕੇਜਰੀਵਾਲ ਦੇ ਸ਼ਾਸਨ ਮਾਡਲ ਦੀ ਸ਼ਲਾਘਾ ਕਰਦੇ ਹੋਏ ਕਿਹਾ, 10 ਸਾਲਾਂ ਤੋਂ, ਕੇਜਰੀਵਾਲ ਜੀ ਨੇ ਇਹ ਯਕੀਨੀ ਬਣਾਇਆ ਹੈ ਕਿ ਟੈਕਸਦਾਤਾਵਾਂ ਦੇ ਪੈਸੇ ਨਾਲ ਲੋਕਾਂ ਨੂੰ ਮੁਫ਼ਤ ਬਿਜਲੀ, ਸਾਫ਼ ਪਾਣੀ, ਚੰਗੇ ਸਕੂਲ, ਹਸਪਤਾਲ ਅਤੇ ਔਰਤਾਂ ਲਈ ਮੁਫ਼ਤ ਬੱਸ ਸੇਵਾਵਾਂ ਦਾ ਲਾਭ ਮਿਲੇ। ਇਹ 'ਮੁਫ਼ਤ' ਨਹੀਂ ਹੈ, ਇਹ ਸਹੀ ਸ਼ਾਸਨ ਹੈ। ਉਨ੍ਹਾਂ ਭਾਜਪਾ ਦੀ ਬਿਆਨਬਾਜ਼ੀ ਦੀ ਆਲੋਚਨਾ ਕਰਦੇ ਹੋਏ ਕਿਹਾ, ਉਹ 'ਆਪ' ਦੀਆਂ ਗਰੰਟੀਆਂ ਨੂੰ 'ਮੁਫ਼ਤ' ਕਹਿ ਕੇ ਮਜ਼ਾਕ ਉਡਾਉਂਦੇ ਹਨ, ਫਿਰ ਵੀ ਜਦੋਂ ਕੇਜਰੀਵਾਲ ਔਰਤਾਂ ਲਈ 2,100 ਰੁਪਏ ਦਾ ਐਲਾਨ ਕਰਦੇ ਹਨ ਤਾਂ ਉਹ ਖੁਦ 2,500 ਰੁਪਏ ਦਾ ਵਾਅਦਾ ਕਰਦੇ ਹਨ। ਜਨਤਾ ਜਾਣਦੀ ਹੈ ਕਿ ਕਿਸ 'ਤੇ ਭਰੋਸਾ ਕਰਨਾ ਹੈ।



ਕਾਲਕਾਜੀ ਵਿਖੇ ਮਾਨ ਨੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ 'ਆਪ' ਦੇ ਸਾਬਤ ਹੋਏ ਟਰੈਕ ਰਿਕਾਰਡ ਨੂੰ ਉਜਾਗਰ ਕੀਤਾ ਅਤੇ ਕਿਹਾ, ਅਸੀਂ ਜੋ ਵੀ ਵਾਅਦਾ ਕਰਦੇ ਹਾਂ ਉਸਨੂੰ ਪੂਰਾ ਕਰਦੇ ਹਾਂ, ਭਾਵੇਂ ਉਹ ਦਿੱਲੀ ਵਿੱਚ ਹੋਵੇ ਜਾਂ ਪੰਜਾਬ ਵਿੱਚ। ਪੰਜਾਬ ਵਿੱਚ, 90% ਘਰਾਂ ਦੇ ਜ਼ੀਰੋ ਬਿਜਲੀ ਦੇ ਬਿੱਲ ਆਉਂਦੇ ਹਨ ਕਿਉਂਕਿ ਅਸੀਂ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਦਾ ਵਾਅਦਾ ਕੀਤਾ ਸੀ।ਉਨ੍ਹਾਂ ਵੋਟਰਾਂ ਨੂੰ ਦਿੱਲੀ ਦੇ ਮੁੱਖ ਮੰਤਰੀ ਆਤਿਸ਼ੀ ਦਾ ਸਮਰਥਨ ਕਰਨ ਦੀ ਅਪੀਲ ਕੀਤੀ ਅਤੇ ਜਨ ਭਲਾਈ ਪ੍ਰਤੀ 'ਆਪ' ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਉਨ੍ਹਾਂ ਕਿਹਾ ਕਿ ਦਿੱਲੀ ਅਜਿਹੇ ਨੇਤਾਵਾਂ ਦੀ ਹੱਕਦਾਰ ਹੈ ਜੋ ਤੁਹਾਡੇ ਭਲਾਈ ਬਾਰੇ ਸੋਚਦੇ ਹਨ, ਆਪਣੇ ਮੁਨਾਫ਼ੇ ਬਾਰੇ ਨਹੀਂ। ਤਰੱਕੀ ਅਤੇ ਇਮਾਨਦਾਰੀ ਲਈ ਆਪਣਾ ਵੋਟ ਪਾਓ।

ਗ੍ਰੇਟਰ ਕੈਲਾਸ਼ ਵਿੱਚ ਮਾਨ ਨੇ 'ਆਪ' ਅਤੇ ਹੋਰ ਪਾਰਟੀਆਂ ਵਿਚਕਾਰ ਸਪੱਸ਼ਟ ਅੰਤਰ ਨੂੰ ਮਜ਼ਬੂਤ ਕਰਦੇ ਹੋਏ ਕਿਹਾ, ਇੱਕ ਧਿਰ ਗਾਲਾਂ ਕੱਢਦੀ ਹੈ ਅਤੇ ਨਫ਼ਰਤ ਫੈਲਾਉਂਦੀ ਹੈ,ਦੂਜੀ ਲੋਕਾਂ ਲਈ ਕੰਮ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ। ਅਰਵਿੰਦ ਕੇਜਰੀਵਾਲ ਦੇ ਦ੍ਰਿਸ਼ਟੀਕੋਣ ਨੇ ਸ਼ਾਸਨ ਨੂੰ ਬਦਲ ਦਿੱਤਾ ਹੈ, ਟੈਕਸਦਾਤਾਵਾਂ ਦੇ ਪੈਸੇ ਨੂੰ ਠੋਸ ਲਾਭਾਂ ਵਿੱਚ ਬਦਲ ਦਿੱਤਾ ਹੈ।

ਉਨ੍ਹਾਂ ਨੇ 'ਆਪ' ਦੀ ਪਾਰਦਰਸ਼ਤਾ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਕਿਵੇਂ ਪੰਜਾਬ ਸਰਕਾਰ ਨੇ ਜਨਤਕ ਜਾਇਦਾਦਾਂ ਦੀ ਰੱਖਿਆ ਲਈ ਇੱਕ ਨਿੱਜੀ ਥਰਮਲ ਪਲਾਂਟ ਵਾਪਸ ਖਰੀਦਿਆ। ਮਾਨ ਨੇ ਐਲਾਨ ਕੀਤਾ, ਅਸੀਂ ਨਿੱਜੀ ਲਾਭ ਲਈ ਜਨਤਕ ਸੰਸਥਾਵਾਂ ਨੂੰ ਨਹੀਂ ਵੇਚਦੇ ਅਸੀਂ ਉਨ੍ਹਾਂ ਨੂੰ ਮਜ਼ਬੂਤ ਕਰਦੇ ਹਾਂ।

ਮਾਨ ਨੇ ਭਾਜਪਾ ਦੀਆਂ ਸ਼ਾਸਨ ਵਿੱਚ ਅਸਫਲਤਾਵਾਂ 'ਤੇ ਵੀ ਵਰ੍ਹਦਿਆਂ ਅਤੇ ਕਿਹਾ ਐਮਸੀਡੀ ਦੇ 15 ਸਾਲ ਅਤੇ ਕੇਂਦਰ ਸਰਕਾਰ ਦੇ 11 ਸਾਲ - ਉਨ੍ਹਾਂ ਨੇ ਕੀ ਕੀਤਾ ਹੈ? ਇੱਕ ਵੀ ਸੀਵਰੇਜ ਦਾ ਢੱਕਣ ਲਗਾਉਣਾ ਇਕ ਪ੍ਰਾਪਤੀ ਹੋਵੇਗੀ! ਪਰ ਉਨ੍ਹਾਂ ਕੋਲ ਦਿਖਾਉਣ ਲਈ ਕੋਈ ਕੰਮ ਨਹੀਂ ਹੈ।

ਮਾਨ ਨੇ ਕਿਹਾ, ਭਾਜਪਾ 'ਜੁਮਲੇ' ਕਹਿੰਦੀ ਹੈ, ਪਰ ਅਸੀਂ ਅਸਲ ਕੰਮ ਕਰਦੇ ਹਾਂ। ਅਰਵਿੰਦ ਕੇਜਰੀਵਾਲ ਪੈਸੇ ਲਈ ਰਾਜਨੀਤੀ ਵਿੱਚ ਨਹੀਂ ਆਏ ਹਨ। ਉਹ ਇੱਕ ਆਈਆਰਐਸ ਅਧਿਕਾਰੀ ਸਨ, ਪਰ ਉਨ੍ਹਾਂ ਨੇ ਲੋਕਾਂ ਦੀ ਸੇਵਾ ਕਰਨ ਲਈ ਉਹ ਨੌਕਰੀ ਛੱਡ ਦਿੱਤੀ। ਮੈਂ ਇੱਕ ਕਾਮੇਡੀਅਨ ਵਜੋਂ ਆਪਣਾ ਸਫਲ ਕਰੀਅਰ ਇਸ ਲਈ ਛੱਡ ਦਿੱਤਾ ਕਿਉਂਕਿ ਰਾਜਨੀਤੀ ਵਿੱਚ ਲੋਕ ਭ੍ਰਿਸ਼ਟ ਸਨ ਅਤੇ ਸਿਸਟਮ ਨੂੰ ਸਫਾਈ ਦੀ ਲੋੜ ਸੀ। ਅਸੀਂ ਪੰਜਾਬ ਵਿੱਚ ਬਿਨਾਂ ਕਿਸੇ ਰਿਸ਼ਵਤ ਜਾਂ ਪੱਖਪਾਤ ਦੇ 50,000 ਨੌਕਰੀਆਂ ਦਿੱਤੀਆਂ।ਅਸੀਂ ਕੰਮ ਕਰ ਸਕਦੇ ਹਾਂ ਕਿਉਂਕਿ ਸਾਡੇ ਇਰਾਦੇ ਸਾਫ਼ ਹਨ। ਉਹ ਪੁੱਛਦੇ ਹਨ ਕਿ ਭਾਜਪਾ ਦਿੱਲੀ ਅਤੇ ਪੰਜਾਬ ਵਿੱਚ ਕਿਉਂ ਨਹੀਂ ਜਿੱਤ ਸਕਦੀ, ਮੈਂ ਉਨ੍ਹਾਂ ਨੂੰ ਦੱਸਦਾ ਹਾਂ ਕਿਉਂਕਿ ਕਮਲ ਸਿਰਫ਼ ਗੰਦਗੀ ਵਿੱਚ ਹੀ ਉਗਦਾ ਹੈ, ਪਰ ਅਸੀਂ ਦਿੱਲੀ ਅਤੇ ਪੰਜਾਬ ਵਿੱਚ ਉਸ ਗੰਦਗੀ ਨੂੰ 'ਝਾੜੂ' ਨਾਲ ਸਾਫ਼ ਕਰ ਦਿੱਤਾ ਹੈ।

ਮੁੱਖ ਮੰਤਰੀ ਨੇ ਵੋਟਰਾਂ ਨੂੰ ਆਖਰੀ ਸਮੇਂ 'ਤੇ ਹੋਣ ਵਾਲੀ ਰਿਸ਼ਵਤ ਤੋਂ ਸੁਚੇਤ ਰਹਿਣ ਦੀ ਅਪੀਲ ਕਰਦਿਆਂ ਕਿਹਾ ਜੇਕਰ ਕੋਈ ਤੁਹਾਨੂੰ ਪੈਸੇ ਦੀ ਪੇਸ਼ਕਸ਼ ਕਰਦਾ ਹੈ ਤਾਂ ਲੈ ਲਓ - ਇਹ ਤੁਹਾਡੇ ਟੈਕਸ ਦਾ ਪੈਸਾ ਹੈ - ਪਰ 5 ਫਰਵਰੀ ਨੂੰ, 'ਆਪ' ਨੂੰ ਵੋਟ ਕਰੋ।

# ਜਾਗਰੂਕਤਾ ਕੈਂਪ ਦੌਰਾਨ 179 ਤੋਂ ਵੱਧ ਮਹਿਲਾਵਾਂ ਦੀ ਸਿਹਤ ਜਾਂਚ



**ਮਲੇਰਕੋਟਲਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਸਰਕਾਰ ਵਲੋਂ ਡਿਪਟੀ ਕਮਿਸ਼ਨਰ ਡਾ ਪੱਲਵੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੀਆਂ ਔਰਤਾਂ ਨੂੰ ਸਿਹਤ ਪੱਖੋਂ ਤੰਦਰੁਸਤ ਰੱਖਣ ਅਤੇ ਲੋਕ ਭਲਾਈ ਸਕੀਮਾਂ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਅੱਜ ਪੰਜਾਬ ਉਰਦੂ ਅਕਾਦਮੀ ਵਿਖੇ ਵਿਸੇ ?ਸ਼ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ ।

ਇਸ ਕੈਂਪ ਦਾ ਆਯੋਜਨ ਕਰਨ ਦਾ ਮਨਰੋਥ ਪੰਜਾਬ ਸਰਕਾਰ ਵਲੋਂ ਔਰਤਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਤੋਂ ਅਵਗਤ ਕਰਵਾਉਣ ਦੇ ਨਾਲ ਨਾਲ ਔਰਤਾਂ ਨੂੰ ਨਿੱਜੀ ਸਾਫ ਸਫਾਈ ਤੇ ਸਿਹਤ ਸਬੰਧੀ ਜਾਗਰੂਕਤਾ ਪੈਦਾ ਕਰਨਾ ਹੈ ।

ਜ਼ਿਲ੍ਹਾ ਪ੍ਰੋਗਰਾਮ ਅਫਸਰ ਅਨੂ ਰਤਨ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਔਰਤਾਂ ਦੀ ਸਿਹਤ ਜਾਂਚ ਤੇ ਇਲਾਜ ਲਈ ਅਨੇਕਾਂ ਯੋਜਨਾਵਾਂ ਲਾਗੂ ਹਨ, ਜਿਨ੍ਹਾਂ ਦਾ ਲਾਭ ਲੈ ਕੇ ਮਹਿਲਾਵਾਂ ਨਿਰੋਗ ਸਮਾਜ ਦੀ ਸਿਰਜਣਾ ਵਿਚ ਵੱਡੀ ਭੂਮਿਕਾ ਨਿਭਾ ਸਕਦੀਆਂ ਹਨ।

ਸਹਾਇਕ ਸਿਵਲ ਸਰਜਨ ਡਾ ਸਜੀਲਾ ਖ਼ਾਨ ਨੇ ਦੱਸਿਆ ਕਿ ਸਿਹਤ ਵਿਭਾਗ ਵਲੋਂ ਜਿਲ੍ਹੇ ਵਿਚ ਔਰਤਾਂ ਦੀ ਸਿਹਤ ਸੰਭਾਲ ਬਾਰੇ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਸਿਵਲ ਹਸਪਤਾਲਾਂ ਅੰਦਰ ਕੈਂਪ ਲਗਾਕੇ ਮੁਫਤ ਸਿਹਤ ਜਾਂਚ ਤੇ ਇਲਾਜ ਦੀ ਸਹੂਲਤ ਦਿੱਤੀ ਜਾ ਰਹੀ ਹੈ।ਇਸ ਕੈਂਪ ਦੌਰਾਨ 179 ਤੋਂ ਵੱਧ ਮਹਿਲਾਵਾਂ ਦੀ ਸਿਹਤ ਜਾਂਚ ਕੀਤੀ ਗਈ ਜਿਨ੍ਹਾਂ ਵਿੱਚੋ ਕਰੀਬ 36 ਔਰਤਾਂ ਨੂੰ ਐਡਵਾਂਸ ਚੈੱਕਅੱਪ ਕਰਵਾਉਣ ਲਈ ਰੇਫਰ ਕੀਤਾ ਗਿਆ । ਕਰੀਬ 48 ਔਰਤਾਂ ਦੀ ਅੱਖਾਂ ਦੀ ਜਾਂਚ ਅਤੇ 36 ਔਰਤਾਂ ਦੇ ਖੂਨ ਦੇ ਨਮੂਨੇ ਲਏ ਗਏ ।

ਇਸ ਮੌਕੇ ਜਿਲ੍ਹਾ ਰੋਜ਼ਗਾਰ ਬਿਊਰੋ ਦੇ ਸਹਿਯੋਗ ਨਾਲ ਔਰਤਾਂ ਲੜਕੀਆਂ ਨੂੰ ਰੋਜਗਾਰ ਦੇ ਮੌਕੇ ਪ੍ਰਦਾਨ ਕਰਨ ਲਈ 08 ਕੰਪਨੀਆਂ ਨੇ ਹਿੱਸਾ ਲਿਆ, ਜਿਨ੍ਹਾਂ ਨੇ ਮੌਕੇ ਤੇ ਕਰੀਬ 140 ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ।ਇਸ ਮੌਕੇ ਜਿਲ੍ਹਾ ਰੋਜ਼ਗਾਰ ਬਿਊਰੋ ਵਲੋਂ ਲੜਕੀਆਂ ਨੂੰ ਹੁਨਰ ਵਿਕਾਸ ਤੇ ਰੋਜ਼ਗਾਰ ਪ੍ਰਾਪਤੀ ਦੇ ਮੌਕਿਆਂ ਬਾਰੇ ਜਾਣਕਾਰੀ ਦਿੱਤੀ ਗਈ। ਸੀ.ਡੀ.ਪੀ.ਓ. ਦਫਤਰ ਵਲੋਂ ਲਗਾਏ ਗਏ ਕੈਂਪ ਦੌਰਾਨ ਗਰਭਵਤੀ ਔਰਤਾਂ ਨੂੰ ਪ੍ਰਧਾਨ ਮੰਤਰੀ ਵਾਤਰੂ ਵੰਦਨਾ ਯੋਜਨਾ ਸਕੀਮ ਅਧੀਨ ਰਜਿਸਟਰਡ ਵੀ ਕੀਤਾ ਗਿਆ।ਇਸ ਮੌਕੇ ਸੀ.ਡੀ.ਪੀ.ਓ ਪਵਨ ਕੁਮਾਰ, ਬਾਲ ਵਿਕਾਸ ਪ੍ਰੋਜੈਕਟ ਅਫਸਰ, ਸੁਨਾਮ-1ਰੇਖਾ ਰਾਣੀ, ਬਾਲ ਵਿਕਾਸ ਪ੍ਰੋਜੈਕਟ ਅਫਸਰ, ਭਵਾਨੀਗੜ੍ਹ ਨੇਹਾ ਸਿੰਘ, ਡੀ.ਐਚ.ਓ ਡਾ. ਪੁਨੀਤ ਸਿੱਧੂ., ਮੈਡੀਕਲ ਅਫਸਰ ਡਾ. ਸ਼ਬੀਨਾ ਬੇਗਮ, ਔਰਤ ਦੇ ਮਾਹਿਰ ਡਾ. ਖੁਸ਼ਪ੍ਰੀਤ ਕੌਰ, ਅਪਥਾਲਮਿਕ ਅਫਸਰ ਡਾ. ਹਰਿੰਦਰ ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ । ਇਸ ਮੌਕੇ ਮਹਿਲਾਵਾਂ ਨੂੰ ਸੈਨੇਟਰੀ ਪੈਡ ਦੀ ਵੰਡੇ ਗਏ।

# ਦਿੱਲੀ ਵਿੱਚ ਪੰਜਾਬ ਸੀਐਮ ਅਵਾਸ ਕਪੂਰਥਲਾ ਹਾਊਸ 'ਤੇ ਚੋਣ ਕਮਿਸ਼ਨ ਦੇ ਛਾਪੇ ਦੀ ਆਪ' ਆਗੂਆਂ ਨੇ ਕੀਤੀ ਸਖ਼ਤ ਨਿੰਦਾ

## ਚੋਣ ਕਮਿਸ਼ਨ ਅਜਿਹੇ ਛਾਪੇ ਮਾਰਨ ਤੋਂ ਪਹਿਲਾਂ ਖੁੱਲ੍ਹੇਆਮ ਪੈਸੇ ਵੰਡਣ ਵਾਲੇ ਭਾਜਪਾ ਆਗੂਆਂ ਖਿਲਾਫ ਨੋਟਿਸ ਲਵੇ: ਹਰਪਾਲ ਚੀਮਾ

**ਚੰਡੀਗੜ੍ਹ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਆਗੂਆਂ ਨੇ ਦਿੱਲੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਕਪੂਰਥਲਾ ਹਾਊਸ 'ਤੇ ਚੋਣ ਕਮਿਸ਼ਨ ਦੇ ਛਾਪੇ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। 'ਆਪ' ਆਗੂਆਂ ਨੇ ਇਸ ਘਟਨਾ ਦੀ ਸਖ਼ਤ ਆਲੋਚਨਾ ਕੀਤੀ ਅਤੇ ਇਸ ਨੂੰ ਬਦਲੇ ਦੀ ਭਾਵਨਾ ਤੋਂ ਪ੍ਰੇਰਿਤ ਕਾਰਵਾਈ ਕਰਾਰ ਦਿੱਤਾ।

ਇਸ ਘਟਨਾ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰਕੇ ਲਿਖਿਆ, ਅੱਜ ਦਿੱਲੀ ਪੁਲਿਸ ਦੇ ਨਾਲ ਚੋਣ ਕਮਿਸ਼ਨ ਦੀ ਟੀਮ ਦਿੱਲੀ ਵਿੱਚ ਮੇਰੇ ਘਰ ਕਪੂਰਥਲਾ ਹਾਊਸ ਰੇਡ ਕਰਨ ਪਹੁੰਚੀ ਹੈ। ਦਿੱਲੀ 'ਚ ਬੀਜੇਪੀ ਵਾਲੇ ਸ਼ਰ੍ਹੇਆਮ ਪੈਸੇ ਵੰਡ ਰਹੇ ਨੇ ਪਰ ਦਿੱਲੀ ਪੁਲਿਸ ਤੇ ਚੋਣ ਕਮਿਸ਼ਨ ਨੂੰ ਕੁੱਝ ਵੀ ਨਹੀਂ ਦਿਖ ਰਿਹਾ। ਇਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਹੋ ਰਹੀ।ਇੱਕ ਤਰੀਕੇ ਨਾਲ ਦਿੱਲੀ ਪੁਲਿਸ ਤੇ ਚੋਣ ਕਮਿਸ਼ਨ ਬੀਜੇਪੀ ਦੇ ਇਸ਼ਾਰੇ 'ਤੇ ਪੰਜਾਬੀਆਂ ਨੂੰ ਬਦਨਾਮ ਕਰ ਰਹੀ ਹੈ, ਜੋਕਿ ਬਹੁਤ ਹੀ ਨਿੰਦਣਯੋਗ ਹੈ।

'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਭਾਜਪਾ ਹਾਰ ਤੋਂ ਡਰੀ ਹੋਈ ਹੈ ਅਤੇ ਇਸ ਲਈ ਚੋਣਾਂ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਪਰਵੇਸ਼ ਵਰਮਾ ਲਗਾਤਾਰ ਪੈਸੇ ਵੰਡ ਰਹੇ ਹਨ ਪਰ ਚੋਣ ਕਮਿਸ਼ਨ ਨੇ ਉਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਭਾਜਪਾ ਦੇ ਇਸ਼ਾਰੇ 'ਤੇ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦਾ ਰਵੱਈਆ ਬਹੁਤ ਪੱਖਪਾਤੀ ਹੈ। ਉਹ ਖੁੱਲ੍ਹ ਕੇ ਭਾਜਪਾ ਦਾ ਸਮਰਥਨ ਕਰ ਰਿਹਾ ਹੈ। ਉਨ੍ਹਾਂ ਨੂੰ ਭਾਜਪਾ ਆਗੂਆਂ ਖ਼ਿਲਾਫ਼ ਕੁਝ ਨਜ਼ਰ ਨਹੀਂ ਆਉਂਦਾ ਜਦੋਂਕਿ ਉਨ੍ਹਾਂ ਦੇ ਆਗੂਆਂ ਖ਼ਿਲਾਫ਼ ਲਗਾਤਾਰ ਪੈਸੇ ਵੰਡਣ ਦੀਆਂ ਖ਼ਬਰਾਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਚੋਣਾਂ ਵਿੱਚ ਪੰਜਾਬੀਆਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਅਰੋੜਾ ਨੇ ਭਾਜਪਾ ਉਮੀਦਵਾਰ ਕੈਲਾਸ਼ ਗਹਿਲੋਤ ਦੀ ਵੀ ਉਦਾਹਰਨ ਦਿੱਤੀ ਕਿ ਕਿਸ ਤਰ੍ਹਾਂ ਉਹ ਆਪਣੇ ਚੋਣ ਦਫ਼ਤਰ ਵਿੱਚ ਲੋਕਾਂ ਨੂੰ ਪੈਸੇ ਵੰਡ ਰਹੇ ਸੀ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ 'ਆਪ' ਆਗੂਆਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਗਈ ਸੀ ਪਰ ਜਾਂਚ ਏਜੰਸੀਆਂ ਦੇ ਹੱਥ ਕੁਝ ਨਹੀਂ ਲੱਗਾ। ਇਸ ਵਾਰ ਵੀ ਕੁਝ ਹਾਸਲ ਨਹੀਂ ਹੋਣ ਵਾਲਾ।

ਅਮਨ ਅਰੋੜਾ ਨੇ ਆਪਣੇ ਐਕਸ ਅਕਾਊਂਟ 'ਤੇ ਲਿਖਿਆ ਕਿ ਭਾਜਪਾ ਆਮ ਆਦਮੀ ਪਾਰਟੀ ਦੀ ਜਿੱਤ ਅਤੇ ਆਪਣੀ ਹਾਰ ਨੂੰ ਭਾਜਪਾ ਸਵੀਕਾਰ ਨਹੀਂ ਕਰ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਦੀ ਦਿੱਲੀ ਸਥਿਤ ਰਿਹਾਇਸ਼ 'ਤੇ ਛਾਪੇਮਾਰੀ ਭਾਜਪਾ ਦੀ ਪੰਜਾਬ ਅਤੇ ਪੰਜਾਬੀਆਂ ਨਾਲ ਕੀਤੀ ਜਾ ਰਹੀ ਬਦਲਾਖੋਰੀ ਦੀ ਅਗਲੀ ਕੜੀ ਹੈ ਜਿਸ ਨੂੰ ਨਾ ਤਾਂ ਪੰਜਾਬ ਦੇ ਲੋਕ ਅਤੇ ਨਾ ਹੀ ਦਿੱਲੀ ਦੇ ਲੋਕ ਬਰਦਾਸ਼ਤ ਕਰਨਗੇ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਦਿੱਲੀ ਪੁਲੀਸ ਨਾਲ ਮਿਲ ਕੇ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਛਾਪੇਮਾਰੀ ਅਤਿ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਇੱਕ ਚੁਣੇ ਹੋਏ ਮੁੱਖ ਮੰਤਰੀ ਹਨ ਅਤੇ ਅਜਿਹੀਆਂ ਕਾਰਵਾਈਆਂ ਤੋਂ ਗੰਦੀ ਰਾਜਨੀਤੀ ਦਾ ਬੂ ਆਉਂਦੀ ਹੈ। ਅਜਿਹੇ ਛਾਪੇ ਮਾਰਨ ਤੋਂ ਪਹਿਲਾਂ ਚੋਣ ਕਮਿਸ਼ਨ ਨੂੰ ਭਾਜਪਾ ਆਗੂਆਂ ਵੱਲੋਂ ਖੁੱਲ੍ਹੇਆਮ ਪੈਸੇ ਵੰਡਣ ਦਾ ਨੋਟਿਸ ਲੈਣਾ ਚਾਹੀਦਾ ਹੈ।

ਆਪ' ਵਿਧਾਇਕ ਜੀਵਨ ਜੋਤ ਕੌਰ ਨੇ ਵੀ ਇਸ ਘਟਨਾ ਦੀ ਨਿੰਦਾ ਕੀਤੀ ਅਤੇ ਪੁੱਛਿਆ ਕਿ ਚੋਣ ਕਮਿਸ਼ਨ ਪਰਵੇਸ਼ ਵਰਮਾ ਦੇ ਘਰ ਕਦੋਂ ਛਾਪਾ ਮਾਰੇਗਾ? ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਭਾਜਪਾ ਦੇ ਇਸ਼ਾਰੇ 'ਤੇ ਨੱਚ ਰਿਹਾ ਹੈ। ਇਹ ਬਹੁਤ ਨਿੰਦਣਯੋਗ ਹੈ।

# ਪੰਜਾਬ ਦੇ ਕਿਰਤ ਵਿਭਾਗ ਦੇ 100 ਫੀਸਦ ਕੰਪਿਊਟਰੀਕਰਨ ਦੀ ਕੌਮੀ ਪੱਧਰ 'ਤੇ ਭਰਵੀਂ ਸ਼ਲਾਘਾ

## ਕਿਰਤ ਮੰਤਰੀ ਸੌਂਦ ਨੇ ਈ-ਸ਼੍ਰਮ ਅਧੀਨ ਰਜਿਸਟਰਡ ਕਾਮਿਆਂ ਨੂੰ ਸਿਹਤ ਬੀਮਾ, ਪੈਨਸ਼ਨਾਂ ਅਤੇ ਹੋਰ ਲਾਭ ਪ੍ਰਦਾਨ ਕਰਨ ਦਾ ਦਿੱਤਾ ਸੁਝਾਅ

**ਚੰਡੀਗੜ੍ਹ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਿਰਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਬੀਤੀ ਸ਼ਾਮ ਨਵੀਂ ਦਿੱਲੀ ਵਿਖੇ ਕਿਰਤ ਮੰਤਰੀਆਂ ਅਤੇ ਕਿਰਤ ਸਕੱਤਰਾਂ ਦੀ ਦੋ-ਰੋਜ਼ਾ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰਸਤਾਵ ਰੱਖਿਆ ਕਿ ਈ-ਸ਼੍ਰਮ ਅਧੀਨ ਰਜਿਸਟਰਡ ਕਾਮਿਆਂ ਨੂੰ ਸਿਹਤ ਬੀਮਾ, ਉਨ੍ਹਾਂ ਦੇ ਬੱਚਿਆਂ ਲਈ ਵਜ਼ੀਫਾ ਅਤੇ ਰਿਟਾਇਰਮੈਂਟ ਤੋਂ ਬਾਅਦ ਪੈਨਸ਼ਨ ਲਾਭ ਪ੍ਰਦਾਨ ਕੀਤੇ ਜਾਣ।

ਕਾਨਫਰੰਸ ਦੌਰਾਨ ਸੌਂਦ ਨੇ ਇਸ ਮੁੱਦੇ ਸਬੰਧੀ ਕੇਂਦਰੀ ਕਿਰਤ ਮੰਤਰੀ ਨਾਲ ਵਿਚਾਰ-ਚਰਚਾ ਵੀ ਕੀਤੀ। ਉਨ੍ਹਾਂ ਨੇ ਆਈ.ਟੀ.ਆਈ. ਅਤੇ ਪੌਲੀਟੈਕਨਿਕ ਰਾਹੀਂ ਹੁਨਰ ਦੀ ਪਛਾਣ ਅਤੇ ਸਿਖਲਾਈ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਕਾਮਿਆਂ ਲਈ ਹੁਨਰ ਵਿਕਾਸ ਅਤੇ ਨਿਰੰਤਰ ਸਹਾਇਤਾ ਦੀ ਲੋੜ ਨੂੰ ਉਜਾਗਰ ਕੀਤਾ।

ਕੇਂਦਰੀ ਕਿਰਤ ਅਤੇ ਰੋਜ਼ਗਾਰ ਮੰਤਰੀ ਡਾ. ਮਨਸੁਖ ਮਾਂਡਵੀਆ ਦੀ ਪ੍ਰਧਾਨਗੀ ਹੇਠ ਹੋਈ ਇਸ ਦੋ-ਰੋਜ਼ਾ ਕਾਨਫਰੰਸ ਦਾ ਉਦੇਸ਼ ਕਿਰਤ ਭਲਾਈ ਦੀ ਦਿਸ਼ਾ ਵਿੱਚ ਬਿਹਤਰ ਅਭਿਆਸਾਂ 'ਤੇ ਚਰਚਾ ਕਰਨਾ ਅਤੇ ਕਾਮਿਆਂ ਨੂੰ ਦਰਪੇਸ਼ ਮੁੱਖ ਚੁਣੌਤੀਆਂ ਨੂੰ ਹੱਲ ਕਰਨਾ ਸੀ।




ਪੰਜਾਬ ਦੇ ਕਿਰਤ ਸਕੱਤਰ ਮਨਵੇਸ਼ ਸਿੰਘ ਸਿੱਧੂ ਨੇ ਇਸ ਕਾਨਫਰੰਸ ਦੌਰਾਨ ਸੂਬੇ ਦੇ ਕਿਰਤ ਵਿਭਾਗ ਦੇ 100 ਫੀਸਦ ਕੰਪਿਊਟਰੀਕਰਨ ਬਾਰੇ ਜਾਣਕਾਰੀ ਦਿੱਤੀ, ਜਿਸ ਸਦਕਾ ਵਿਭਾਗ ਦਾ ਕੰਮਕਾਜ ਹੁਣ ਪੂਰੀ ਤਰ੍ਹਾਂ ਕਾਗਜ਼ ਰਹਿਤ, ਪਾਰਦਰਸ਼ੀ ਅਤੇ ਕੁਸ਼ਲ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਕਿਵੇਂ ਇਸ ਪਹਿਲਕਦਮੀ ਸਦਕਾ ਜਵਾਬਦੇਹੀ ਵਧਣ ਦੇ ਨਾਲ-ਨਾਲ ਕਾਰੋਬਾਰ 'ਚ ਆਸਾਨੀ ਅਤੇ ਸੇਵਾਵਾਂ ਪ੍ਰਦਾਨ ਕਰਨਾ ਵਧੇਰੇ ਸੁਖਾਲਾ ਹੋ ਗਿਆ ਹੈ।

ਜ਼ਿਕਰਯੋਗ ਹੈ ਕਿ ਕਾਨਫਰੰਸ ਵਿੱਚ ਪੰਜਾਬ ਦੇ ਕਿਰਤ ਵਿਭਾਗ ਅਤੇ ਕਿਰਤੀ ਸਹਾਇਕ ਐਪ ਦੀ ਵੀ ਭਰਪੂਰ ਸ਼ਲਾਘਾ ਕੀਤੀ ਗਈ। ਦੱਸਣਯੋਗ ਹੈ ਕਿ ਕਿਰਤੀ ਸਹਾਇਕ ਐਪ ਉਸਾਰੀ ਕਾਮਿਆਂ ਦੀ ਕਿਸੇ ਵੀ ਥਾਂ ਤੋਂ ਕਿਸੇ ਵੀ ਸਮੇਂ ਰਜਿਸਟ੍ਰੇਸ਼ਨ ਦੀ ਸਹੂਲਤ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ ਇਹ ਐਪ ਬਾਇਓਮੈਟ੍ਰਿਕ ਪ੍ਰਮਾਣਿਕਤਾ ਲਈ ਆਧਾਰ ਈ-ਕੇਵਾਈਸੀ ਦੀ ਵਰਤੋਂ ਕਰਦੀ ਹੈ ਅਤੇ ਸੇਵਾਵਾਂ ਦੀ ਸਮਾਂਬੱਧ ਡਲਿਵਰੀ ਨੂੰ ਯਕੀਨੀ ਬਣਾਉਂਦੀ ਹੈ।

ਕਾਨਫਰੰਸ ਦੌਰਾਨ ਉਸਾਰੀ ਕਾਮਿਆਂ ਦੀ ਭਲਾਈ ਲਈ ਬਿਹਤਰ ਅਭਿਆਸਾਂ, ਈ.ਐਸ.ਆਈ.ਸੀ. ਨੂੰ ਏ.ਬੀ.ਜੇ.ਏ.ਵਾਈ. ਸਕੀਮ ਨਾਲ ਜੋੜਨ ਅਤੇ ਮੁੱਢਲੀਆਂ ਸਿਹਤ-ਸੰਭਾਲ ਸੇਵਾਵਾਂ ਵਰਗੇ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਈ-ਸ਼੍ਰਮ ਰਾਹੀਂ ਅਸੰਗਠਿਤ ਕਾਮਿਆਂ ਦੀ ਰਜਿਸਟ੍ਰੇਸ਼ਨ ਨੂੰ ਵਧਾਉਣ, ਨੈਸ਼ਨਲ ਕਰੀਅਰ ਸਰਵਿਸ ਲਈ ਰੋਡਮੈਪ ਨੂੰ ਪਰਿਭਾਸ਼ਿਤ ਕਰਨ, ਪ੍ਰਧਾਨ ਮੰਤਰੀ ਸਿੱਖਿਆ ਅਤੇ ਰੋਜ਼ਗਾਰ ਲਾਉਂਜ ਵਰਗੀਆਂ ਪਹਿਲਕਦਮੀਆਂ ਦੀ ਪੜਚੋਲ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ।

ਕਾਨਫਰੰਸ 'ਚ ਹੋਰਨਾਂ ਤੋਂ ਇਲਾਵਾ ਪੀ.ਡੀ.ਸੀ. ਮੈਂਬਰ ਅਨੁਰਾਗ ਕੁੰਡੂ, ਕਿਰਤ ਮੰਤਰੀ ਦੇ ਸਲਾਹਕਾਰ ਕਰੁਣ ਅਰੋੜਾ ਅਤੇ ਬੀ.ਓ.ਸੀ.ਡਬਲਿਊ. ਵੈਲਫੇਅਰ ਬੋਰਡ ਦੇ ਉਪ ਸਕੱਤਰ ਜਸ਼ਨਦੀਪ ਸਿੰਘ ਕੰਗ ਸ਼ਾਮਲ ਸਨ।

# ਕੁਸਟ ਰੋਗ ਇਲਾਜ ਯੋਗ ਹੈ-ਡਾ: ਸੰਜੇ ਕਾਮਰਾ

**ਸੁਨਾਮ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ , ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਡਾ. ਸੰਜੇ ਕਾਮਰਾ ਦੀ ਅਗਵਾਈ ਵਿੱਚ ਐਂਟੀ ਲੈਪਰੋਸੀ ਦਿਵਸ ਮੌਕੇ ਸ੍ਰੀ ਗੁਰੂ ਅਰਜਨ ਦੇਵ ਜੀ ਕੁਸ਼ਟ ਆਸ਼ਰਮ, ਸੰਗਰੂਰ ਵਿਖੇ ਕੁਸ਼ਟ ਰੋਗੀਆਂ ਨੂੰ ਘਰੇਲੂ ਵਰਤੋ ਦਾ ਸਮਾਨ, ਦਵਾਈਆਂ ਅਤੇ ਫਲ ਵੰਡੇ ਗਏ।



ਇਸ ਮੌਕੇ ਡਾ. ਸੰਜੇ ਕਾਮਰਾ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ 13 ਫਰਵਰੀ ਤੱਕ ÷ਸਪਰਸ਼ ਕੁਸ਼ਟ ਜਾਗਰੂਕਤਾ ਮੁਹਿੰਮ÷ ਚਲਾਈ ਜਾ ਰਹੀ ਹੈ। ਉਨ੍ਹਾ ਕਿਹਾ ਕਿ ਕੁਸ਼ਟ ਰੋਗ ਇਲਾਜ ਯੋਗ ਹੈ, ਇਹ ਕੋਈ ਸਰਾਪ ਜਾਂ ਕਰੋਪੀ ਨਹੀਂ ਹੈ।ਇਸ ਲਈ ਸਮੇਂ ਸਿਰ ਇਸ ਦਾ ਇਲਾਜ ਮਾਹਿਰ ਡਾਕਟਰ ਤੋਂ ਕਰਵਾਉਣਾ ਚਾਹੀਂਦਾ ਹੈ। ਕੁਸ਼ਟ ਰੋਗੀ ਤੋਂ ਨਫਰਤ ਨਹੀਂ ਕਰਨੀ ਚਾਹੀਂਦੀ। ਚਮੜੀ ਰੋਗਾਂ ਦੇ ਮਾਹਿਰ ਡਾ: ਨਵਦੀਪ ਅਰੋੜਾ ਨੇ ਦੱਸਿਆ ਕੇ ਚਮੜੀ ਤੇ ਹਲਕੇ ਪੀਲੇ ਚਟਾਕ ਪੈਣਾ, ਚਮੜੀ ਦਾ ਸੁੰਨ ਹੋ ਜਾਣਾ ,ਹੱਥਾਂ-ਪੈਰਾਂ ਦੀਆਂ ਉਂਗਲਾਂ ਦਾ ਝੜ ਜਾਣਾ ਗਰਮ ਅਤੇ ਠੰਡੀ ਵਸਤੂ ਦਾ ਪਤਾ ਨਾ ਲੱਗਣਾ, ਚਿਹਰਾ ਚਮਕਦਾਰ ਹੋ ਜਾਣਾ,ਪਸੀਨਾ ਨਾ ਆਉਣਾ ਆਦਿ ਇਸ ਦੇ ਮੁੱਖ ਲੱਛਣ ਹਨ।

# ਮਾਘੀ ਰੋਡ ਤੇ ਖੜ੍ਹੇ ਗੰਦੇ ਪਾਣੀ ਦੀ ਕਰਵਾਈ ਗਈ ਨਿਕਾਸੀ:ਈ.ਓ.

**ਅਮਲੋਹ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਘੀ ਰੋਡ ਅਮਲੋਹ ਵਿਖੇ ਖੜ੍ਹੇ ਗੰਦੇ ਪਾਣੀ ਖੜ੍ਹਾ ਹੋਣ ਸਬੰਧੀ ਮਾਮਲਾ ਧਿਆਨ ਵਿੱਚ ਆਉਂਦੇ ਹੀ ਕੌਂਸਲ ਦੀ ਟੀਮ ਭੇਜ ਕੇ ਗੰਦੇ ਪਾਣੀ ਦੀ ਨਿਕਾਸੀ ਕਰਵਾ ਦਿੱਤੀ ਗਈ ਹੈ ਤਾਂ ਜੋ ਸਕੂਲ ਪੜ੍ਹਨ ਲਈ ਆਉਣ ਵਾਲੇ ਬੱਚਿਆਂ ਨੂੰ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ। ਇਹ ਜਾਣਕਾਰੀ ਨਗਰ ਕੌਂਸਲ ਅਮਲੋਹ ਦੇ ਕਾਰਜ ਸਾਧਕ ਅਫਸਰ ਬਲਜਿੰਦਰ ਸਿੰਘ ਨੇ ਦਿੱਤੀ।



ਕਾਰਜ ਸਾਧਕ ਅਫਸਰ ਨੇ ਕਿਹਾ ਕਿ ਮਾਘੀ ਰੋਡ ਵਿਖੇ ਲੋਕਾਂ ਵੱਲੋਂ ਪਲਾਸਟਿਕ ਦੇ ਲਿਫਾਫਿਆਂ ਵਿੱਚ ਕੂੜਾ ਪਾ ਕੇ ਨਾਲੀਆਂ ਵਿੱਚ ਸੁੱਟ ਦਿੰਦੇ ਹਨ ਜਿਸ ਕਾਰਨ ਸੜ੍ਹਕ ਤੇ ਪਾਣੀ ਜਾਮ ਹੋ ਗਿਆ ਸੀ। ਉਨ੍ਹਾਂ ਦੱਸਿਆ ਕਿ ਕੌਂਸਲ ਵੱਲੋਂ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਆਪਣੇ ਘਰਾਂ ਦਾ ਕੂੜਾ ਨਗਰ ਕੌਂਸਲ ਦੀਆਂ ਘਰਾਂ ਵਿੱਚੋਂ ਕੂੜਾ ਇਕੱਤਰ ਕਰਨ ਵਾਲੀਆਂ ਟੀਮਾਂ ਨੂੰ ਹੀ ਦਿੱਤਾ ਜਾਵੇ ਅਤੇ ਪਲਾਸਟਿਕ ਦੇ ਲਿਫਾਫਿਆਂ ਵਿੱਚ ਕੂੜਾ ਪਾ ਕੇ ਸੜਕਾਂ ਤੇ ਨਾ ਸੁੱਟਿਆ ਜਾਵੇ ਤਾਂ ਜੋ ਸ਼ਹਿਰ ਦੇ ਲੋਕਾਂ ਨੂੰ ਗੰਦੇ ਪਾਣੀ ਕਾਰਨ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

ਈ.ਓ. ਬਲਜਿੰਦਰ ਸਿੰਘ ਨੇ ਦੱਸਿਆ ਕਿ ਨਗਰ ਕੌਂਸਲ ਵੱਲੋਂ ਕੂੜਾ ਕਰਕਟ ਸਬੰਧੀ ਐਮ.ਆਰ.ਐਫ. ਸ਼ੈੱਡ ਬਣਾਇਆ ਗਿਆ ਹੈ ਜਿਥੇ ਕਿ ਗਿੱਲ੍ਹੇ ਤੇ ਸੁੱਕੇ ਕੂੜੇ ਨੂੰ ਵੱਖ-ਵੱਖ ਕੀਤਾ ਜਾਂਦਾ ਹੈ ਅਤੇ ਲੋਕਾਂ ਦੇ ਘਰਾਂ ਦਾ ਕੂੜਾ ਇਕੱਤਰ ਕਰਨ ਲਈ ਕੌਂਸਲ ਦੇ ਸਫਾਈ ਕਰਮਚਾਰੀ ਡੋਰ ਟੂ ਡੋਰ ਕੂੜਾ ਇਕੱਤਰ ਕਰਦੇ ਹਨ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਸ਼ਹਿਰ ਦੀ ਸਾਫ ਸਫਾਈ ਲਈ ਨਗਰ ਕੌਂਸਲ ਵੱਲੋਂ ਚਲਾਈ ਜਾ ਰਹੀ ਸਵੱਛਤਾ ਮੁਹਿੰਮ ਵਿੱਚ ਵੱਧ ਤੋਂ ਵੱਧ ਯੋਗਦਾਨ ਦਿੱਤਾ ਜਾਵੇ ਤਾਂ ਜੋ ਸ਼ਹਿਰ ਦੀ ਦਿੱਖ ਨੂੰ ਖੂਬਸੂਰਤ ਬਣਾਇਆ ਜਾ ਸਕੇ।

# ਰਾਗ ਨਾਦ ਸਬਦਿ ਸੋਹਣੇ

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ, 'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥' ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ ਸੱਤਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਬਿਹਾਗੜਾ' ਬਾਰੇ...

## ਰਾਗ ਬਿਹਾਗੜਾ

ਗੁਰੂ ਅਰਜਨ ਦੇਵ ਦੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਦਿੱਤੀ ਗਈ ਰਾਗ ਤਰਤੀਬ ਵਿਚ ਰਾਗ ਬਿਹਾਗੜਾ ਸੱਤਵੇਂ ਸਥਾਨ 'ਤੇ ਆਉਂਦਾ ਹੈ। ਰਾਗ ਬਿਹਾਗੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 537 ਤੋਂ ਲੈ ਕੇ 556 ਪੰਨੇ ਤਕ ਦਰਜ ਹੈ। ਇਸ ਰਾਗ ਵਿਚ ਬਿਹਾਗੜੇ ਕੀ ਵਾਰ ਅਤੇ ਭਾਈ ਮਰਦਾਨਾ ਜੀ ਨੂੰ ਸੰਬੋਧਿਤ ਤਿੰਨ ਸਲੋਕ ਦਰਜ ਹਨ। ਇਸ ਰਾਗ ਵਿਚ ਗੁਰੂ ਸਾਹਿਬਾਨ ਵੱਲੋਂ ਉਚਾਰੀ ਬਾਣੀ ਦੀ ਗੱਲ ਕਰੀਏ ਤਾਂ ਇਸ ਰਾਗ ਦੇ ਅੰਤਰਗਤ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸ਼ਾਮਲ ਹੈ। ਇਸ ਰਾਗ ਵਿਚ 'ਬਿਹਾਗੜੇ ਕੀ ਵਾਰ' ਸਿਰਲੇਖ ਹੇਠ ਬਾਣੀ ਦਰਜ ਹੈ, ਜਿਸ ਦੀਆਂ ਕੁੱਲ 21 ਪਾਉੜੀਆਂ ਹਨ ਅਤੇ 43 ਸਲੋਕ ਹਨ। ਇਨ੍ਹਾਂ ਵਿੱਚੋਂ ਪਉੜੀ ਨੰਬਰ 12 ਦੇ ਨਾਲ ਗੁਰੂ ਨਾਨਕ ਦੇਵ ਜੀ ਦੇ ਭਾਈ ਮਰਦਾਨਾ ਜੀ ਨੂੰ ਸੰਬੋਧਿਤ ਕੀਤੇ ਤਿੰਨ ਸਲੋਕ ਅਤੇ ਦੋ ਵੱਖਰੇ ਤੌਰ ਤੇ, ਕੁੱਲ ਪੰਜ ਸਲੋਕ ਹਨ। ਇਸੇ ਤਰ੍ਹਾਂ ਪਉੜੀ ਨੰਬਰ 17 ਨਾਲ ਇਕ ਸਲੋਕ ਭਗਤ ਕਬੀਰ ਜੀ ਦਾ ਉਚਾਰਣ ਕੀਤਾ ਹੋਇਆ ਹੈ।

ਜੇ ਇਸ ਰਾਗ ਬਾਰੇ ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਗੱਲ ਕਰੀਏ ਤਾਂ ਇਸ ਰਾਗ ਦਾ ਜ਼ਿਕਰ ਪ੍ਰਾਚੀਨ ਸੰਗੀਤ ਗ੍ਰੰਥਾਂ ਵਿਚ ਵੀ ਮਿਲਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੀ ਕ੍ਰਿਤ 'ਮਹਾਨ ਕੋਸ਼' ਦੇ ਪੰਨਾ ਨੰਬਰ 864 ਅਨੁਸਾਰ, 'ਇਹ ਬਿਲਾਵਲ ਥਾਟ ਦਾ ਸੰਪੂਰਣ ਰਾਗ ਹੈ। ਬਿਹਾਗ ਵਿਚ ਕੋਮਲ ਨਿਸ਼ਾਦ ਲਗਾਉਣ ਤੋਂ ਬਿਹਾਗੜਾ ਹੋ ਜਾਂਦਾ ਹੈ। ਇਸ ਵਿਚ ਤੀਵਰ ਮੱਧਮ ਵੀ ਬਹੁਤ ਦੁਰਲਭ ਹੋ ਕੇ ਲੱਗ ਜਾਂਦਾ ਹੈ। ਅੰਤਰੇ ਵਿਚ ਸ਼ੁੱਧ ਨਿਸ਼ਾਦ ਵੀ ਲਗਦਾ ਹੈ, ਗਾਉਣ ਦਾ ਵੇਲਾ ਅੱਧੀ ਰਾਤ ਹੈ।'

98150-24920





# ਮਹਾਨ ਸ਼ਹੀਦ ਜਰਨੈਲ ਅਕਾਲੀ ਫੂਲਾ ਸਿੰਘ

ਅਕਾਲੀ ਫੂਲਾ ਸਿੰਘ ਨੇ ਖ਼ਾਲਸਾ ਰਾਜ ਦੇ ਵਿਸਥਾਰ ਲਈ ਮਹਾਰਾਜਾ ਰਣਜੀਤ ਸਿੰਘ ਦੀਆਂ ਬਹੁਤ ਸਾਰੀਆਂ ਔਖੀਆਂ ਮੁਹਿੰਮਾਂ 'ਚ ਵਧ-ਚੜ੍ਹ ਕੇ ਹਿੱਸਾ ਲਿਆ...

ਗੁਰਮੇਲ ਸਿੰਘ ਸੰਗਤਪੁਰਾ

ਸਿੱਖ ਕੌਮ ਦੇ ਮਹਾਨ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਦੀ ਵਿਲੱਖਣਤਾ ਸੀ ਕਿ ਅਕਾਲ ਤਖ਼ਤ ਸਹਿਬ ਦੇ ਜਥੇਦਾਰ ਰਹਿੰਦਿਆਂ ਉਨ੍ਹਾਂ ਨੇ ਸਮੇਂ ਦੀ ਸੱਤਾ ਅੱਗੇ ਕਦੇ ਸਿਰ ਨਹੀਂ ਸੀ ਝੁਕਾਇਆ। ਸਿੱਖ ਮਰਿਆਦਾ ਦੇ ਖ਼ਿਲਾਫ਼ ਗ਼ਲਤੀ ਕਰਨ 'ਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਕੋੜੇ ਮਾਰਨ ਦੀ ਸਜ਼ਾ ਸੁਣਾਉਣਾ ਤੋਂ ਵੀ ਉਹ ਨਹੀਂ ਸਨ ਝਿਜਕੇ। ਅਕਾਲੀ ਬਾਬਾ ਫੂਲਾ ਸਿੰਘ ਨੇ ਖ਼ਾਲਸਾ ਰਾਜ ਦੇ ਵਿਸਥਾਰ ਵਿਚ ਵੀ ਵਡਮੁੱਲਾ ਯੋਗਦਾਨ ਪਾਇਆ।

ਬਾਬਾ ਫੂਲਾ ਸਿੰਘ ਦਾ ਜਨਮ 14 ਜਨਵਰੀ 1761 ਨੂੰ ਸੰਗਰੂਰ ਜ਼ਿਲ੍ਹੇ ਦੇ ਪਿੰਡ ਦੇਹਲਾ ਸ਼ੀਹਾਂ ਵਿਖੇ ਪਿਤਾ ਸਰਦਾਰ ਈਸ਼ਰ ਸਿੰਘ ਤੇ ਮਾਤਾ ਮਾਤਾ ਹਰਿ ਕੌਰ ਦੇ ਘਰ ਹੋਇਆ। ਇਸ ਪਿੰਡ ਨੂੰ ਅੱਜ ਕੱਲ੍ਹ ਪੁਰਾਣਾ ਦੇਹਲਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਦੁੱਖਦਾਈ ਗੱਲ ਇਹ ਹੈ ਕਿ ਬਾਬਾ ਫੂਲਾ ਸਿੰਘ ਦਾ ਪਿੰਡ ਇਤਿਹਾਸਕ ਹੋ ਕੇ ਵੀ ਇਤਿਹਾਸ ਦੇ ਪੰਨਿਆਂ 'ਤੇ ਬਣਦੀ ਥਾਂ ਤੇ ਯੋਗ ਸਤਿਕਾਰ ਪ੍ਰਾਪਤ ਨਹੀਂ ਕਰ ਸਕਿਆ। ਅਕਾਲੀ ਫੂਲਾ ਸਿੰਘ ਦੇ ਪਿਤਾ ਈਸ਼ਰ ਸਿੰਘ ਨੇ ਵੱਡੇ ਘੱਲੂਘਾਰੇ ਸਮੇਂ ਸਿੱਖ ਫ਼ੌਜ 'ਚ ਸ਼ਾਮਲ ਹੋ ਕੇ ਵੱਧ-ਚੜ੍ਹ ਕੇ ਕੰਮ ਕੀਤਾ ਸੀ ਤੇ ਜੰਗ ਵਿਚ ਜ਼ਖ਼ਮੀ ਹੋਣ ਤੋਂ ਬਾਅਦ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਮੌਤ ਉਪਰੰਤ ਜਥੇਦਾਰ ਈਸ਼ਰ ਸਿੰਘ ਦੇ ਦੋਸਤ ਸਰਦਾਰ ਨਰੈਣ ਸਿੰਘ (ਨੈਣਾ ਸਿੰਘ) ਨੇ ਫੂਲਾ ਸਿੰਘ ਦੀ ਪਰਵਰਿਸ਼ ਕੀਤੀ। ਜਦੋਂ ਅਕਾਲੀ ਫੂਲਾ ਸਿੰਘ ਸੱਤ ਸਾਲ ਦੇ ਸਨ ਤਾਂ ਉਨ੍ਹਾਂ ਦੇ ਸਿਰ ਤੋਂ ਮਾਤਾ ਹਰਿ ਕੌਰ ਦਾ ਸਾਇਆ ਵੀ ਉੱਠ ਗਿਆ।

ਛੋਟੀ ਉਮਰੇ ਹੀ ਅਕਾਲੀ ਫੂਲਾ ਸਿੰਘ ਨੇ ਘੋੜ-ਸਵਾਰੀ, ਨਿਸ਼ਾਨੇਬਾਜ਼ੀ ਤੇ ਵੀਰਤਾ ਭਰੇ ਹੋਰ ਕਰਤੱਬਾਂ 'ਚ ਨਿਪੁੰਨਤਾ ਹਾਸਲ ਕਰ ਲਈ ਸੀ। ਆਪ ਨੇ ਸਰਦਾਰ ਨਰੈਣ ਸਿੰਘ ਤੋਂ ਪ੍ਰਭਾਵਿਤ ਹੋ ਕੇ ਨਿਹੰਗ ਸਿੰਘਾਂ ਵਾਲਾ ਬਾਣਾ ਧਾਰਨ ਕਰ ਲਿਆ। ਨੈਰਣ ਸਿੰਘ ਦੀ ਮੌਤ ਤੋਂ ਬਾਅਦ ਆਪ ਅੰਮ੍ਰਿਤਸਰ ਰਹਿਣ ਲੱਗੇ। ਮਹਾਰਾਜਾ ਰਣਜੀਤ ਸਿੰਘ ਨੇ 'ਅਕਾਲ ਰੈਜਮੈਂਟ' ਨਾਂ ਦੀ ਫ਼ੌਜੀ ਟੁਕੜੀ ਦਾ ਗਠਨ ਕੀਤਾ ਤੇ ਬਾਬਾ ਫੂਲਾ ਸਿੰਘ ਨੂੰ ਇਸ ਦਾ ਮੁੱਖੀ ਥਾਪਿਆ। ਮਹਾਰਾਜਾ ਰਣਜੀਤ ਸਿੰਘ ਅਕਾਲੀ ਫੂਲਾ ਸਿੰਘ ਦਾ ਬੇਹੱਦ ਸਤਿਕਾਰ ਕਰਦੇ ਸਨ। ਕਾਰਨ ਇਹ ਸੀ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਫ਼ਤਹਿ ਕਰਨ ਲਈ ਚੜ੍ਹਾਈ ਕੀਤੀ ਤਾਂ ਸਿੱਖ ਫ਼ੌਜਾਂ ਆਪਸ 'ਚ ਲੜਨ ਲੱਗੀਆਂ ਸਨ। ਅਕਾਲੀ ਫੂਲਾ ਸਿੰਘ ਨੇ ਦਖ਼ਲ ਦੇ ਕੇ ਸਿੱਖ ਫ਼ੌਜਾਂ ਦੀ ਅੰਦਰੂਨੀ ਜੰਗ ਖ਼ਤਮ ਕਰਵਾ ਦਿੱਤੀ ਸੀ।

ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀਆਂ ਔਖੀਆਂ ਮੁਹਿੰਮਾਂ 'ਚ ਵਧ-ਚੜ੍ਹ ਕੇ ਸਹਾਇਤਾ ਕੀਤੀ। ਮੁਲਤਾਨ ਦੀ ਮੁਹਿੰਮ ਵੇਲੇ ਅਕਾਲੀ ਫੂਲਾ ਸਿੰਘ ਪਾਸ ਮਹਾਰਾਜਾ ਰਣਜੀਤ ਸਿੰਘ ਨੇ ਮਦਦ ਲਈ ਬੇਨਤੀ ਕੀਤੀ। ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਆਪਣੇ ਸੂਰਬੀਰ ਘੋੜ-ਸਵਾਰਾਂ ਨੂੰ ਲੈ ਕੇ ਮੁਲਤਾਨ 'ਤੇ ਚੜ੍ਹਾਈ ਕੀਤੀ। ਕਿਲ੍ਹੇ ਦੀ ਕੰਧ ਵਿਚ ਪਾੜ ਪਾ ਕੇ ਆਪਣੇ ਘੋੜ-ਸਵਾਰ ਯੋਧੇ ਲੈ ਕੇ ਕਿਲ੍ਹੇ ਅੰਦਰ ਦਾਖ਼ਲ ਹੋਏ ਤੇ ਆਪਣੀ ਤਲਵਾਰ ਦੇ ਬਲ 'ਤੇ ਦੁਸ਼ਮਣਾਂ ਦੀਆਂ ਲਾਸ਼ਾਂ ਦੇ ਢੇਰ ਲਾ ਦਿੱਤੇ। ਨਵਾਬ ਤੇ ਉਸ ਦੇ ਪੁੱਤਰਾਂ ਨੂੰ ਮਾਰ ਕੇ ਕਿਲ੍ਹਾ ਫ਼ਤਹਿ ਕਰ ਲਿਆ। ਇਸ ਤੋਂ ਇਲਾਵਾ ਅਕਾਲੀ ਫੂਲਾ ਸਿੰਘ ਨੇ ਕਸ਼ਮੀਰ, ਪਿਸ਼ਾਵਰ ਤੇ ਨੌਸ਼ਹਿਰੇ ਦੇ ਯੁੱਧਾਂ ਵਿਚ ਸ਼ਾਮਲ ਹੋ ਕੇ ਸਿੱਖ ਰਾਜ ਦੀ ਉਸਾਰੀ 'ਚ ਵਡਮੁੱਲਾ ਯੋਗਦਾਨ ਪਾਇਆ। ਬਾਬਾ ਫੂਲਾ ਸਿੰਘ ਵੱਲੋਂ ਲੜੀ ਗਈ ਆਖ਼ਰੀ ਲੜਾਈ ਨੌਸ਼ਹਿਰੇ ਦੀ ਸੀ। ਇਸ ਲੜਾਈ ਵਿਚ ਜਿੱਤ ਦਾ ਝੰਡਾ ਲਹਿਰਾਉਂਦਿਆਂ ਆਪ 14 ਮਾਰਚ 1823 ਨੂੰ ਸ਼ਹੀਦ ਹੋ ਗਏ। ਇਹ ਲੜਾਈ ਵੀ ਬਾਕੀ ਲੜਾਈਆਂ ਦੀ ਤਰ੍ਹਾਂ ਉਨ੍ਹਾਂ ਦੀ ਸੂਰਬੀਰਤਾ ਕਰਕੇ ਜਿੱਤੀ ਜਾ ਸਕੀ ਸੀ।

ਉਹ ਨਿਰਭੈ, ਅਣਖੀਲੇ ਤੇ ਨਿਧੜਕ ਜਰਨੈਲ ਸਨ। ਇਤਿਹਾਸ ਗਵਾਹ ਹੈ ਕਿ ਉਹ ਮਰਿਆਦਾ ਦੇ ਉਲਟ ਕਿਸੇ ਵੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਸਨ ਕਰਦੇ। ਇਸੇ ਦਾ ਨਤੀਜਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੁੰਦਿਆਂ ਆਪ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਕੋੜੇ ਮਾਰਨ ਦੀ ਸਜ਼ਾ ਸੁਣਾਈ। ਉਹ ਹਮੇਸ਼ਾ ਸੱਚ 'ਤੇ ਪਹਿਰਾ ਦਿੰਦੇ ਸਨ। ਇਹ ਹਕੀਕਤ ਹੈ ਕਿ ਸਿੱਖ ਰਾਜ ਵਿਚ ਅਕਾਲੀ ਫੂਲਾ ਸਿੰਘ ਤੋਂ ਵੱਧ ਸੂਰਬੀਰ, ਧਾਰਮਿਕ ਤੌਰ 'ਤੇ ਪ੍ਰਪੱਕ ਤੇ ਨਿਡਰ ਜਰਨੈਲ ਹੋਰ ਕੋਈ ਨਜ਼ਰ ਨਹੀਂ ਆਉਂਦਾ। ਉਹ ਅੰਮ੍ਰਿਤਸਰ ਵਿਖੇ ਜਿਸ ਸਥਾਨ 'ਤੇ ਰਹੇ, ਉੱਥੇ ਅੱਜ-ਕੱਲ੍ਹ 'ਬੁਰਜ ਬਾਬਾ ਫੂਲਾ ਸਿੰਘ ਅਕਾਲੀ' ਬਣਿਆ ਹੋਇਆ ਹੈ। ਇਥੇ ਹੀ ਨਿਹੰਗ ਸਿੰਘਾਂ ਦੀ ਛਾਉਣੀ ਵੀ ਹੈ, ਜਿਸ ਦਾ ਪ੍ਰਬੰਧ ਸ਼੍ਰੋਮਣੀ ਪੰਥ ਅਕਾਲੀ 96 ਕਰੋੜੀ ਬੁੱਢਾ ਦਲ ਕੋਲ ਹੈ। ਹਰ ਸਾਲ 14 ਮਾਰਚ ਨੂੰ ਪਿੰਡ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਉਨ੍ਹਾਂ ਦਾ ਸ਼ਹੀਦੀ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ। ਸਾਲਾਨਾ ਸ਼ਹੀਦੀ ਸਮਾਗਮ 'ਚ ਸਿੱਖ ਕੌਮ ਦੀਆਂ ਪ੍ਰਮੁੱਖ ਧਾਰਮਿਕ ਸ਼ਖ਼ਸੀਅਤਾਂ, ਰਾਗੀ, ਢਾਡੀ ਤੇ ਕਥਾਵਾਚਕ ਬਾਬਾ ਜੀ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦੇ ਹਨ।

ਪੰਜਾਬੀ ਯੂਨੀਵਰਸਿਟੀ ਵੱਲੋਂ ਸੰਨ 2006 ਵਿਚ ਸ਼ਹੀਦ ਬਾਬਾ ਅਕਾਲੀ ਫੂਲਾ ਸਿੰਘ ਜੀ ਦੇ ਨਾਂ 'ਤੇ ਉਨ੍ਹਾਂ ਦੇ ਜਨਮ ਸਥਾਨ ਪਿੰਡ ਦੇਹਲਾ ਸੀਹਾਂ ਵਿਖੇ ਆਪਣਾ ਕੈਂਪਸ ਖੋਲ੍ਹਿਆ ਗਿਆ ਸੀ। ਇਸ ਜਗ੍ਹਾ ਬਾਬਾ ਫੂਲਾ ਸਿੰਘ ਜੀ ਦੇ ਜਨਮ ਸਮੇਂ ਦੀ ਬਾਰਾਂਦਰੀ, ਖੂਹ, ਪੁਰਾਤਨ ਤ੍ਰਿਵੇਣੀ ਮੌਜੂਦ ਹੀ ਨਹੀਂ ਸਗੋਂ ਪਿੰਡ ਦੇ ਉੱਦਮੀ ਨੌਜਵਾਨ ਜਸਪਾਲ ਸਿੰਘ ਦੇਹਲਾ ਨੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਇਸ ਦੀ ਸੁੰਦਰਤਾ ਨੂੰ ਬਰਕਰਾਰ ਰੱਖਿਆ ਹੋਇਆ ਹੈ। ਇਸ ਸਥਾਨ ਨੂੰ ਪੰਜਾਬ ਪੁਰਾਤੱਤਵ ਸਰਵੇਖਣ ਤੇ ਅਜਾਇਬ ਘਰ ਵਿਭਾਗ ਵੱਲੋਂ ਸੁਰੱਖਿਅਤ ਕਰਾਰ ਦਿੱਤਾ ਗਿਆ ਹੈ ਪਰ ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਵਿਭਾਗ ਵੱਲੋਂ ਇਸ ਸਥਾਨ ਦੀ ਸਾਂਭ ਸੰਭਾਲ ਲਈ ਕਦੇ ਕੋਈ ਅਹਿਮ ਉਪਰਾਲਾ ਨਹੀਂ ਕੀਤਾ ਗਿਆ। ਹਰ ਸਾਲ ਸ਼ਹੀਦੀ ਦਿਹਾੜਾ ਮਨਾਉਣ ਸਮੇਂ ਪਿੰਡ ਵਾਸੀਆਂ ਵੱਲੋਂ ਦਸਵੰਧ ਵਿੱਚੋਂ ਖ਼ਰਚਾ ਕਰ ਕੇ ਲਿੱਪਾਪੋਚੀ ਕਰਵਾਈ ਜਾਂਦੀ ਹੈ ਅਤੇ ਇਸ ਲਈ ਵੀ ਪਹਿਲਾਂ ਵਿਭਾਗ ਕੋਲੋਂ ਮਨਜ਼ੂਰੀ ਲੈਣ ਦੀਆਂ ਕਾਰਵਾਈਆਂ ਨੇਪਰੇ ਚਾੜ੍ਹਨੀਆਂ ਪੈਂਦੀਆਂ ਹਨ।

ਪਿੰਡ ਦੇਹਲਾ ਕਰਕੇ ਸਿੱਖ ਮਿਸਲਾਂ ਵੇਲੇ ਬਾਬਾ ਅਕਾਲੀ ਫੂਲਾ ਸਿੰਘ ਨੂੰ ਜਾਣਿਆ ਜਾਂਦਾ ਸੀ ਪਰ ਅੱਜ ਉਨ੍ਹਾਂ ਦਾ ਜਨਮ ਸਥਾਨ ਪਿੰਡ ਦੇਹਲਾ ਸੀਹਾਂ ਬਾਰੇ ਪੰਜਾਬ ਤਾਂ ਦੂਰ ਜ਼ਿਲ੍ਹਾ ਸੰਗਰੂਰ ਦੇ ਹਲਕਾ ਲਹਿਰਾ ਦੇ ਬਹੁਤੇ ਲੋਕ ਵੀ ਇਸ ਗੱਲ ਤੋਂ ਅਣਜਾਣ ਹਨ ਕਿ ਇਹ ਪਿੰਡ ਮਹਾਨ ਯੋਧੇ ਸ਼ਹੀਦ ਅਕਾਲੀ ਫੂਲ ਸਿੰਘ ਦਾ ਜਨਮ ਸਥਾਨ ਹੈ। ਇਸ ਮਹਾਨ ਸ਼ਹੀਦ ਦਾ ਸ਼ਹੀਦੀ ਦਿਹਾੜਾ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਹੈ। •

98769-30023

# ਮਹਾਨ ਤਪੱਸਵੀ ਸੰਤ ਅਤਰ ਸਿੰਘ ਮਸਤੂਆਣੇ ਵਾਲੇ

ਹਰਵਿੰਦਰਪਾਲ ਰਿਸ਼ੀ

ਘੋਰ ਕਲਯੁੱਗ ਵਿਚ ਜਦ ਮਨੁੱਖਤਾ ਹਉਮੈ, ਲੋਭ, ਜਾਤ-ਪਾਤ, ਵਰਣ-ਵੰਡ ਤੇ ਗ਼ੁਲਾਮੀ ਅਧੀਨ ਸੀ। ਚਾਰੇ ਪਾਸੇ ਕੂੜ ਦਾ ਪਸਾਰ ਸੀਤੇ ਹਨੇਰੇ ਤੋਂ ਸਿਵਾ ਕੁਝ ਨਜ਼ਰ ਨਹੀਂ ਸੀ ਤਾਂ ਗੁਰੂ ਨਾਨਕ ਦੇਵ ਜੀ ਮਹਾਰਾਜ ਆਪ ਨਾਰਾਇਣ ਬਣ ਕੇ ਜਗਤ ਵਿਚ ਆਏ ਤੇ ਦੇਸ਼-ਵਿਦੇਸ਼ ਵਿਚ ਉਸ 'ਇਕ' ਦਾ ਪ੍ਰਚਾਰ ਕੀਤਾ। ਬਰਾਬਰੀ ਤੇ ਸਦਭਾਵਨਾ ਦਾ ਸਬਕ ਸਿਖਾਇਆ ਤੇ ਤ੍ਰਿਸ਼ਨਾ ਅਗਨੀ 'ਚ ਲੂਛ ਰਹੀ ਮਾਨੁੱਖਤਾ ਦੇ ਤਪਦੇ ਹਿਰਦਿਆਂ ਨੂੰ ਗੁਰਬਾਣੀ ਦਾ ਛਿੱਟਾ ਦੇ ਕੇ ਪ੍ਰਭੂ ਸਿਮਰਨ ਦਾ ਮਾਰਗ ਦਰਸਾਇਆ ਤੇ ਸਿੱਖੀ ਦਾ ਮੁੱਢ ਬੰਨ੍ਹਿਆ। ਉਪਰੰਤ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਤਕ ਗੁਰੂ ਸਾਹਿਬਾਨ ਨੇ ਆਪਣਾ ਤਪ-ਤੇਜ਼ ਤੇ ਸ਼ਹੀਦੀਆਂ ਨਾਲ ਸਿੱਖੀ ਨੂੰ ਪ੍ਰਫੁੱਲਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਵਾਰ ਕੇ ਸਿੱਖੀ ਦੀਆਂ ਜੜ੍ਹਾਂ ਨੂੰ ਹੋਰ ਗਹਿਰਾਈ ਦਿੱਤੀ। ਸਿੱਖੀ ਦੇ ਇਸ ਪੌਦੇ ਦੀ ਪਰਵਰਿਸ਼ ਲਈ ਗੁਰੂ ਸਾਹਿਬਨੇ ਆਪਣੇ ਗੁਰਮੁਖ ਪਿਆਰੇ ਤੇ ਸੰਤ ਸੂਰੇ ਭੇਜੇ।

ਸਿੱਖੀ ਦੇ ਬੂਟੇ ਦੀ ਤਾ-ਉਮਰ ਪਰਵਰਿਸ ਕਰਨ ਵਾਲੇ ਸੰਤ ਅਤਰ ਸਿੰਘ ਦਾ ਜਨਮ ਪਿੰਡ ਚੀਮਾ, ਜ਼ਿਲ੍ਹਾ ਸੰਗਰੂਰ ਵਿਖੇ ਚੇਤ ਸੁਦੀ ਏਕਮ 1923 ਬਿਕਰਮੀ (17 ਮਾਰਚ 1866) ਨੂੰ ਮਾਤਾ ਭੋਲੀ ਜੀ ਤੇ ਪਿਤਾ ਕਰਮ ਸਿੰਘ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਨੇ ਪਿੰਡ ਦੇ ਹੀ ਭਾਈ ਬੂਟਾ ਸਿੰਘ ਪਾਸੋਂ ਗੁਰਮੁਖੀ ਪੜ੍ਹਨੀ-ਲਿਖਣੀ ਸਿੱਖੀ ਤੇ ਪਿਤਾ ਦੇ ਨਾਲ ਘਰ ਦਾ ਕੰਮ ਤੇ ਖੇਤੀਬਾੜੀ ਵੀ ਕਰਦੇ। 1883 ਵਿਚ ਉਹ ਫ਼ੌਜ 'ਚ ਭਰਤੀ ਹੋ ਗਏ। ਪਲਟਣ ਵਿਚ ਹੀ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ। 1888 'ਚ ਉਨ੍ਹਾਂ ਨੇ ਫ਼ੌਜ ਦੀ ਸੇਵਾ ਛੱਡ ਦਿੱਤੀ ਤੇ ਡੇਰਾ ਗਾਜ਼ੀ ਖ਼ਾਂ ਤੋਂ ਪੈਦਲ ਚੱਲ ਕੇ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਪੁੱਜੇ। ਹਜ਼ੂਰ ਸਾਹਿਬ ਵਿਖੇ ਦੋ ਸਾਲ ਵਾਹਿਗੁਰੂ ਗੁਰ-ਮੰਤਰ ਦਾ ਸਿਮਰਨ, ਮੂਲ ਮੰਤਰ, ਗੁਰ-ਸ਼ਬਦ ਤੇ ਜਪੁਜੀ ਸਾਹਿਬ ਦੇ ਪਾਠਾਂ ਦੀ ਅਰੁੱਟ ਅਰਾਧਨਾ ਕੀਤੀ ਤੇ ਫਿਰ ਪੈਦਲ ਹਜ਼ੂਰ ਸਾਹਿਬ ਤੋਂ ਹਰਿਦੁਆਰ ਤੇ ਰਿਸ਼ੀਕੇਸ਼ ਆਏ ਤੇ ਇਕ ਸਾਲ ਅਰੁੱਟ ਨਾਮ ਅਭਿਆਸ ਕੀਤਾ। ਸ਼ਾਹਾਂ ਦੀ ਢੇਰੀ ਪਿੰਡ 'ਚ ਭਾਈ ਗੁਰਮੁਖ ਸਿੰਘ ਦੀ ਬੇਨਤੀ 'ਤੇ 9 ਮਹੀਨੇ ਠਹਿਰੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਕੀਤੇ।

ਜਨਮ ਦਿਨ 'ਤੇ ਵਿਸ਼ੇਸ਼



ਪੰਜਾ ਸਾਹਿਬ ਦੇ ਦਰਸ਼ਨ ਕਰ ਕੇ ਕੁਹਮਰੀ ਪਾਸ ਬਿਲਕੁਲ ਇਕਾਂਤ ਪਹਾੜੀ 'ਤੇ ਕੁਝ ਸਮਾਂ ਅਟੁੱਟ ਸਿਮਰਨ ਕੀਤਾ। 1893 'ਚ ਕਨੋਹੇ ਪਿੰਡ ਕੋਲ ਇਕ ਘਣੀ ਝੰਗੀ (ਜੰਗਲ) 'ਚ ਉਨ੍ਹਾਂ ਨੇ ਪਹਿਲਾਂ 40 ਦਿਨ, ਫਿਰ ਛੇ ਮਹੀਨੇ ਤੇ ਫਿਰ ਇਕ ਸਾਲ ਅਟੁੱਟ ਸਿਮਰਨ ਕੀਤਾ। ਇਸ ਮਹਾਨ ਤਪ ਨਾਲ ਸੰਤ ਜੀ ਦੀ ਪਵਿੱਤਰ ਸੋਆ ਇਲਾਕੇ ਵਿਚ ਫੈਲ ਗਈ ਤੇ ਸੰਗਤਾਂ ਦਰਸ਼ਨ ਲਈ ਆਉਣ ਲੱਗੀਆਂ। ਸ਼ਬਦ ਕੀਰਤਨ ਤੇ ਗੁਰੂ ਕੇ ਲੰਗਰ ਵਰਤਣ ਲੱਗੇ। ਸੰਤ ਜੀ ਨੇ ਪੋਠੋਹਾਰ, ਰਾਵਲਪਿੰਡੀ, ਮਾਲਵਾ, ਦੁਆਬਾ, ਮਾਝਾ, ਦਿੱਲੀ ਤੇ ਦੇਸ਼ ਦੇ ਹੋਰ ਹਿੱਸਿਆਂ 'ਚ ਸੰਗਤਾਂ ਨੂੰ ਗੁਰੂ-ਸ਼ਬਦ ਨਾਲ ਜੋੜਿਆ। ਆਪ ਨੇ ਸੰਗਤਾਂ ਨੂੰ ਦ੍ਰਿੜਾਇਆ ਕਿ ਦੇਹ ਅੱਜ ਤਕ ਗੁਰੂ ਨਹੀਂ ਹੋਈ ਤੇ ਹਰ ਥਾਂ ਵਸਿਆ ਸ਼ਬਦ-ਗੁਰੂ ਹੀ ਉੱਤਮ ਹੈ।

ਉਨ੍ਹਾਂ ਨੇ ਗੁਰ ਸਾਗਰ ਮਸਤੂਆਣਾ, ਗੁਰੂ ਕਾਂਸ਼ੀ ਦਮਦਮਾ ਸਾਹਿਬ ਤੇ ਕਈ ਹੋਰ ਗੁਰਦੁਆਰਿਆਂ ਦੀ ਮਹਾਨ ਸੇਵਾ ਕਰਵਾਈ। ਉਨ੍ਹਾਂ ਆਪਣੇ ਜੀਵਨ 'ਚ ਲਗਪਗ 14 ਲੱਖ ਪ੍ਰਾਣੀਆਂ ਨੂੰ ਗੁਰ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਹੋਏ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਵਾ ਕੇ ਗੁਰੂ ਨਾਲ ਜੋੜਿਆ। ਪੰਥ ਦੀਆਂ ਕਈ ਮਹਾਨ ਹਸਤੀਆਂ ਮਾਸਟਰ ਤਾਰਾ ਸਿੰਘ, ਭਾਈ ਹਰਕਿਸ਼ਨ ਸਿੰਘ, ਮਲਕ ਮੋਹਨ ਸਿੰਘ, ਸਾਬਕਾ ਰਾਜਦੂਤ ਮਲਕ ਹਰਦਿੱਤ ਸਿੰਘ, ਸੰਤ ਤੇਜਾ ਸਿੰਘ ਤੇ ਸਿੱਖ ਰਿਆਸਤਾਂ ਦੇ ਕਈ ਰਾਜਿਆਂ-ਮਹਾਰਾਜਿਆਂ ਨੇ ਵੀ ਉਨ੍ਹਾਂ ਦੁਆਰਾ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਿਆ ਤੇ ਗੁਰੂ ਕਲਗੀਆਂ ਵਾਲੇ ਦੇ ਚਰਨਾਂ ਨਾਲ ਜੁੜੇ।

ਵਿੱਦਿਆ ਦੇ ਖੇਤਰ 'ਚ ਵੀ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਨੇ ਮਹਾਨ ਸੇਵਾ ਕੀਤੀ। ਮਸਤੂਆਣਾ ਸਾਹਿਬ ਵਿਖੇ 1906 ਵਿਚ ਲੜਕੀਆਂ ਦਾ ਸਕੂਲ ਖੋਲ੍ਹਿਆ ਤੇ ਫਿਰ ਹੋਰ ਕਈ ਸਕੂਲਾਂ ਤੇ ਅਕਾਲ ਡਿਗਰੀ ਕਾਲਜ ਦੀ ਸਥਾਪਨਾ ਕੀਤੀ। ਹੋਰਨਾਂ ਇਲਾਕਿਆਂ 'ਚ ਸਕੂਲਾਂ-ਕਾਲਜਾਂ ਦੀ ਨੀਂਹ ਰੱਖੀ। ਸਿੱਖ ਐਜੂਕੇਸ਼ਨਲ ਕਾਨਫਰੰਸ 'ਚ ਹਾਜ਼ਰੀ ਭਰੀ ਤੇ ਅਧਿਆਤਮਕ ਅਗਵਾਈ ਕੀਤੀ। ਮਦਨ ਮੋਹਨ ਮਾਲਵੀਆ ਤੇ ਹੋਰ ਰਾਜੇ-ਮਹਾਰਾਜਿਆਂ ਦੀ ਬੇਨਤੀ 'ਤੇ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਪਹਿਲੇ ਸੰਸਕ੍ਰਿਤ ਕਾਲਜ ਦੀ ਨੀਂਹ ਰੱਖੀ। ਮਸਤੂਆਣਾ ਸਾਹਿਬ ਨੂੰ ਸਿੱਖੀ ਦਾ ਵੱਡਾ ਕੇਂਦਰ ਬਣਾ ਕੇ ਉੱਥੇ ਦੁਨਿਆਵੀ ਸਾਇੰਸ ਤੇ ਗੁਰਬਾਣੀ ਦੀ ਵਿੱਦਿਆ ਦੇਣ ਦਾ ਪ੍ਰਬੰਧ ਕੀਤਾ। ਕਲਗੀਧਰ ਪਾਤਸ਼ਾਹ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਹੋਇਆਂ ਉਹ 01 ਫਰਵਰੀ 1927 ਨੂੰ ਰੱਬੀ ਜੋਤੀ 'ਚ ਲੀਨ ਹੋ ਗਏ।

ਸੰਤ ਅਤਰ ਸਿੰਘ ਜੀ ਦੇ ਆਸ਼ੇ ਅਨੁਸਾਰ ਉਨ੍ਹਾਂ ਦੇ ਮਾਰਗ 'ਤੇ ਚੱਲਦਿਆਂ ਸੰਤ ਇਕਬਾਲ ਸਿੰਘ ਨੇ 1986 ਵਿਚ ਪੰਜ ਬੱਚਿਆਂ ਨਾਲ ਅਕਾਲ ਅਕੈਡਮੀ ਬੜੂ ਸਾਹਿਬ ਦੀ ਆਰੰਭਤਾ ਕੀਤੀ। 1989 ਵਿਚ ਅਕਾਲ ਅਕੈਡਮੀ ਬੜੂ ਸਾਹਿਬ ਨੂੰ ਸੀਬੀਐੱਸਈ ਪਾਸੋਂ ਮਾਨਤਾ ਪ੍ਰਾਪਤ ਹੋਈ। ਇਸ ਤੋ ਬਾਅਦ ਸੰਤ ਇਕਬਾਲ ਸਿੰਘ ਜੀ ਨੂੰ ਸੰਗਤ ਨੇ ਬੇਨਤੀ ਕੀਤੀ ਕਿ ਪੰਜਾਬ ਵਿਚ ਹੋਰ ਅਕਾਲ ਅਕੈਡਮੀਆਂ ਖੋਲ੍ਹੀਆਂ। ਉਨ੍ਹਾਂ ਵੱਲੋਂ 1993 ਵਿਚ ਪਹਿਲੀ ਅਕਾਲ ਅਕੈਡਮੀ ਸ੍ਰੀ ਮੁਕਤਸਰ ਸਾਹਿਬ ਤੇ ਅਕਾਲ ਅਕੈਡਮੀ ਚੀਮਾ ਸਾਹਿਬ ਵਿਖੇ ਸ਼ੁਰੂ ਕੀਤੀ ਗਈ।।ਅੱਜ ਪੰਜਾਬ, ਹਰਿਆਣਾ, ਰਾਜਸਥਾਨ, ਯੂਪੀ ਆਦਿ ਵਿਚ ਕਲਗੀਧਰ ਟਰੱਸਟ ਅਧੀਨ ਕਰੀਬ 150 ਅਕਾਲ ਅਕੈਡਮੀਆਂ, ਅਕਾਲ ਯੂਨੀਵਰਸਿਟੀ, ਅਕਾਲ ਚੈਰੀਟੇਬਲ ਹਸਪਤਾਲ, ਅਕਾਲ ਨਸ਼ਾ ਛੁਡਾਊ ਕੇਂਦਰ, ਅਕਾਲ ਗੁਰਮਤਿ ਵਿੱਦਿਆਲੇ ਚੱਲ ਰਹੇ ਹਨ।

ਸੰਤ ਅਤਰ ਸਿੰਘ ਮਸਤੂਆਣਾ ਦੇ ਜਨਮ ਦਿਨ ਮੌਕੇ 15, 16 ਅਤੇ 17 ਮਾਰਚ ਨੂੰ ਚੀਮਾ ਸਾਹਿਬ ਵਿਖੇ ਸੰਤ ਸਮਾਗਮ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਏ ਜਾ ਰਹੇ ਹਨ। •

94178-97759

# ਕੁਰਾਲੀ ਦਾ ਪ੍ਰਸਿੱਧ ਸ਼ੀਤਲਾ ਮਾਤਾ ਮੇਲਾ

ਕਪਿਲ ਮੋਹਨ ਅੱਗਰਵਾਲ

ਸ਼ੀਤਲਾ ਮਾਤਾ ਆਪਣੇ ਭਗਤਾਂ ਦੇ ਤਨ-ਮਨ ਨੂੰ ਸ਼ੀਤਲ ਅਤੇ ਪਵਿੱਤਰ ਕਰਦੀ ਹੈ। ਜ਼ਿਲ੍ਹਾ ਮੋਹਾਲੀ ਦੇ ਸ਼ਹਿਰ ਕੁਰਾਲੀ ਵਿਖੇ ਸ਼ੀਤਲਾ ਮਾਤਾ ਦਾ ਮੇਲਾ ਕਈ ਦਹਾਕਿਆਂ ਤੋਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਹ ਮੇਲਾ ਪੂਰੇ ਪੰਜਾਬ ਵਿਚ ਆਪਣੀ ਵਿਲੱਖਣ ਪਛਾਣ ਬਣਾ ਚੁੱਕਾ ਹੈ। ਲੱਖਾਂ ਦੀ ਗਿਣਤੀ ਵਿਚ ਲੋਕ ਇਸ ਮੇਲੇ 'ਚ ਆਉਂਦੇ ਹਨ। ਸ਼ੀਤਲਾ ਮਾਤਾ ਨੂੰ ਮੱਥਾ ਟੇਕਦੇ ਹਨ ਤੇ ਪਰਿਵਾਰ ਦੀ ਸੁੱਖ-ਸ਼ਾਂਤੀ ਤੇ ਬੱਚਿਆਂ ਨੂੰ ਸਰੀਰਕ ਕਸ਼ਟ ਤੋਂ ਬਚਾਉਣ ਲਈ ਪ੍ਰਾਰਥਨਾ ਕਰਦੇ ਹਨ। ਕੁਰਾਲੀ ਦੇ ਨਜ਼ਦੀਕ ਪੈਂਦੇ ਪਿੰਡ ਅਤੇ ਦਰਿਆ ਪਾਰ ਘਾਟ ਦੇ ਇਲਾਕੇ ਦੇ ਲੋਕ, ਨੂਰਪੁਰ ਬੇਦੀ, ਬਲਾਚੌਰ ਅਤੇ ਗੜ੍ਹਸ਼ੰਕਰ ਤਕ ਦੇ ਲੋਕ ਮੇਲੇ ਤੋਂ ਇਕ ਦਿਨ ਪਹਿਲਾ ਹੀ ਕੁਰਾਲੀ ਪਹੁੰਚ ਜਾਂਦੇ ਹਨ। ਸ਼ੀਤਲਾ ਮਾਤਾ ਦੀ ਮਹਿਮਾ ਦਾ ਗੁਣਗਾਨ ਕਰਦੇ ਹਨ।

ਸ਼ੀਤਲਾ ਮਾਤਾ ਦਾ ਇਹ ਮੇਲਾ ਚੇਤਰ ਦੇ ਮਹੀਨੇ ਬਹਿੜੀਏ ਵਾਲੇ ਦਿਨ ਬੜੀ ਸ਼ਰਧਾ ਤੇ ਆਸਥਾ ਨਾਲ ਮਨਾਇਆ ਜਾਂਦਾ ਹੈ। ਲੋਕ ਮੇਲੇ ਤੋਂ ਇਕ ਦਿਨ ਪਹਿਲਾਂ ਤਿਆਰ ਕੀਤੇ ਗੁਲਗੁਲੇ, ਮਿੱਠੀਆਂ ਪੂਰੀਆਂ, ਮਿੱਠੇ ਚੌਲ, ਵੇਸਣ ਅਤੇ ਦਾਲ ਦੀਆਂ ਪੂਰੀਆਂ ਮਾਤਾ ਨੂੰ ਚੜ੍ਹਾਉਂਦੇ ਹਨ ਤੇ ਬਾਲ-ਬੱਚਿਆਂ ਦੀ ਸੁੱਖ ਮੰਗਦੇ ਹਨ। ਕੱਚੀ ਲੱਸੀ ਤੇ ਕੱਚਾ ਦੁੱਧ ਵੀ ਮਾਤਾ ਨੂੰ ਅਰਪਿਤ ਕੀਤਾ ਜਾਂਦਾ ਹੈ।



## ਪੌਰਾਣਿਕ ਕਥਾ

ਇਕ ਪੌਰਾਣਿਕ ਕਥਾ ਅਨੁਸਾਰ ਮਾਤਾ ਸ਼ੀਤਲਾ ਦੀ ਉਤਪਤੀ ਭਗਵਾਨ ਬ੍ਰਹਮਾ ਜੀ ਤੋਂ ਹੋਈ ਸੀ। ਬ੍ਰਹਮਾ ਜੀ ਨੇ ਸ਼ੀਤਲਾ ਮਾਤਾ ਨੂੰ ਧਰਤੀ 'ਤੇ ਪੂਜੇ ਜਾਣ ਲਈ ਭੇਜਿਆ ਸੀ। ਦੇਵ ਲੋਕ ਤੋਂ ਮਾਤਾ ਸ਼ੀਤਲਾ ਧਰਤੀ 'ਤੇ ਪ੍ਰਗਟ ਹੋਈ।

ਉਸ ਸਮੇਂ ਦੇ ਰਾਜਾ ਵਿਰਾਟ ਨੇ ਸ਼ੀਤਲਾ ਮਾਤਾ ਨੂੰ ਆਪਣੇ ਰਾਜ ਵਿਚ ਕੋਈ ਸਥਾਨ ਨਾ ਦਿੱਤਾ। ਮਾਤਾ ਸ਼ੀਤਲਾ ਗੁੱਸੇ 'ਚ ਆ ਗਈ ਤੇ ਉਸ ਰਾਜ ਦੀ ਪਰਜਾ ਦੇ ਸਰੀਰ 'ਤੇ ਲਾਲ ਦਾਣੇ ਨਿਕਲ ਆਏ। ਲੋਕ ਮਾਤਾ ਦੇ ਇਸ ਪ੍ਰਕੋਪ ਤੋਂ ਬਹੁਤ ਦੁਖੀ ਹੋਏ। ਰਾਜੇ ਨੂੰ ਗ਼ਲਤੀ ਦਾ ਅਹਿਸਾਸ ਹੋਇਆ ਤੇ ਉਸ ਨੇ ਆਪਣੇ ਰਾਜ ਦਰਬਾਰ ਵਿਚ ਮਾਤਾ ਨੂੰ ਉਚਿਤ ਸਥਾਨ ਤੇ ਸਤਿਕਾਰ ਦਿੱਤਾ। ਪਰਜਾ ਨੇ ਮਾਤਾ ਸ਼ੀਤਲਾ ਨੂੰ ਖ਼ੁਸ਼ ਰੱਖਣ ਲਈ ਉਨ੍ਹਾਂ ਨੂੰ ਕੱਚੀ ਲੱਸੀ, ਗੁਲਗੁਲੇ, ਮਿੱਠੀ ਪੂਰੀ ਤੇ ਮਿੱਠੇ ਚੌਲਾਂ ਦਾ ਭੋਗ ਲਗਾਇਆ। ਮਾਤਾ ਦੇ ਆਸ਼ੀਰਵਾਦ ਨਾਲ ਸਾਰੇ ਬਿਲਕੁਲ ਠੀਕ ਹੋ ਗਏ। ਉਸ ਸਮੇਂ ਤੋਂ ਹਰ ਸਾਲ ਲੋਕ ਸ਼ੀਤਲਾ ਮਾਤਾ ਦੀ ਸ਼ਰਧਾ ਨਾਲ ਪੂਜਾ ਕਰਦੇ ਆ ਰਹੇ ਹਨ। •

94655-96231

## ਅਹਿਲ-ਏ-ਤਸੱਵੁਫ਼

ਪ੍ਰੋ. ਗੁਰਚਰਨ ਸਿੰਘ ਤਲਵਾੜਾ

ਅਹਿਲ-ਏ-ਤਸੱਵੁਫ਼ ਸੂਫ਼ੀ ਦਰਵੇਸ਼ਾਂ ਨੂੰ ਕਿਹਾ ਜਾਂਦਾ ਹੈ। ਇਹ ਲੋਕ ਸੂਫ਼ ਦਾ ਪਹਿਰਾਵਾ ਧਾਰਨ ਕਰਿਆ ਕਰਦੇ ਸਨ ਅਤੇ ਦਿਲਾਂ ਦੀ ਸਫ਼ਾਈ ਨੂੰ ਅਹਿਮੀਅਤ ਦੇ ਕੇ ਅੱਲਾਹ ਦੀ ਇਬਾਦਤ ਵਿਚ ਲੀਨ ਰਹਿੰਦੇ ਸਨ। ਇਨ੍ਹਾਂ ਸੂਫ਼ੀ ਦਰਵੇਸ਼ਾਂ ਨੂੰ ਹੀ ਅਹਿਲ-ਏ-ਸੁੱਫ਼ਾ ਕਿਹਾ ਜਾਂਦਾ ਹੈ। ਅਰਬ ਵਿਚ ਜਦੋਂ ਕੋਈ ਵਿਅਕਤੀ ਸੂਫ਼ ਦੇ ਬਸਤਰ ਪਹਿਨਦਾ ਸੀ ਤਾਂ ਅਰਬ ਦੇ ਲੋਕ ਕਹਿੰਦੇ ਸਨ-ਤਸੱਵੁਫ਼, ਅਰਥਾਤ ਸੂਫ਼ ਦਾ ਪਹਿਰਾਵਾ ਗ੍ਰਹਿਣ ਕੀਤਾ। ਅਹਿਲ-ਏ-ਤਸੱਵੁਫ਼ ਦੇ ਤਿੰਨ ਦਰਜੇ ਮੰਨੇ ਜਾਂਦੇ ਹਨ-ਸੂਫ਼ੀ, ਮੁੱਤਸੱਵਫ਼ ਅਤੇ ਮੁਸਤਸੱਵੁਫ਼।

ਸੂਫ਼ੀ ਉਸ ਨੂੰ ਕਹਿੰਦੇ ਹਨ ਜੋ ਆਪਣੀ ਹਸਤੀ ਨੂੰ ਫ਼ਨਾਹ ਕਰ ਕੇ ਅੱਲਾਹ ਨਾਲ ਵਿਸਾਲ ਕਰ ਲਵੇ ਅਤੇ ਨਫ਼ਸਾਨੀ ਖ਼ਾਹਿਸ਼ਾਂ ਨੂੰ ਮਿਟਾ ਕੇ ਹਕੀਕਤ ਨੂੰ ਜਾਣ ਚੁੱਕਿਆ ਹੋਵੇ। ਮੁਤਸੱਵੁਫ਼ ਉਹ ਹੈ ਜੋ ਇਬਾਦਤ ਅਤੇ ਰਿਆਜ਼ਤ ਕਰ ਰਿਹਾ ਹੈ ਅਤੇ ਮੰਜ਼ਿਲ ਤਕ ਪਹੁੰਚਣ ਲਈ ਯਤਨਸ਼ੀਲ ਹੈ। ਮੁਸਤਸੱਵੁਫ਼ ਉਹ ਹੈ ਜੋ ਸੂਫ਼ੀ ਤਾਂ ਨਹੀਂ ਹੈ ਲੇਕਿਨ ਸੂਫ਼ੀਆਂ ਦੀ ਨਕਲ ਕਰਦਾ ਹੈ, ਨਕਲੀ ਸੂਫ਼ੀ ਹੈ। ਮਾਲੋ-ਦੌਲਤ ਅਤੇ ਵਡਿਆਈ ਦੀ ਖ਼ਾਤਰ ਸੂਫ਼ੀ ਹੋਣ ਦਾ ਢੋਂਗ ਕਰਦਾ ਹੈ ਅਤੇ ਭੋਲੇ-ਭਾਲੇ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ। ਐਸੇ ਨਕਲੀ, ਭੇਖੀ ਤੇ ਪਖੰਡੀ ਸੂਫ਼ੀਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ। •

94634-63193



# ਬਾਬਾ ਸ੍ਰੀਚੰਦ ਜੀ ਦਾ ਗੁਰਦੁਆਰਾ ਸ੍ਰੀ ਟਾਹਲੀ ਸਾਹਿਬ, ਗਾਹਲੜੀ



ਪ੍ਰੋ. ਮਨਪ੍ਰੀਤ ਗੋਰਾਇਆ
98722-79258

ਬਾਬਾ ਸ੍ਰੀਚੰਦ ਜੀ ਨਾਲ ਸਬੰਧਤ ਕੁਝ ਸਾਖੀਆਂ 'ਚ ਇਸ ਸਥਾਨ ਦਾ ਜ਼ਿਕਰ ਜ਼ਰੂਰ ਆਉਂਦਾ ਹੈ। ਬਾਬਾ ਸ੍ਰੀਚੰਦ ਜੀ ਜਦ ਵੀ ਡੇਰਾ ਬਾਬਾ ਨਾਨਕ ਤੋਂ ਸ੍ਰੀ ਬਾਰਠ ਸਾਹਿਬ, ਪਠਾਨਕੋਟ ਜਾਂਦੇ ਸਨ ਤਾਂ ਕੁਝ ਸਮਾਂ ਇਥੇ ਜ਼ਰੂਰ ਰੁਕਦੇ ਸਨ...

ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਦਿਆ ਹੀ ਮਨ ਨੂੰ ਸ਼ਾਂਤੀ ਮਿਲਦੀ ਹੈ। ਹਰ ਪ੍ਰਾਣੀ ਤੋਂ ਜਾਣੇ-ਅਣਜਾਣੇ ਪਾਪ ਹੁੰਦੇ ਰਹਿੰਦੇ ਹਨ। ਜ਼ਿੰਦਗੀ 'ਚ ਅਜਿਹਾ ਸਮਾਂ ਵੀ ਆ ਜਾਂਦਾ ਹੈ ਜਦ ਪ੍ਰਾਣੀ ਆਪਣੇ ਔਗੁਣਾਂ 'ਤੇ ਪਛਤਾਉਂਦਾ ਹੈ। ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਦੇ ਪਿੰਡ ਗਾਹਲੜੀ ਵਿਖੇ ਬਾਬਾ ਸ੍ਰੀਚੰਦ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸ੍ਰੀ ਟਾਹਲੀ ਸਾਹਿਬ ਅਜਿਹਾ ਅਸਥਾਨ ਹੈ, ਜਿਸ ਨੂੰ ਪਾਪ ਉਤਾਰਨ ਦਾ ਵਰ ਪ੍ਰਾਪਤ ਹੈ। ਜਿਹੜਾ ਵੀ ਪ੍ਰਾਣੀ ਸ਼ਰਧਾ-ਭਾਵਨਾ ਨਾਲ ਇਸ ਅਸਥਾਨ 'ਤੇ ਨਤਮਸਤਕ ਹੁੰਦਾ ਹੈ ਉਸ ਦੇ ਪਾਪ ਉਤਰ ਜਾਂਦੇ ਹਨ। ਇਹ ਗੁਰਦੁਆਰਾ ਗੁਰਦਾਸਪੁਰ ਤੋਂ ਕਰੀਬ 10 ਕਿਲੋਮੀਟਰ ਦੂਰ ਹਲਕਾ ਦੀਨਾਨਗਰ ਦੇ ਪਿੰਡ ਗਾਹਲੜੀ ਵਿਖੇ ਸਥਿਤ ਹੈ। ਇਹ ਗੁਰਦੁਆਰਾ ਸਾਹਿਬ ਪੁਰਾਤਨ ਸਮੇਂ ਤੋਂ ਬਾਬਾ ਸ੍ਰੀਚੰਦ ਜੀ ਦੀ ਯਾਦ 'ਚ ਸਥਾਪਿਤ ਕੀਤਾ ਗਿਆ ਹੈ। ਇਸ ਸਬੰਧੀ 25 ਸਾਲ ਪਹਿਲਾਂ ਇਥੇ ਸਟੇਜ ਸਕੱਤਰ ਦੀ ਸੇਵਾ ਨਿਭਾਉਣ ਵਾਲੇ ਬਜ਼ੁਰਗ ਨੇ ਦੱਸਿਆ ਕਿ ਇਸ ਧਰਤੀ ਨੂੰ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ, ਮਹਾਨ ਤਪੱਸਵੀ ਤੇ ਲੰਬੀ ਉਮਰ (ਕਰੀਬ 152 ਸਾਲ) ਦੇ ਚਿਰਜੀਵੀ ਬਾਬਾ ਸ੍ਰੀਚੰਦ ਜੀ ਨੇ ਕਿਸੇ ਸਮੇ ਆ ਕੇ ਭਾਗ ਲਾਏ ਸਨ। ਇਸ ਅਸਥਾਨ 'ਤੇ ਦੂਰੋਂ-ਦੂਰੋਂ ਆਉਣ ਵਾਲੇ ਸ਼ਰਧਾਲੂ ਨਤਮਸਤਕ ਹੋ ਕੇ ਮੰਨਤਾਂ ਮੰਗਦੇ ਹਨ।

ਇਤਿਹਾਸ 'ਚ ਇਸ ਜਗ੍ਹਾ ਬਾਰੇ ਵਿਸਥਾਰ ਨਾਲ ਵੇਰਵਾ ਨਹੀਂ ਮਿਲਦਾ ਪਰ ਬਾਬਾ ਸ੍ਰੀਚੰਦ ਜੀ ਨਾਲ ਸਬੰਧਤ ਕੁਝ ਸਾਖੀਆਂ 'ਚ ਇਸ ਸਥਾਨ ਦਾ ਜ਼ਿਕਰ ਜ਼ਰੂਰ ਆਉਂਦਾ ਹੈ। ਬਾਬਾ ਸ੍ਰੀਚੰਦ ਜੀ ਜਦ ਵੀ ਡੇਰਾ ਬਾਬਾ ਨਾਨਕ ਤੋ ਸ੍ਰੀ ਬਾਰਠ ਸਾਹਿਬ (ਪਠਾਨਕੋਟ) ਜਾਂਦੇ ਸਨ ਤਾਂ ਕੁਝ ਸਮਾਂ ਇਥੇ ਜ਼ਰੂਰ ਰੁਕਦੇ ਸਨ। ਇਸ ਪਵਿੱਤਰ ਜਗ੍ਹਾ ਨਾਲ ਸਬੰਧਤ ਇਕ ਗਾਥਾ ਪ੍ਰਚਲਿਤ ਹੈ ਕਿ ਕਦੇ ਗੁਰਦੁਆਰਾ ਸਾਹਿਬ ਵਾਲੀ ਇਸ ਥਾਂ 'ਤੇ ਰਾਵੀ ਦਰਿਆ ਵਗਦਾ ਸੀ। ਦਰਿਆ ਦਾ ਤੇਜ਼ ਵਹਾਅ ਹਮੇਸ਼ਾ ਗਾਹਲੜੀ ਤੇ ਆਸ-ਪਾਸ ਦੇ ਪਿੰਡਾਂ ਦਾ ਉਜਾੜਾ ਕਰ ਜਾਂਦਾ ਸੀ। ਜਿਸ ਕਾਰਨ ਲੋਕਾਂ ਦਾ ਜਿਊਣਾ ਮੁਹਾਲ ਸੀ। ਇਕ ਵਾਰ ਜਦ ਬਾਬਾ ਸ੍ਰੀਚੰਦ ਇਸ ਜਗ੍ਹਾ ਰੁਕੇ ਤਾਂ ਇਲਾਕੇ ਦੀਆਂ ਸੰਗਤਾਂ ਨੇ ਉਨ੍ਹਾਂ ਦੇ ਦਰਸ਼ਨਾਂ ਮੌਕੇ ਬੇਨਤੀ ਕੀਤੀ ਕਿ ਇਹ ਰਾਵੀ ਦਰਿਆ ਸਾਡੀਆਂ ਫ਼ਸਲਾਂ ਤੇ ਘਰ-ਘਾਟ ਉਜਾੜ ਰਿਹਾ ਹੈ। ਕ੍ਰਿਪਾ ਕਰਕੇ ਇਸ ਦਾ ਕੋਈ ਹੱਲ ਲੱਭੋ। ਸੰਗਤਾਂ ਦੀ ਬੇਨਤੀ ਸੁਣ ਕੇ ਬਾਬਾ ਸ੍ਰੀਚੰਦ ਜੀ, ਜੋ ਉਸ ਸਮੇ ਟਾਹਲੀ ਦੀ ਦਾਤਣ ਕਰ ਰਹੇ ਸਨ, ਨੇ ਉਸ ਨੂੰ ਰਾਵੀ ਦਰਿਆ ਦੇ ਕੰਢੇ ਗੱਡ ਕੇ ਬਚਨ ਕੀਤੇ, 'ਜਾਹ ਆਪਣਾ ਰਸਤਾ ਬਦਲ ਲੈ।' ਜਿਉਂ-ਜਿਉਂ ਗੱਡੀ ਹੋਈ ਉਹ ਦਾਤਣ ਹਰੀ ਹੋ ਕੇ ਟਾਹਲੀ ਦਾ ਰੁੱਖ ਬਣਦੀ ਗਈ ਤਿਵੇਂ-ਤਿਵੇਂ ਰਾਵੀ ਦਰਿਆ ਵੀ ਆਪਣੀ ਥਾਂ ਤੋਂ ਪਿੱਛੇ ਹਟਦਾ ਗਿਆ। ਇਸ ਸਮੇ ਰਾਵੀ ਦਰਿਆ ਇਸ ਪਵਿੱਤਰ ਅਸਥਾਨ ਤੋਂ ਕਰੀਬ 4 ਕਿਲੋਮੀਟਰ ਦੀ ਦੂਰੀ 'ਤੇ ਵਗਦਾ ਹੈ। ਇਸ ਤਰ੍ਹਾਂ ਇਹ ਅਸਥਾਨ ਗੁਰਦੁਆਰਾ ਸ੍ਰੀ ਟਾਹਲੀ ਸਾਹਿਬ ਗਾਹਲੜੀ ਵਜੋਂ ਪ੍ਰਸਿੱਧ ਹੋ ਗਿਆ। ਇਸ ਅਸਥਾਨ ਦੀ ਸੇਵਾ ਇਥੇ ਦੇ ਵਾਸਨੀਕ ਬੇਦੀ ਸਾਹਿਬ (ਬਾਵਾ ਪਰਿਵਾਰ) ਕਈ ਸਦੀਆਂ ਤੋਂ ਕਰਦਾ ਆ ਰਿਹਾ ਸੀ ਪਰ ਪਿਛਲੇ ਕੁਝ ਸਮੇਂ ਤੋਂ ਇਸ ਦੀ ਸੇਵਾ ਇਲਾਕੇ ਦੀ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋ ਸ਼ਰਧਾ ਨਾਲ ਕੀਤੀ ਜਾ ਰਹੀ ਹੈ। ਇਸ ਅਸਥਾਨ 'ਤੇ ਹਰ ਮਹੀਨੇ ਮੱਸਿਆ ਦਾ ਦਿਹਾੜਾ ਸ਼ਰਧਾ ਨਾਲ ਮਨਾਇਆ ਜਾਂਦਾ ਹੈ ਅਤੇ ਹਰ ਸਾਲ ਤਿੰਨ ਦਿਨ ਵਿਸਾਖੀ ਦਾ ਮੇਲਾ ਲਗਦਾ ਹੈ। ਦੂਰ-ਦੁਰਾਡੇ ਤੋਂ ਸੰਗਤਾਂ ਇਥੇ ਆ ਕੇ ਨਤਮਸਤਕ ਹੁੰਦੀਆ ਹਨ।

ਇਸ ਪਵਿੱਤਰ ਅਸਥਾਨ ਬਾਰੇ ਬਾਬਾ ਸ੍ਰੀਚੰਦ ਜੀ ਦੀ ਜਨਮ ਸਾਖੀ ਵਿਚ ਦੱਸਿਆ ਗਿਆ ਹੈ ਕਿ ਜਦੋਂ ਮੀਰੀ-ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਮੁਗ਼ਲ ਬਾਦਸ਼ਾਹ ਜਹਾਂਗੀਰ ਵੱਲੋਂ ਧੋਖੇ ਨਾਲ ਗ੍ਰਿਫ਼ਤਾਰ ਕਰ ਕੇ ਗਵਾਲੀਅਰ ਦੇ ਕਿਲ੍ਹੇ 'ਚ ਕੈਦ ਕਰ ਦਿੱਤਾ ਗਿਆ ਤਾਂ ਉਸ ਸਮੇ ਬਾਬਾ ਸ੍ਰੀਚੰਦ ਜੀ ਪਿੰਡ ਗਾਹਲੜੀ ਵਿਖੇ ਮੌਜੂਦ ਸਨ। ਉਸ ਸਮੇ ਗੁਰੂ ਅਰਜਨ ਦੇਵ ਜੀ ਦੇ ਮਹਿਲ ਮਾਤਾ ਗੰਗਾ ਜੀ ਪਿੰਡ ਗਾਹਲੜੀ ਵਿਖੇ ਬਾਬਾ ਸ੍ਰੀਚੰਦ ਜੀ ਦੇ ਦਰਸ਼ਨਾਂ ਨੂੰ ਆਏ ਤਾਂ ਬਾਬਾ ਜੀ ਨੇ ਮਾਤਾ ਗੰਗਾ ਜੀ ਤੋਂ ਗੁਰੂ ਹਰਗੋਬਿੰਦ ਸਾਹਿਬ ਤੇ ਹੋਰ ਸਿੱਖਾਂ ਬਾਰੇ ਹਾਲ-ਚਾਲ ਸੁਣਿਆ। ਉਨ੍ਹਾਂ ਨੂੰ ਗੁਰੂ ਹਰਗੋਬਿੰਦ ਸਾਹਿਬ ਬਾਰੇ ਸਾਰੀ ਗੱਲ ਸੁਣ ਕੇ ਬਹੁਤ ਦੁੱਖ ਲੱਗਾ। ਉਸ ਸਮੇਂ ਬਾਬਾ ਸ੍ਰੀਚੰਦ ਜੀ ਨੇ ਆਪਣੇ ਸੇਵਕ ਬੁੱਢਾ ਜੀ ਅਤੇ ਜੇਠੂ ਜੀ ਨੂੰ ਹੁਕਮ ਕੀਤਾ ਕਿ ਉਹ ਰਾਤ ਸਮੇਂ ਸ਼ੇਰਾਂ ਦਾ ਰੂਪ ਧਾਰਨ ਕਰ ਕੇ ਜਹਾਂਗੀਰ ਨੂੰ ਸੁਪਨੇ ਵਿਚ ਭੈ-ਭੀਤ ਕਰਨ। ਜਦੋਂ ਉਨ੍ਹਾਂ ਇਸੇ ਤਰ੍ਹਾਂ ਕੀਤਾ ਤਾਂ ਜਹਾਂਗੀਰ ਨੇ ਭੈ-ਭੀਤ ਹੋ ਕੇ ਅਹਿਲਕਾਰਾਂ ਨੂੰ ਹੁਕਮ ਦਿੱਤਾ ਕਿ ਗੁਰੂ ਹਰਗੋਬਿੰਦ ਸਾਹਿਬ ਨੂੰ ਕਿਲ੍ਹੇ ਤੋਂ ਰਿਹਾਅ ਕਰ ਦਿੱਤਾ ਜਾਵੇ। ਇਤਿਹਾਸ ਅਨੁਸਾਰ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੀ ਰਿਹਾਈ ਤੋਂ ਕੋਰੀ ਨਾਂਹ ਕਰ ਦਿੱਤੀ । ਇਸ ਸਬੰਧੀ ਜਦ ਜਹਾਂਗੀਰ ਦੇ ਸਾਥੀਆ ਨੇ ਗੁਰੂ ਸਾਹਿਬ ਨੂੰ ਪੁੱਛਿਆ ਕਿ ਰਿਹਾਅ ਨਾ ਹੋਣ ਦਾ ਕਾਰਨ ਕੀ ਹੈ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਜੋ ਕਿਲ੍ਹੇ ਵਿਚ ਕੈਦ ਕੀਤੇ ਗਏ ਰਾਜਿਆਂ ਨੂੰ ਵੀ ਉਨ੍ਹਾਂ ਦੇ ਨਾਲ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਉਸ ਸਮੇਂ ਜਹਾਂਗੀਰ ਨੇ ਆਖਿਆ ਕਿ 'ਆਪ ਦਾ ਪੱਲਾ ਪਕੜ ਕੇ ਜਿੰਨੇ ਰਾਜੇ ਆ ਸਕਦੇ ਹਨ, ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ। ਉਸ ਸਮੇ ਕਿਲ੍ਹੇ ਅੰਦਰ 52 ਰਾਜੇ ਸਨ। ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਸਿੱਖਾਂ ਜ਼ਰੀਏ 52 ਕਲੀਆਂ ਵਾਲਾ ਚੋਲਾ ਤਿਆਰ ਕਰਵਾਇਆ, ਜਿਸ ਨੂੰ ਪਹਿਨ ਕੇ ਗੁਰੂ ਜੀ ਨੇ 52 ਰਾਜਿਆਂ ਨੂੰ ਇਹ 52 ਕਲੀਆਂ ਫੜਾ ਕੇ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਕਰਵਾਇਆ ਸੀ। ਗੁਰੂ ਸਾਹਿਬ ਨੇ ਗਵਾਲੀਅਰ ਤੋਂ ਦਿੱਲੀ ਅਤੇ ਦਿੱਲੀ ਤੋਂ ਸ੍ਰੀ ਅੰਮ੍ਰਿਤਸਰ ਸਿੱਖਾਂ ਨੂੰ ਦਰਸ਼ਨ ਦਿੱਤੇ। ਸਿੱਖਾਂ ਨੇ ਖ਼ੁਸ਼ੀ ਵਿਚ ਸ੍ਰੀ ਹਰਮਿੰਦਰ ਸਾਹਿਬ ਵਿਖੇ ਦੀਪਮਾਲਾ ਕੀਤੀ। •



# ਡਾਕਟਰੀ ਪੇਸ਼ਾ



ਸੁੰਦਆਲ ਪ੍ਰੇਮੀ

ਡਾਕਟਰੀ ਪੇਸ਼ਾ ਪਵਿੱਤਰ ਮੰਨਿਆ ਜਾਂਦਾ ਹੈ। ਡਾਕਟਰ ਨੂੰ ਰੱਬ ਦਾ ਦੂਸਰਾ ਰੂਪ ਕਹਿਣ 'ਚ ਕੋਈ ਸੰਕੋਚ ਨਹੀ ਕੀਤਾ ਜਾਂਦਾ। ਮਰੀਜ਼ ਪ੍ਰਤੀ ਸਮਰਪਣ ਵਾਲੀ ਭਾਵਨਾ ਡਾਕਟਰ ਨੂੰ ਹਰਮਨ-ਪਿਆਰਾ ਬਣਾਉਂਦੀ ਹੈ। ਮਰੀਜ਼ ਦਾ ਤਨਦੇਹੀ ਨਾਲ ਕੀਤਾ ਇਲਾਜ ਨਵੀ ਜ਼ਿੰਦਗੀ ਪ੍ਰਦਾਨ ਕਰ ਸਕਦਾ ਹੈ। ਦਿਲ ਦਾ ਸਾਫ਼ ਇਨਸਾਨ ਡਾਕਟਰ ਆਪਣੀ ਬੱਲੇ-ਬੱਲੇ ਕਰਵਾ ਸਕਦਾ ਹੈ। ਵਾਰਸਾਂ ਦੇ ਸੀਨੇ ਠੰਢ ਪਾਉਂਦਾ ਹੈ। ਮਰੀਜ਼ ਨੂੰ ਤੇ ਉਸ ਦੇ ਵਾਰਸਾਂ ਨੂੰ ਸਹੀ ਜਾਣਕਾਰੀ ਦੇ ਕੇ ਬੇਲੋੜੇ ਟੈਸਟਾਂ ਦੇ ਚੱਕਰਾਂ ਤੋਂ ਕਿਨਾਰਾ ਕਰਕੇ ਮੁਸਕਾਨਾਂ ਦੀ ਮਹਿਕ ਖਿਲਾਰਨ ਵਾਲਾ ਡਾਕਟਰ ਮਰੀਜ਼ ਦੇ ਲਈ ਮਸੀਹਾ ਸਾਬਿਤ ਹੁੰਦਾ ਹੈ। ਆਪਣੇ ਪੇਸ਼ੇ ਨਾਲ ਇਨਸਾਫ ਕਰਨ ਵਾਲੇ ਸਾਊ ਡਾਕਟਰ ਦੀ ਇਲਾਕੇ 'ਚ ਪ੍ਰਸੰਸਾ ਹੋਣ ਕਰਕੇ ਮਰੀਜ਼ਾਂ ਦਾ ਵਿਸ਼ਵਾਸ ਉਸ ਵੱਲ ਹੋਣਾ ਸੁਭਾਵਿਕ ਹੈ। ਡਾਕਟਰੀ ਪੇਸ਼ਾ ਕਿੱਤੇ- ਕਿੱਤੇ ਜਲਾਦ ਦਾ ਰੂਪ ਧਾਰਨ ਕਰ ਲੈਂਦਾ ਹੈ। ਮਰੀਜ਼ ਦੀ ਜ਼ਿੰਦਗੀ ਨਾਲੋਂ ਪੈਸੇ ਨਾਲ ਹੇੜ ਜਤਾਇਆ ਜਾਂਦਾ ਹੈ। ਲੱਖਾਂ ਰੁਪਏ ਹੜੱਪ ਕੇ ਡਾਕਟਰ ਮਰੀਜ਼ਾਂ ਨੂੰ ਸ਼ਮਸ਼ਾਨ ਦੇ ਦਰ ਪਹੁੰਚਾ ਕੇ ਅਲੋਚਨਾ ਦੇ ਪਾਤਰ ਬਣਦੇ ਹਨ। ਆਮ ਤੌਰ 'ਤੇ ਮਰੀਜ਼ ਦੀ ਜ਼ਿੰਦਗੀ ਨਾਲ ਜਿੱਥੇ ਲਾਪ੍ਰਵਾਹੀ ਦਾ ਤਾਣਾ ਵਰਤਿਆ ਜਾਂਦਾ ਹੈ, ਉਥੇ ਮਰੀਜ਼ਾਂ ਦੇ ਵਾਰਸਾਂ ਨਾਲ ਵੀ ਗੈਰ ਇਨਸਾਨੀ ਵਰਤਾਰਾ ਕੀਤਾ ਜਾਂਦਾ ਹੈ। ਮਰੀਜ਼ ਦੀ ਜ਼ਿੰਦਗੀ ਨਾਲੋਂ ਪੈਸੇ ਨੂੰ ਪਹਿਲ ਦਿੱਤੀ ਜਾਂਦੀ ਹੈ। ਆਮ ਆਦਮੀ ਪ੍ਰਾਈਵੇਟ ਹਸਪਤਾਲ ਜਾਣ ਲਈ ਮਜਬੂਰ ਹੁੰਦਾ ਹੈ। ਸਰਕਾਰੀ ਹਸਪਤਾਲਾਂ 'ਚ ਮਰੀਜ਼ ਨੂੰ ਟੈਸਟਾਂ ਦੇ ਗਧੀ-ਗੇੜ 'ਚ ਪਾਇਆ ਜਾਂਦਾ ਹੈ। ਟੈਸਟ ਤੇ ਐਕਸਰੇ ਡਾਕਟਰ ਦੀ ਇੱਛਾ ਅਨੁਸਾਰ ਕਰਾ ਕੇ ਮਰੀਜ਼ ਦੀ ਛਿੱਲ ਲਾਈ ਜਾਂਦੀ ਹੈ। ਸਰਕਾਰੀ ਹਸਪਤਾਲਾਂ 'ਚ ਮਰੀਜ਼ਾਂ ਦੀ ਹਾਲਤ ਯਤੀਮਖਾਨੇ ਨਾਲੋਂ ਭੈੜੀ ਹੋ ਜਾਂਦੀ ਹੈ। ਸਰਕਾਰੀ ਹਸਪਤਾਲ ਦੇ ਡਾਕਟਰ ਨੂੰ ਉਸਦੀ ਕੋਠੀ ਮਰੀਜ਼ ਵਿਖਾਉਂਦਾ ਹੈ, ਫਿਰ ਵੀ ਉਸਦੇ ਹਸਪਤਾਲ 'ਚ ਨਿਗਰਾਨੀ ਕੀਤੀ ਜਾਂਦੀ ਹੈ। ਮਰੀਜ਼ਾਂ ਨੂੰ ਦਿਲ ਲਾ ਕੇ ਵੇਖਣ ਦੀ ਬਜਾਏ ਮਰੀਜ਼ਾਂ ਦੀ ਮੂਲ ਦੁਆਈ ਲਿੱਖੀ ਜਾਂਦੀ ਹੈ। ਮਰੀਜ਼ਾਂ 'ਤੇ ਬਹੁਤਾ ਸਮਾਂ ਨਹੀ ਲਾਇਆ ਜਾਂਦਾ ਹੈ। ਸਿਰਫ਼ ਜਾਣ-ਪਛਾਣ ਵਾਲੇ ਮਰੀਜ਼ ਨੂੰ ਧਿਆਨ ਨਾਲ ਦੇਖਿਆ ਜਾਂਦਾ ਹੈ। ਇਹੀ ਹਾਲਤ ਮੈਡੀਕਲ ਕਾਲਜ਼ ਤੇ ਹਸਪਤਾਲਾਂ 'ਚ ਦੇਖੀ ਜਾਂਦੀ ਹੈ। ਇੱਥੇ ਵੀ ਡਾਕਟਰਾਂ ਵੱਲੋਂ ਲਾਪ੍ਰਵਾਹੀ ਕਰਕੇ ਮਰੀਜ਼ ਨੂੰ ਛੇਤੀ ਹੱਥ ਨਾ ਪਾਉਣ ਕਰਕੇ ਮਰੀਜ਼ ਨੂੰ ਮੌਤ ਦੇ ਮੂੰਹ ਪਾ ਦਿੰਦੇ ਹਨ। ਫਿਰ ਜਦੋਂ ਮਰੀਜ਼ ਤੜਫਦਾ ਹੈ ਤੇ ਉਸਦੇ ਬਾਅਦ ਡਾਕਟਰ ਉਸਨੂੰ ਬਚਾਉਣ ਦੀ ਦੁਹਾਈ ਪਾਉਂਦੇ ਹਨ। ਮੌਤ ਤੋਂ ਬਾਅਦ ਪੋਸਟਮਾਰਟਮ 'ਚ ਵੀ ਲਾਸ਼ ਦੇ ਵਾਰਸਾਂ ਦੀ ਖਦਾਨ-ਖੁਦਾਰੀ ਕਰਨ 'ਚ ਜਰਾ ਵੀ ਤਰਸ ਨਹੀ ਕੀਤਾ ਜਾਂਦਾ। ਲੜਾਈ-ਝਗੜੇ, ਕੁਟਾਈ-ਮਾਰ ਕਾਰਨ ਵੱਜੀਆਂ ਸੱਟਾਂ ਡੂੰਘੇ ਜ਼ਖ਼ਮਾਂ 'ਚ ਵੀ ਡਾਕਟਰੀ ਰਿਪੋਰਟ 'ਚ ਸੱਚਾਈ ਨਹੀ ਆਉਣ ਦਿੰਦੇ। ਅਦਾਲਤ 'ਚ ਸਰਕਾਰੀ ਡਾਕਟਰ ਦੀ ਰਿਪੋਰਟ ਅਹਿਮੀਅਤ ਕਰਕੇ ਦੋਸ਼ੀ ਨੂੰ ਬਚਾਇਆ ਜਾਂਦਾ ਹੈ। ਕਿਤੇ ਮਾਮੂਲੀ ਸਜ਼ਾਂ ਹੋਣ ਕਰਕੇ ਤੁਰੰਤ ਜਮਾਨਤ ਵੀ ਮਿਲ ਜਾਂਦੀ ਹੈ। ਸਰਕਾਰੀ ਨੌਕਰੀ 'ਚ ਸਬੰਧੰਤ ਮਹਿਕਮੇ 'ਚ ਕਰਮਚਾਰੀ ਤਾਂ ਹੀ ਹਾਜ਼ਰ ਹੋ ਸਕਦੇ ਹਨ ਜੇ ਮੈਡੀਕਲ ਫਿਟਨੈਸ ਸਰਟੀਫਿਕੇਟ ਨਸੀਬ ਹੋਵੇ। ਪੇਂਡੂ ਡਿਸਪੈਂਸਰੀਆਂ 'ਚ ਆਮਤੌਰ 'ਤੇ ਡਾਕਟਰ ਲੇਟ ਲਤੀਫ ਹੀ ਆਉਂਦੇ ਹਨ। ਡਿਊਟੀ ਦਾ ਪਾਬੰਦ ਵਿਰਲਾ ਡਾਕਟਰ ਸਮੇਂ ਸਿਰ ਡਿਸਪੈਂਸਰੀ ਪਹੁੰਚ ਕੇ ਮਰੀਜ਼ਾਂ ਦੀ ਸੇਵਾ 'ਚ ਜੁੱਟ ਜਾਂਦੇ ਹਨ। ਸਰਕਾਰੀ ਹਸਪਤਾਲਾਂ 'ਚ ਡਿਸਪੈਂਸਰੀਆਂ 'ਚ ਦਵਾਈਆਂ ਦੀ ਘਾਟ ਗਰੀਬ ਮਰੀਜ਼ਾਂ ਦੀ ਸਿਰ ਦਰਦੀ ਬਣ ਜਾਂਦੀ ਹੈ। ਸਟਾਕ ਵਿੱਚੋਂ ਕੁੱਝ ਅਹਿਮ ਤੇ ਮਹਿੰਗੀਆਂ ਦਵਾਈਆਂ ਪੀਕੇ ਗੁਲੂਕੋਸ ਮਿਲੀਭਗਤ ਰਾਹੀ ਗਾਇਬ ਕਰਕੇ ਪੈਸੇ ਜੇਬ 'ਚ ਪਾਏ ਜਾਂਦੇ ਹਨ। ਸਰਕਾਰੀ ਹਸਪਤਾਲਾਂ 'ਚ ਵੀ ਦਵਾਈਆਂ ਹਲਕੀਆਂ ਹੁੰਦੀਆਂ ਹਨ। ਸਰਕਾਰੀ ਡਾਕਟਰ ਨੂੰ ਪ੍ਰੈਕਟਸ ਨਾ ਹੋਣ ਕਰਕੇ ਕਾਫ਼ੀ ਫ਼ਾਇਦਾ ਚੁੱਕ ਰਹੇ ਹਨ। ਪੈਸੇ ਦੀ ਦੌੜ 'ਚ ਘਰਾਂ 'ਚ ਜਾਂ ਕੋਠੀਆਂ 'ਚ ਆਪਣੇ ਪ੍ਰਾਈਵੇਟ ਕਲੀਨਿਕ ਖੋਲ੍ਹ ਕੇ ਆਪਣੇ ਖ਼ਜ਼ਾਨੇ ਭਰ ਰਹੇ ਹਨ। ਕਈ ਡਾਕਟਰ ਤਾਂ ਕੁੱਝ ਸਾਲ ਨੌਕਰੀ ਕਰਨ ਤੋਂ ਬਾਅਦ ਆਪਣਾ ਪ੍ਰਾਈਵੇਟ ਹਸਪਤਾਲ ਖੋਲ੍ਹ ਕੇ ਖ਼ੂਬ ਹੱਟੀ ਕਰਦੇ ਹਨ। ਡਾਕਟਰੀ ਮਿਸ਼ਨ ਨੂੰ ਲੱਤ ਮਾਰ ਦਿੰਦੇ ਹਨ। ਪ੍ਰਾਈਵੇਟ ਹਸਪਤਾਲਾਂ, ਕਲੀਨਿਕਾਂ 'ਚ ਤਾਂ ਮਰੀਜ਼ਾਂ ਦੀ ਥਾਂ ਪੈਸੇ ਨੂੰ ਅੱਗੇ ਰੱਖਿਆ ਜਾਂਦਾ ਹੈ। ਇਥੇ ਬੇਤੁਕੀ ਫੀਸ ਰਾਹੀ ਹੋਰ ਮਹਿੰਗੀਆਂ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਜਿਸ ਨਾਲ ਇਕ ਆਮ ਇਨਸਾਨ ਦਾ ਬਹੁਤ ਔਖਾ ਹੋ ਜਾਂਦਾ ਹੈ ਤੇ ਕਈ ਵਾਰ ਤਾਂ ਪੈਸੇ ਕਰਕੇ ਇਲਾਜ ਵੀ ਨਹੀਂ ਕਰਵਾਇਆ ਜਾਂਦਾ।



98140-51099

# ਬੱਚਿਆਂ ਦੀਆਂ ਸੱਟਾਂ 'ਤੇ ਰੋਕਥਾਮ

ਡਾ. ਵੀ.ਕੇ.ਅਹੂਜਾ



**ਸੜਕੀ ਹਾਦਸੇ, ਡੁੱਬਣਾ, ਡਿੱਗਣਾ, ਅੱਗ ਲੱਗਣਾ, ਜ਼ਹਿਰੀਲੀਆਂ ਚੀਜ਼ਾਂ ਖਾ ਜਾਣਾ ਅਤੇ ਜਾਨਵਰਾਂ ਦਾ ਵੱਢਣਾ ਆਦਿ ਨੂੰ ਅਣਦੇਖਿਆ ਨਹੀਂ ਕਰਨਾ ਚਾਹੀਦਾ। ਇਨ੍ਹਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ...**

ਬਚਪਨ ਦੀਆਂ ਸੱਟਾਂ ਆਮ ਜ਼ਿੰਦਗੀ 'ਚ ਇਕ ਸਾਧਾਰਨ ਜਿਹੀ ਗੱਲ ਹੈ ਪਰ ਬਚਪਨ ਦੀਆਂ ਸੱਟਾਂ ਦੀ ਰੋਕਥਾਮ ਦਾ ਵਿਸ਼ਾ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵੱਲੋਂ ਅਕਸਰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਬਚਪਨ ਦੀਆਂ ਸੱਟਾਂ ਦੇ ਖ਼ਤਰੇ ਬੇਸ਼ੱਕ ਦੁਨੀਆ ਦੇ ਹਰੇਕ ਦੇਸ਼ 'ਚ ਹੀ ਹਨ ਪਰ ਲਾਪ੍ਰਵਾਹੀ ਕਾਰਨ ਸਾਡੇ ਦੇਸ਼ 'ਚ ਇਹ ਇਕ ਗੰਭੀਰ ਸਮੱਸਿਆ ਹੈ। ਸਾਰੇ ਬੱਚੇ ਭਾਵੇਂ ਉਹ ਗਰੀਬ ਵਿਕਾਸਸ਼ੀਲ ਦੇਸ਼ ਜਾਂ ਵਿਕਸਿਤ ਦੇਸ਼ 'ਚ ਪੈਦਾ ਹੋਏ ਹੋਣ, ਸੁਰੱਖਿਅਤ ਅਤੇ ਸਿਹਤਮੰਦ ਵਿਕਸਿਤ ਹੋਣ ਦਾ ਹੱਕ ਰੱਖਦੇ ਹਨ।

90 ਫ਼ੀਸਦੀ ਤੋਂ ਵੱਧ ਘਾਤਕ ਸੱਟਾਂ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ 'ਚ ਲੱਗਦੀਆਂ ਹਨ ਤੇ ਗਰੀਬ ਲੋਕਾਂ 'ਤੇ ਉਨ੍ਹਾਂ ਦਾ ਭਾਰ ਜ਼ਿਆਦਾ ਪੈਂਦਾ ਹੈ। ਸੰਸਾਰ 'ਚ ਹਰ ਸਾਲ ਲਗਪਗ ਦਸ ਲੱਖ ਬੱਚੇ ਰੋਕਣਯੋਗ ਸੱਟਾਂ ਰਾਹੀਂ ਮਾਰੇ ਜਾਂਦੇ ਹਨ। ਕਈ ਵਾਰ ਇਸ ਤਰ੍ਹਾਂ ਦੇ ਕੇਸ ਮਿਲਦੇ ਹਨ ਕਿ ਬੱਚੇ ਸੜਕੀ ਦੁਰਘਟਨਾਵਾਂ 'ਚ ਮਾਰੇ ਜਾਂਦੇ ਹਨ। ਇਥੋਂ ਤਕ ਕਿ ਅਮਰੀਕਾ ਵਰਗੇ ਮੁਲਕ 'ਚ ਵੀ ਬੱਚਿਆਂ 'ਚ ਰੋਕਣਯੋਗ ਸੱਟਾਂ ਮੌਤ ਦਾ ਇਕ ਮੁੱਖ ਕਾਰਨ ਹੈ। ਭਾਰਤ ਸਬੰਧੀ ਸਾਡੇ ਕੋਲ ਚਾਹੇ ਸੀਮਿਤ ਅੰਕੜੇ ਹਨ ਪਰ ਮੌਤ ਦਾ ਇਕ ਮੁੱਖ ਕਾਰਨ ਹੈ ਅਤੇ ਇਥੇ ਵੀ 5 ਤੋਂ 14 ਸਾਲਾਂ ਦੇ ਬੱਚਿਆਂ 'ਚ ਦੂਜਾ ਮੌਤ ਦਾ ਵੱਡਾ ਕਾਰਨ ਬਣਦੇ ਹਨ। ਸੜਕੀ ਦੁਰਘਟਨਾਵਾਂ ਅਤੇ ਪਾਣੀ 'ਚ ਡੁੱਬਣਾ ਭਾਰਤ ਅੰਦਰ ਬੱਚਿਆਂ ਦੇ ਸੱਟਾਂ ਲੱਗਣ ਦਾ ਮੁੱਖ ਕਾਰਨ ਹਨ।

2030 ਤਕ ਸੜਕੀ ਆਵਾਜਾਈ ਸੱਟਾਂ ਦੇ ਖੇਤਰ 'ਚ ਮੌਤ ਦਾ ਪੰਜਵਾਂ ਵੱਡਾ ਕਾਰਨ ਬਣ ਜਾਵੇਗੀ ਅਤੇ ਅਪੰਗਤਾ ਕਾਰਨ ਬਰਬਾਦ ਹੋਣ ਵਾਲੇ ਲੋਕਾਂ ਦਾ ਸੱਤਵਾਂ ਵੱਡਾ ਕਾਰਨ ਬਣਨ ਦੀ ਭਵਿੱਖਬਾਣੀ ਕੀਤੀ ਗਈ ਹੈ। ਸੜਕੀ ਆਵਾਜਾਈ ਸੱਟਾਂ 15 ਤੋਂ 19 ਸਾਲਾਂ ਦੇ ਨੌਜਵਾਨ ਵਰਗ 'ਚ ਮੌਤ ਦਾ ਮੁੱਖ ਕਾਰਨ ਹੈ। ਮਾਤਾ-ਪਿਤਾ ਪੁਰਖਿਆਂ, ਪਰਿਵਾਰ ਭਾਈਚਾਰਾ ਅਤੇ ਇਥੋਂ ਤਕ ਕਿ ਕੌਮ ਲਈ ਅਪੰਗਤਾ ਰਾਹੀਂ ਬੱਚੇ ਨੂੰ ਗਵਾਉਣ ਨਾਲੋਂ ਜ਼ਿਆਦਾ ਦੁੱਖਦਾਈ ਗੱਲ ਹੋਰ ਕੋਈ ਨਹੀਂ ਹੋ ਸਕਦੀ। ਭਾਵੁਕਤਾ ਦੇ ਜ਼ਖ਼ਮ ਕਦੇ ਨਹੀਂ ਭਰ ਸਕਦੇ। ਦੁਰਘਟਨਾਵਾਂ ਟਲਣ ਦਾ ਸਿਰਫ਼ ਤਸੱਵੁਰ ਹੀ ਕੀਤਾ ਜਾ ਸਕਦਾ। ਦੁੱਖਦਾਈ ਗੱਲ ਹੈ ਕਿ ਸਾਡੇ ਦੇਸ਼ 'ਚ ਵੱਡੀ ਗਿਣਤੀ ਵਾਲੇ ਪਰਿਵਾਰ ਆਪਣੇ ਬੱਚਿਆਂ ਨੂੰ ਦੁਰਘਟਨਾਵਾਂ ਜਿਵੇਂ ਸੜਕੀ ਟੱਕਰਾਂ, ਡੁੱਬਣਾ, ਡਿੱਗਣਾ, ਅੱਗ ਲੱਗਣਾ, ਜ਼ਹਿਰੀਲੀਆਂ ਚੀਜ਼ਾਂ ਖਾ ਜਾਣਾ ਅਤੇ ਜਾਨਵਰਾਂ ਦੇ ਕੱਟਣ ਵਰਗੀਆਂ ਦੁਰਘਟਨਾਵਾਂ ਤੋਂ ਸੁਰੱਖਿਅਤ ਰੱਖਣ ਲਈ ਸੂਚਨਾਂ ਅਤੇ ਸਾਧਨਾਂ ਤੋਂ ਵਾਂਝੇ ਰੱਖੇ ਗਏ ਹਨ। ਬੱਚੇ ਤਾਂ ਬੱਚੇ ਹੀ ਹੁੰਦੇ ਹਨ ਅਤੇ ਬੱਚੇ ਹੀ ਰਹਿਣਗੇ ਅਤੇ ਕਦੇ-ਕਦੇ ਉਹ ਬੱਚੇ ਹੋਣ ਕਰਕੇ ਡਿੱਗਣ, ਤਿਲਕਣ ਅਤੇ ਟਕਰਾ ਕੇ ਸਾਰੀ ਉਮਰ ਦਾ ਦੁੱਖ ਸਹੇੜ ਲੈਂਦੇ ਹਨ। ਬਹੁਤ ਜ਼ਰੂਰੀ ਅਤੇ ਯਾਦ ਰੱਖਣਯੋਗ ਗੱਲ ਇਹ ਹੈ ਕਿ ਬਹੁਤੀਆਂ ਸੱਟਾਂ ਰੋਕਣਯੋਗ ਹਨ ਅਤੇ ਇਹ ਸੱਟਾਂ ਸਾਧਾਰਨ ਢੰਗਾਂ ਨਾਲ ਰੋਕੀਆਂ ਜਾ ਸਕਦੀਆਂ ਹਨ। ਇਹ ਕਿ ਤੁਹਾਡੀ ਰੋਕਣ ਦੀ ਇੱਛਾ ਹੋਵੇ। ਬਾਲ ਚਿਕਤਿਸਕ ਅਤੇ ਸੱਟਾਂ ਦਾ ਇਲਾਜ ਕਰਨ ਵਾਲੇ ਸਰਜਨ, ਹੱਡੀਆਂ ਦੇ ਮਾਹਿਰ, ਮਾਪੇ ਸੱਟਾਂ ਦੀ ਰੋਕਥਾਮ ਸਬੰਧੀ ਸੁਚੇਤ ਕਰਨ ਵਿਚ ਵੱਡੀ ਭੂਮਿਕਾ ਨਿਭਾਅ ਸਕਦੇ ਹਨ। ਸੱਟਾਂ ਨੂੰ ਉਸ ਸਰੀਰਕ ਨੁਕਸਾਨ ਵਜੋਂ ਦੇਖਿਆ ਜਾ ਸਕਦਾ ਹੈ ਜਿਹੜਾ ਸਰੀਰ ਉਤੇ ਸਹਿਣਸ਼ੀਲਤਾ ਦੇ ਦਰਵਾਜ਼ੇ ਦੀ ਹੱਦ ਤੋਂ ਵੱਧ ਤਾਕਤ ਦੀ ਅਚਾਨਕ ਫੇਟ ਦੇ ਨਤੀਜੇ ਵਜੋਂ ਹੋਏ ਸਰੀਰਕ ਨੁਕਸਾਨ ਵਜੋਂ ਪੈਦਾ ਹੋਇਆ ਹੋਵੇ। ਅਜਿਹੀ ਸੱਟ ਮਸ਼ੀਨੀ, ਥਰਮਲ, ਰਸਾਇਣਕ ਹੋ ਸਕਦੀ ਹੈ ਅਤੇ ਆਕਸੀਜਨ ਵਰਗੇ ਮਹੱਤਵਪੂਰਨ ਤੱਤਾਂ ਦੀ ਘਾਟ ਦਾ ਨਤੀਜਾ ਵੀ ਹੋ ਸਕਦੀ ਹੈ। ਵਿਚਾਰਸ਼ੀਲ ਕਾਰਵਾਈ ਰਾਹੀ ਅਤੇ ਕਿਰਿਆਸ਼ੀਲ ਹੋਣ ਕਰਕੇ ਸੱਟਾਂ ਲੱਗਣ ਤੋਂ ਰੋਕਿਆ ਜਾ ਸਕਦਾ ਹੈ।

- ਰੀੜ੍ਹ ਦੀ ਹੱਡੀ ਅਤੇ ਸਿਰ ਦੀ ਸੱਟ ਕਰ ਕੇ ਲੱਕਵੇ ਤਕ ਦੀ ਗੰਭੀਰ ਸਮੱਸਿਆ ਆ ਸਕਦੀ ਹੈ।
- ਅੰਗਾਂ ਦਾ ਕੱਟਿਆ ਜਾਣਾ।
- ਨੁਕਸਾਨੀ ਹਰਕਤਸ਼ੀਲਤਾ ਕਰਕੇ ਹੋਈ ਕਰੂਪਤਾ।
- ਮਨੋਵਿਗਿਆਨਕ ਸਦਮਾ।



## ਸੱਟਾਂ ਦਾ ਵਰਗੀਕਰਨ

*ਸੜਕੀ ਆਵਾਜਾਈ ਸੱਟਾਂ*

ਸੜਕੀ ਆਵਾਜਾਈ ਸੱਟਾਂ ਆਮ ਹੀ ਲੱਗਦੀਆਂ ਹਨ। ਬੱਚਿਆਂ ਨੂੰ ਸਕੂਲ, ਖੇਡ ਦੇ ਮੈਦਾਨ ਪਹੁੰਚਣ ਜਾਂ ਸੜਕ 'ਤੇ ਖੇਡਣ ਕਰਕੇ ਸੜਕ ਪਾਰ ਕਰਨ ਦੀ ਲੋੜ ਪੈ ਸਕਦੀ ਹੈ। ਵੱਡੇ ਫ਼ਿਕਰ ਵਾਲੀ ਗੱਲ ਇਹ ਹੈ ਕਿ ਭਾਰਤ ਅਤੇ ਚੀਨ (ਸੰਸਾਰ ਦੀ ਆਬਾਦੀ ਦਾ ਛੇਵਾਂ ਹਿੱਸਾ ਹੋਣ ਕਰਕੇ) 2020 ਤਕ ਸੜਕੀ ਦੁਰਘਟਨਾਵਾਂ ਲਗਪਗ 147 ਫ਼ੀਸਦੀ ਅਤੇ 97 ਫ਼ੀਸਦੀ ਵਧਣ ਦਾ ਅੰਦਾਜ਼ਾ ਲਗਾਇਆ ਗਿਆ ਹੈ। ਆਵਾਜਾਈ ਤੋਂ ਇਲਾਵਾ ਸ਼ਰਾਬ ਦੀ ਵਰਤੋਂ, ਹੈਲਮਟ ਨਾ ਪਾਉਣਾ, ਰਫ਼ਤਾਰ ਦੀ ਹੱਦ ਦੀ ਪਾਲਣਾ ਨਾ ਕਰਨਾ, ਮੋਬਾਈਲ ਫੋਨ ਦੀ ਵਰਤੋਂ ਅਤੇ ਸੀਟ ਬੈਲਟ ਨਾ ਲਾਉਣਾ, ਉਨੀਂਦਰਾ ਹੋਣਾ, ਰਿਫਲੈਕਟਰ ਦਾ ਨਾ ਹੋਣਾ, ਸ਼ੀਸ਼ੇ ਅਤੇ ਆਵਾਜਾਈ ਨਿਯਮਾਂ ਦੀ ਉਲੰਘਣਾ ਵਰਗੇ ਬਚਾਓ ਸਾਧਨ ਨਾ ਵਰਤਣੇ ਸੱਟਾਂ ਦੇ ਅਹਿਮ ਕਾਰਨ ਹਨ। ਬਚਾਅ ਦੇ ਢੰਗਾਂ ਦਾ ਅਤੇ ਕਾਨੂੰਨ ਲਾਗੂ ਕਰਨਾ ਆਵਾਜਾਈ ਸਿੱਖਿਆ ਉਤੇ ਨਿਰਭਰ ਕਰਦਾ ਹੈ। ਵੱਡੇ ਬੱਚਿਆਂ ਨੂੰ ਸੜਕ ਸੁਰੱਖਿਅਤ ਤੌਰ 'ਤੇ ਪਾਰ ਕਰਨ ਲਈ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ। ਉਚਿਤ ਰੋਸ਼ਨੀ, ਜ਼ੈਬਰਾ ਕਰਾਸਿੰਗ, ਪੈਦਲ ਰਸਤੇ ਦਾ ਪ੍ਰਬੰਧ ਅਤੇ ਚੰਗੀ ਤਰ੍ਹਾਂ ਫਿਟ ਹੈਲਮਟ ਦਾ ਪਾਉਣਾ ਅਤੇ ਸਾਈਕਲ ਸਵਾਰਾਂ ਲਈ ਵਿਸ਼ੇਸ਼ ਕੱਪੜੇ ਅਤੇ ਪੈਦਲ ਯਾਤਰੀਆਂ 'ਤੇ ਸਾਇਕਲ ਸਵਾਰਾਂ ਲਈ ਰਾਖਵਾਂ ਰਸਤੇ ਯਕੀਨੀ ਬਣਾਏ ਜਾਣ।

## ਡੁੱਬਣਾ

ਸਾਰੇ ਸੰਸਾਰ 'ਚ ਬਹੁਤ ਜ਼ਿਆਦਾ ਬੱਚੇ ਡੁੱਬ ਕੇ ਮਰ ਜਾਂਦੇ ਹਨ। ਇਕ ਤੋਂ ਲੈ ਕੇ ਚਾਰ ਸਾਲਾਂ ਤਕ ਦੇ ਬੱਚੇ ਜ਼ਿਆਦਾ ਡੁੱਬਦੇ ਹਨ। ਜਿਨ੍ਹਾਂ ਨੂੰ ਉਮੀਦ ਦੇ ਮੁਤਾਬਕ ਡੁੱਬਣ ਤੋਂ ਰੋਕਥਾਮ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਕਦੀ ਵੀ ਪਾਣੀ ਦੀ ਬਾਲਟੀ, ਤਲਾਬ, ਨਦੀਆਂ ਅਤੇ ਪੂਲ ਦੇ ਨੇੜੇ ਇਕ ਮਿੰਟ ਲਈ ਵੀ ਇਕੱਲਾ ਨਹੀਂ ਛੱਡਣਾ ਚਾਹੀਦਾ। ਪੂਲ ਅਤੇ ਪਾਣੀ ਦੇ ਸਰੋਤਾਂ ਦੇ ਆਲੇ-ਦੁਆਲੇ ਚਾਰ ਦੀਵਾਰੀ ਹੋਣੀ ਬਹੁਤ ਜ਼ਰੂਰੀ ਹੈ।

## ਗਰਮ ਪਾਣੀ ਨਾਲ ਜਲਣਾ

ਕਈ ਬੱਚੇ ਅੱਗ ਲੱਗਣ ਕਾਰਨ ਮਰ ਜਾਂਦੇ ਹਨ। ਬੱਚਿਆਂ ਨੂੰ ਅੱਗ ਕੋਲ ਜਾਂ ਫਿਰ ਅੱਗ ਵਾਲੀਆਂ ਵਸਤੂਆਂ ਕੋਲ ਜਾਣ ਤੋਂ ਰੋਕਣਾ ਚਾਹੀਦਾ ਹੈ। ਬੱਚਿਆਂ ਨੂੰ ਮਾਚਿਸ ਅਤੇ ਲਾਈਟਰ ਨਾਲ ਖੇਡਣ ਦੀ ਆਗਿਆ ਨਹੀਂ ਦੇਣੀ ਚਾਹੀਦੀ। ਬੱਚਿਆਂ ਨੂੰ ਗਰਮ ਪ੍ਰੈਸ ਅਤੇ ਗਰਮ ਤਰਲ ਪਦਾਰਥਾਂ ਦੀ ਪਹੁੰਚ ਤੋਂ ਦੂਰ ਰੱਖਣਾ ਚਾਹੀਦਾ ਹੈ। ਛੋਟੇ ਬੱਚਿਆਂ ਨੂੰ ਦੁੱਧ ਪਿਲਾਉਣ ਤੋਂ ਪਹਿਲਾਂ ਦੁੱਧ ਦਾ ਤਾਪਮਾਨ ਚੈੱਕ ਕਰ ਲੈਣਾ ਚਾਹੀਦਾ ਹੈ।

## ਡਿੱਗਣਾ

ਦੁਨੀਆ ਭਰ 'ਚ ਬੱਚੇ ਰੋਜ਼ ਡਿੱਗ ਕੇ ਮਰਦੇ ਹਨ। ਅਸੁਰੱਖਿਅਤ ਖਿੜਕੀਆਂ ਚੋਂ ਡਿੱਗ ਕੇ ਮਰਨਾ ਅਪੰਗਤਾ ਦਾ ਮਹੱਤਵਪੂਰਨ ਕਾਰਨ ਹਨ। ਖਿੜਕੀਆਂ ਅਤੇ ਰੱਖਿਅਕ ਗਾਰਡ ਲਗਵਾਉਣਾ ਹੀ ਇਸ ਸਮੱਸਿਆ ਦਾ ਹੱਲ ਹੈ। ਪੌੜੀਆਂ 'ਤੇ ਖੁੱਲ੍ਹਣ ਅਤੇ ਬੰਦ ਹੋਣ ਵਾਲੇ ਗੇਟ ਲਗਵਾਉਣੇ ਚਾਹੀਦੇ ਹਨ। ਛੋਟੇ ਬੱਚਿਆਂ ਲਈ ਮੰਜੇ 'ਤੇ ਗਰਿਲਾਂ ਲਾਉਣੀਆਂ ਚਾਹੀਦੀਆਂ ਹਨ। ਵਾਕਰ ਦੀ ਲੋੜ ਨਹੀ ਹੁੰਦੀ, ਇਹ ਬੱਚਿਆਂ ਨੂੰ ਤੁਰਨਾ ਨਹੀਂ ਸਖਾਉਂਦਾ ਸਗੋਂ ਉਨ੍ਹਾਂ ਦਾ ਸਹੀ ਤੁਰਨਾ ਵੀ ਲੇਟ ਕਰ ਦਿੰਦਾ ਹੈ। ਬੱਚਿਆਂ ਨੂੰ ਗਲ਼ੀ ਵੱਲ ਜੰਗਲੇ ਬਿਨਾਂ ਛੱਤਾਂ 'ਤੇ ਪਤੰਗ ਉਡਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ।

## ਜ਼ਹਿਰੀਲੀਆਂ ਵਸਤੂਆਂ

ਬੱਚਿਆਂ ਦੀ ਨਹੱਕੀ ਮੌਤ ਦਾ ਕਾਰਨ ਹੈ ਜ਼ਹਿਰੀਲੀਆਂ ਵਸਤੂਆਂ ਦਾ ਗ਼ਲਤੀ ਨਾਲ ਖਾ ਜਾਣਾ। ਹਰ ਰੋਜ਼ ਦੁਨੀਆ ਭਰ 'ਚ ਬੱਚੇ ਇਸ ਕਾਰਨ ਮਾਰੇ ਜਾਂਦੇ ਹਨ। ਬਚਾਅ ਲਈ ਦਵਾਈਆਂ ਨੂੰ ਚਾਇਲਡ ਪਰੂਫ ਬੋਤਲਾਂ 'ਚ ਜਾਂ ਬੰਦ ਅਲਮਾਰੀ 'ਚ ਰੱਖੋ। ਜਿਵੇਂ ਕਿ ਖ਼ਾਸ ਤੌਰ 'ਤੇ ਕੀੜੇਮਾਰ ਦਵਾਈਆਂ ਅਤੇ ਮੱਛਰ ਮਾਰ ਦਵਾਈਆਂ।

## ਕਰੰਟ ਕਾਰਨ ਮੌਤ

ਇਸ ਤੋਂ ਬਚਣ ਲਈ ਸੁਰੱਖਿਆ ਅਤੇ ਬੱਚਿਆਂ ਦੀ ਪਹੁੰਚ ਤੋਂ ਬਾਹਰ ਬਿਜਲੀ ਦੇ ਪਲੱਗ ਵਰਤਣੇ ਚਾਹੀਦੇ ਹਨ। ਕਿਸੇ ਵੀ ਬਿਜਲੀ ਦੇ ਯੰਤਰ ਨੂੰ ਵਰਤਣ ਤੋਂ ਬਾਅਦ ਕੱਢ ਦੇਣਾ ਚਾਹੀਦਾ ਹੈ। ਬੱਚਿਆਂ ਨੂੰ ਕਦੀ ਵੀ ਬਿਜਲੀ ਵਾਲੀ ਜਗ੍ਹਾ 'ਤੇ ਇਕੱਲੇ ਨਹੀ ਛੱਡਣਾ ਚਾਹੀਦਾ।

## ਦਮ ਘੁਟਣਾ

ਛੋਟੇ ਖਿਲਾਉਣੇ ਅਤੇ ਸਿੱਕੇ ਆਦਿ ਮੂੰਹ 'ਚ ਪਾਉਣ ਕਾਰਨ ਦਮ ਘੁਟਣ ਨਾਲ ਵੀ ਅਕਸਮਾਤ ਮੌਤਾਂ ਹੋ ਜਾਂਦੀਆਂ ਹਨ। ਇਹਤਿਆਤ ਵਜੋਂ ਛੋਟੇ ਬੱਚਿਆਂ ਨੂੰ ਟੈਨਿਸ ਬਾਲ ਅਤੇ ਛੋਟੀ ਕੋਈ ਵੀ ਚੀਜ਼ ਖੇਡਣ ਲਈ ਨਹੀਂ ਦੇਣੀ ਚਾਹੀਦੀ। ਪਲਾਸਟਿਕ ਦੇ ਲਿਫ਼ਾਫ਼ੇ ਅਤੇ ਸਟੱਫਡ (ਭਰੇ ਹੋਏ) ਖਿਲੌਣੇ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖਣੇ ਚਾਹੀਦੇ ਹਨ। ਜਾਨਵਰਾਂ ਦਾ ਖ਼ਾਸ ਤੌਰ 'ਤੇ ਕੁੱਤਿਆਂ ਦਾ ਬੱਚਿਆਂ ਨੂੰ ਕੱਟਣਾ ਵੀ ਇਸ ਦੇਸ਼ 'ਚ ਮਹੱਤਵਪੂਰਣ ਜਨਸਿਹਤ ਸਮੱਸਿਆ ਬਣ ਗਈ ਹੈ। ਰੈਬੀਜ਼ ਰੋਗ 90 ਫ਼ੀਸਦੀ ਕੁੱਤਿਆਂ ਦੇ ਕੱਟਣ ਕਾਰਨ ਹੁੰਦਾ ਹੈ ਅਤੇ ਸਾਨੂੰ ਇਸ ਦੀ ਰੋਕਥਾਮ ਜੰਗੀ ਪੱਧਰ 'ਤੇ ਕਰਨੀ ਚਾਹੀਦੀ ਹੈ ਤਾਂ ਹੀ ਅਸੀ ਆਪਣੀ ਤੇ ਆਪਣੇ ਬੱਚਿਆਂ ਦੀ ਤੰਦਰੁਸਤੀ ਨੂੰ ਬਣਾਈ ਰੱਖਾਂਗੇ। ਇਨ੍ਹਾਂ ਗੱਲਾਂ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ।

98159-41459

# ਡਾਇਬਟੀਜ਼ ਦੀ ਸਮੱਸਿਆ ਤੋਂ ਰਾਹਤ

ਡਾ: ਰਿਪੁਦਮਨ ਸਿੰਘ

ਅਸੀ ਜੋ ਵੀ ਖਾਣਾ ਖਾਂਦੇ ਹਾਂ ਉਹ ਗਲੂਕੋਜ਼ 'ਚ ਬਦਲ ਕੇ ਖ਼ੂਨ 'ਚ ਜਾਂਦਾ ਹੈ ਅਤੇ ਐਨਰਜੀ ਦਿੰਦਾ ਹੈ। ਪੈਂਕਰਿਆਜ਼ ਤੋਂ ਨਿਕਲਣ ਵਾਲਾ ਇੰਸੁਲਿਨ ਹਾਰਮੋਨਜ਼ ਗਲੂਕੋਜ਼ ਨੂੰ ਬਲੱਡ ਸੈੱਲਸ 'ਚ ਜਾਣ ਅਤੇ ਬਲੱਡ ਲੈਵਲ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ। ਜਦੋਂ ਇੰਸੁਲਿਨ ਲੈਵਲ ਗੜਬੜਾ ਜਾਂਦਾ ਹੈ ਤਾਂ ਡਾਇਬਟੀਜ਼ ਦਾ ਰੋਗ ਹੁੰਦਾ ਹੈ। ਡਾਇਬਟੀਜ਼ ਹੋਣ ਉੱਤੇ ਖਾਣ ਤੋਂ ਮਿਲਦੀ ਐਨਰਜੀ ਖ਼ੂਨ 'ਚ ਹੀ ਘੁੰਮਦੀ ਰਹਿੰਦੀ ਹੈ ਜਿਸ ਦੇ ਨਾਲ ਬਲੱਡ 'ਚ ਸ਼ੂਗਰ ਦਾ ਲੈਵਲ ਵੱਧ ਜਾਂਦਾ ਹੈ। ਠੀਕ ਇਲਾਜ ਅਤੇ ਮੈਨੇਜਮੇਂਟ ਨਾ ਹੋਵੇ ਤਾਂ ਡਾਇਬਟੀਜ਼ ਦੇ ਮਰੀਜ਼ਾਂ ਨੂੰ ਹਾਰਟ ਅਟੈਕ, ਲਕਵਾ, ਕਿਡਨੀ ਦੀ ਪਰੇਸ਼ਾਨੀ, ਅੱਖਾਂ ਦੀ ਸਮੱਸਿਆ, ਪੈਰਾਂ ਦੀ ਸਮੱਸਿਆ, ਪੁਰਸ਼ਾਂ 'ਚ ਨਪੁੰਸਕਤਾ ਅਤੇ ਔਰਤਾਂ 'ਚ ਬਾਂਝਪਨ, ਫਰੋਜਨ ਸ਼ੋਲਡਰ (ਮੋਢੇ ਦਾ ਜਾਮ ਹੋਣਾ) ਵਰਗੀ ਬਿਮਾਰੀਆਂ ਦਾ ਖ਼ਤਰਾ ਵੀ ਰਹਿੰਦਾ ਹੈ। ਡਾਇਬਟੀਜ਼ ਸਰੀਰ ਦੇ ਅਚਾਨਕ ਇੰਸੁਲਿਨ ਹਾਰਮੋਨਜ਼ ਬਣਾਉਣਾ ਬੰਦ ਕਰਨ ਉੱਤੇ ਹੁੰਦੀ ਹੈ ਅਤੇ ਬਚਪਨ 'ਚ ਹੀ ਹੋ ਜਾਂਦੀ ਹੈ। ਇਸ ਦੇ ਮਰੀਜ਼ ਬਹੁਤ ਘੱਟ ਹੁੰਦੇ ਹਨ। ਇਸ 'ਚ ਸਰੀਰ ਦੇ ਗਲੂਕੋਜ਼ ਨੂੰ ਕੰਟਰੋਲ ਕਰਨ ਲਈ ਇੰਸੁਲਿਨ ਬਾਹਰੋਂ ਦੇਣਾ ਪੈਂਦਾ ਹੈ। ਡਾਇਬਟੀਜ਼ ਗ਼ਲਤ ਲਾਇਫ ਸਟਾਇਲ, ਮੋਟਾਪਾ ਅਤੇ ਵੱਧਦੀ ਉਮਰ ਦੀ ਵਜ੍ਹਾ ਨਾਲ ਡਾਇਬਟੀਜ਼ ਹੁੰਦੀ ਹੈ।



## ਉਪਾਅ

- 45-60 ਮਿੰਟ ਕਸਰਤ ਕਰਨੀ ਚਾਹੀਦੀ ਹੈ। ਕਹਿਣ ਨੂੰ ਤਾਂ ਇਹ ਬਹੁਤ ਸਾਧਾਰਨ ਗੱਲ ਲਗਦੀ ਹੈ ਪਰ ਇਸ ਦੀ ਆਦਤ ਪਾਉਣੀ ਬਹੁਤ ਹੀ ਕਠਿਨ ਹੁੰਦੀ ਹੈ। ਇਸ 'ਚ ਸਾਈਕਲ ਚਲਾਉਣਾ, ਤੈਰਨਾ, ਸੈਰ ਕਰਨੀ ਚਾਹੀਦੀ ਹੈ ਇਸ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਸੈਰ ਕਰਦੇ ਸਮੇਂ ਇਕ ਮਿੰਟ 'ਚ ਕਰੀਬ 80 ਕਦਮ ਚਲਣੇ ਹੁੰਦੇ ਹਨ। ਰੋਜ਼ਾਨਾ ਘੱਟ ਤੋਂ ਘੱਟ 10,000 ਕਦਮ ਚਲਣ ਦੀ ਕੋਸ਼ਿਸ਼ ਕਰੋ। ਜੇ ਲਗਾਤਾਰ ਸਮਾਂ ਨਾ ਮਿਲੇ ਤਾਂ 15-15 ਮਿੰਟ 3 ਵਾਰ ਸੈਰ ਕਰ ਲਵੋ। ਯੋਗਾ ਕਰਨਾ ਵੀ ਬਹੁਤ ਵਧੀਆ ਗੱਲ ਹੈ। ਇਸ ਦੇ ਇਲਾਵਾ ਮੈਡੀਟੇਸ਼ਨ ਵੀ ਕਰ ਸਕਦੇ ਹੋ ਇਸ ਨਾਲ ਤਣਾਅ ਦੂਰ ਕੀਤਾ ਜਾ ਸਕਦਾ ਹੈ ਤੇ ਇਸ ਨਾਲ ਬਲੱਡ ਪ੍ਰੈਸ਼ਰ ਵੀ ਕੰਟਰੋਲ ਹੁੰਦਾ ਹੈ।
- ਡਾਈਟ ਉੱਤੇ ਕੰਟਰੋਲ ਕਰਨਾ ਚਾਹੀਦਾ ਹੈ ਤੇ ਪੌਸ਼ਟਿਕ ਡਾਇਟ ਦਾ ਹੀ ਸੇਵਨ ਕਰੋ। ਰੋਜ਼ਾਨਾ ਫਲ, ਦਾਲਾਂ ਤੇ ਹਰੀਆਂ ਸਬਜ਼ੀਆਂ ਆਪਣੀ ਡਾਈਟ 'ਚ ਸ਼ਾਮਿਲ ਕਰਨੀਆਂ ਚਾਹੀਦੀਆਂ ਹਨ। ਰਾਤ 8 ਵਜੇ ਤਕ ਖਾਣਾ ਖਾ ਲੈਣਾ ਚਾਹੀਦਾ ਹੈ। ਤਲੀਆਂ ਚੀਜ਼ਾਂ ਦਾ ਪਰਹੇਜ਼ ਕਰਨਾ ਚਾਹੀਦਾ ਹੈ ਜੇ ਤੁਸੀ ਕੁੱਝ ਬਾਹਰ ਦਾ ਖਾਣਾ ਵੀ ਚਹੁੰਦੇ ਹੋ ਤਾਂ ਹਫ਼ਤੇ 'ਚ 1 ਵਾਰ ਤੋਂ ਜ਼ਿਆਦਾ ਨਾ ਖਾਓ।
- ਭਾਰ ਨੂੰ ਕੰਟਰੋਲ 'ਚ ਰੱਖੋ। ਭਾਰ ਨੂੰ ਆਪਣੇ ਸਰੀਰ ਦੇ ਹਿਸਾਬ ਨਾਲ ਹੀ ਰੱਖਣਾ ਚਾਹੀਦਾ ਹੈ ਨਾ ਤਾਂ ਘੱਟ ਤੇ ਨਾ ਹੀ ਵੱਧ ਹੋਵੇ। ਜਦੋਂ ਭਾਰ ਵਧਦਾ ਹੈ ਤਾਂ ਹੋਰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਮਰ ਤੋਂ ਵੀ ਮੋਟਾਪਾ ਮਾਪ ਸਕਦੇ ਹੋ। ਪੁਰਸ਼ਾਂ ਦੀ ਕਮਰ ਦਾ ਘੇਰਾ 90 ਸੈਮੀ (35.4 ਇੰਚ) ਅਤੇ ਔਰਤਾਂ ਦਾ 80 ਸੈਮੀ (31.4 ਇੰਚ) ਤੋਂ ਜ਼ਿਆਦਾ ਹੋਣਾ ਮੋਟਾਪੇ ਦੀ ਨਿਸ਼ਾਨੀ ਹੈ।
- ਜੇ ਘਰ ਦੇ ਬਜ਼ੁਰਗਾਂ ਨੂੰ ਸ਼ੂਗਰ ਹੈ ਤਾਂ ਟੈਸਟ ਜ਼ਰੂਰ ਕਰਵਾਉ। ਜੇ ਮਾਪਿਆਂ ਵਿੱਚੋਂ ਕਿਸੇ ਇਕ ਨੂੰ ਡਾਇਬਟੀਜ਼ ਹੈ ਜਾਂ ਖ਼ੂਨ ਦੇ ਰਿਸ਼ਤੇ 'ਚ ਕਿਸੇ ਕਰੀਬੀ ਭਾਵ ਦਾਦਾ, ਦਾਦੀ, ਨਾਨਾ, ਨਾਨੀ ਆਦਿ ਨੂੰ ਡਾਇਬਟੀਜ਼ ਹੈ ਤਾਂ ਬੱਚਿਆਂ ਨੂੰ ਇਹ ਰੋਗ ਹੋਣ ਦਾ ਸੰਦੇਹ ਕਾਫ਼ੀ ਵੱਧ ਜਾਂਦਾ ਹੈ।

ਇਸ ਲਈ 30 ਸਾਲ ਦੀ ਉਮਰ ਤੋਂ ਬਾਅਦ ਹਰ ਸਾਲ ਸ਼ੂਗਰ ਟੈਸਟ ਜ਼ਰੂਰ ਕਰਵਾਉਣਾ ਚਾਹੀਦਾ ਹੈ ਤੇ ਇਸ ਨੂੰ ਕਦੀ ਵੀ ਅਣਦੇਖਿਆ ਨਹੀਂ ਕਰਨਾ ਚਾਹੀਦਾ।

ਮੋ: 9815200134

# 50 ਸਾਲ ਤੋਂ ਬਾਅਦ ਸਰੀਰ ਦੀ ਦੇਖਭਾਲ

ਡਾ. ਅਨਿਲ ਕੁਮਾਰ

50 ਸਾਲ ਦੀ ਉਮਰ ਤੋਂ ਬਾਅਦ ਸਾਡਾ ਇਮਿਊਨ ਸਿਸਟਮ ਕਮਜ਼ੋਰ ਹੋਣ ਕਰਕੇ ਕਈ ਬਿਮਾਰੀਆਂ ਘੇਰਾ ਪਾਉਣ ਨੂੰ ਤਿਆਰ ਹੋ ਜਾਂਦੀਆਂ ਹਨ। ਇਸ ਉਮਰ 'ਚ ਨਜ਼ਰ ਕਮਜ਼ੋਰ ਹੋਣੀ ਸ਼ੁਰੂ ਹੋ ਜਾਂਦੀ ਹੈ ਤੇ ਪਰਿਵਾਰਕ ਇਤਿਹਾਸ ਵਾਲੀਆਂ ਬਿਮਾਰੀਆਂ ਹਮਲਾ ਬੋਲ ਦਿੰਦੀਆਂ ਹਨ ਜਿਵੇਂ ਕਿ ਸ਼ੂਗਰ, ਹੱਡੀਆਂ ਦੀ ਕਮਜ਼ੋਰੀ, ਕੈਂਸਰ, ਹਾਰਟ ਅਟੈਕ, ਅੱਖਾਂ ਦੀਆਂ ਤਕਲੀਫਾਂ ਆਦਿ ਇਹ ਬਿਮਾਰੀਆਂ ਸਾਡੇ ਸਰੀਰ 'ਚ ਪਹਿਲਾਂ ਹੀ ਹੁੰਦੀਆਂ ਹਨ। 50 ਸਾਲ ਤੋਂ ਬਾਅਦ ਇਨ੍ਹਾਂ ਲੱਛਣਾਂ ਨਾਲ ਸਾਹਮਣੇ ਆਉਂਦੀਆਂ ਹਨ। ਲੱਛਣਾਂ ਨੂੰ ਅਣਗੌਲਿਆ ਕਰਦੇ ਹੋਏ ਆਪਣਾ ਸਮਾਂ ਜ਼ਿਆਦਾਤਰ ਧੰਨ ਕਮਾਉਣ 'ਚ ਬਤੀਤ ਕਰਦੇ ਹਾਂ ਕਿਉਂਕਿ ਅਸੀ ਹਾਲੇ ਤਕ ਇਹ ਨਹੀ ਸਮਝ ਸਕੇ ਕਿ ਸਿਹਤ ਹੀ ਅਸਲੀ ਧਨ ਹੈ। ਇਸ ਉਮਰ ਤੋਂ ਪਹਿਲਾਂ ਜਿਹੜੀ ਚਾਲ ਚੀਤੇ ਵਰਗੀ ਸੀ ਹੁਣ ਕੱਛੂਕੰਮੇ ਵਰਗੀ ਮੱਧਮ ਹੋ ਜਾਂਦੀ ਹੈ। ਨਤੀਜਾ ਸੁਸਤੀ ਚੜ੍ਹਨਾ, ਥਕਾਵਟ ਮਹਿਸੂਸ ਹੋਣਾ, ਕਮਜ਼ੋਰੀ, ਮਾਨਸਿਕ ਤਣਾਅ, ਨੀਂਦ ਨਾ ਆਉਣਾ, ਯਾਦ ਸ਼ਕਤੀ ਦਾ ਘੱਟ ਜਾਣਾ, ਕੰਨਾਂ ਤੋਂ ਘੱਟ ਸੁਣਨਾ ਤੇ ਵਿਚਾਰਾਂ 'ਚ ਤਬਦੀਲੀ, ਵਾਲਾਂ ਦਾ ਝੜਨਾ, ਹਸਤਾਖਰ 'ਚ ਤਬਦੀਲੀ ਵਰਗੀਆਂ ਤਕਲੀਫਾਂ ਸ਼ੁਰੂ ਹੋ ਜਾਂਦੀਆਂ ਹਨ। 50 ਸਾਲ ਦੀ ਉਮਰ ਬੁਢਾਪੇ ਦੀ ਪੱਕੀ ਨਿਸ਼ਾਨੀ ਹੈ ਜਿਸ ਕਰਕੇ ਚੰਗਾ-ਭਲਾ ਬੰਦਾ ਬਦੋਬਦੀ ਡਿੱਕੇ-ਡੋਲੇ ਖਾਣ ਲੱਗ ਪੈਂਦਾ ਹੈ। ਕਈ ਮਰੀਜ਼ ਲੱਛਣਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਬਿਮਾਰੀਆਂ ਨੂੰ ਬਚੀ ਉਮਰ ਤਕ ਢੋਂਹਦੇ ਰਹਿੰਦੇ ਹਨ। ਜੇ ਅਸੀਂ ਸਮੇ ਸਿਰ ਬਿਮਾਰੀਆਂ ਨੂੰ ਪਹਿਚਾਣ ਕੇ ਲੋੜੀਂਦੇ ਟੈਸਟ ਕਰਾ ਲਈਏ ਤਾਂ ਅਸੀਂ ਇਸ ਉਮਰ 'ਚ ਵੀ ਤੰਦਰੁਸਤ ਮਹਿਸੂਸ ਕਰ ਸਕਦੇ ਹਾਂ।



## ਜ਼ਰੂਰੀ ਟੈਸਟ

### ਬਲੱਡ ਟੈਸਟ

ਇਸ ਟੈਸਟ ਰਾਹੀ ਲਾਲ ਰਕਤ ਕਣ, ਚਿੱਟੇ ਰਕਤ ਕਣ, ਪਲੇਟਲੈਟਸ ਦੀ ਜਾਂਚ ਕੀਤੀ ਜਾਂਦੀ ਹੈ। ਬੁਖ਼ਾਰ ਹੋਣ ਦੀ ਸੂਰਤ 'ਚ ਇਹ ਟੈਸਟ ਕਰਵਾਉਣੇ ਬੇਹੱਦ ਜ਼ਰੂਰੀ ਹਨ ਕਿਉਂਕਿ ਬੁਖ਼ਾਰ ਹੋਣ 'ਤੇ ਪਲੇਟਲੈਟਸ ਸੈੱਲਾਂ 'ਚ ਗਿਰਾਵਟ ਆ ਸਕਦੀ ਹੈ।

### ਲਿਵਰ ਫੰਕਸ਼ਨ

*ਲਿਵਰ 'ਚ ਸੋਜਿਸ਼ ਤੇ ਪੀਲੀਏ ਦੇ ਹੋਣ ਦਾ ਪਤਾ ਲੱਗਦਾ ਹੈ। ਥਕਾਵਟ, ਭੁੱਖ ਘੱਟ ਲੱਗਣਾ, ਮੂੰਹ ਕੌੜਾ ਹੋਣਾ, ਜੀਅ ਕੱਚਾ ਹੋਣ ਆਦਿ ਲੱਛਣ ਲਿਵਰ ਦੀ ਬਿਮਾਰੀ ਦੇ ਸੰਕੇਤ ਹਨ।*

### ਖ਼ੂਨ ਦੀ ਚਰਬੀ

*40 ਸਾਲ ਦੀ ਉਮਰ ਪਾਰ ਕਰ ਚੁੱਕੇ ਵਿਅਕਤੀਆਂ ਨੂੰ ਖ਼ੂਨ ਦੀ ਚਰਬੀ ਦਾ ਟੈਸਟ ਕਰਵਾ ਲੈਣਾ ਚਾਹੀਦਾ ਹੈ। ਇਸ ਨਾਲ ਸਰੀਰ 'ਚ ਚੰਗੀ ਚਰਬੀ ਤੇ ਮਾੜੀ ਚਰਬੀ ਦਾ ਪਤਾ ਲਗਦਾ ਹੈ। ਇਹ ਟੈਸਟ ਬਲੱਡ-ਪ੍ਰੈਸ਼ਰ ਵਾਲੇ ਮਰੀਜ਼ਾਂ ਨੂੰ ਖ਼ਾਲੀ ਪੇਟ ਕਰਵਾ ਲੈਣਾ ਚਾਹੀਦਾ ਹੈ।*

### ਗੁਰਦੇ

ਇਸ ਰਾਹੀਂ ਕਿਡਨੀ ਦੇ ਫੰਕਸ਼ਨ ਦਾ ਪਤਾ ਲਗਦਾ ਹੈ ਜਿਵੇਂ ਕਿ ਬਲੱਡ ਯੂਰੀਆ, ਯੂਰਿਕ ਐਸਿਡ ਤੇ ਸੀਰਮ ਕ੍ਰਿਐਟਿਨਨ, ਪਿਸ਼ਾਬ 'ਚ ਚਰਬੀ, ਖ਼ੂਨ ਦੀ ਘਾਟ ਆਦਿ ਟੈਸਟ ਕਰਵਾ ਲੈਣੇ ਚਾਹੀਦੇ ਹਨ ਕਿਉਂਕਿ ਗੁਰਦੇ ਖ਼ਰਾਬ ਹੋਣ ਦੇ ਲੱਛਣ ਸਰੀਰ 'ਚ ਲੇਟ ਆਉਂਦੇ ਹਨ। ਇਹ ਗੱਲ ਵੀ ਵਰਣਨ ਯੋਗ ਹੈ ਕਿ ਹਾਈ ਬਲੱਡ-ਪ੍ਰੈਸ਼ਰ ਵਾਲੇ ਮਰੀਜ਼ਾਂ ਨੂੰ ਆਪਣੇ ਗੁਰਦਿਆਂ ਦੀ ਜਾਂਚ ਜ਼ਰੂਰ ਕਰਵਾਉਣੀ ਚਾਹੀਦੀ ਹੈ।

### ਈ.ਸੀ.ਜੀ

ਧੜਕਣ ਤੇ ਹਾਰਟ ਅਟੈਕ ਦੀ ਜਾਂਚ ਦਾ ਸੌਖਾ, ਸਰਲ ਤੇ ਸਸਤਾ ਟੈਸਟ ਹੈ। ਇਸ ਦੀ ਜਾਂਚ ਹਾਰਟ ਦੇ ਸਪੈਸ਼ਲਿਸਟ ਡਾਕਟਰ ਤੋ ਕਰਵਾਉਣੀ ਚਾਹੀਦੀ ਹੈ।

### ਛਾਤੀ ਦਾ ਐਕਸਰਾ

ਜੇ ਪਰਿਵਾਰ 'ਚ ਟੀ.ਬੀ. ਜਾਂ ਕੈਂਸਰ ਦਾ ਇਤਿਹਾਸ ਹੈ ਜਾਂ ਫਿਰ ਖ਼ਾਂਸੀ ਜਾਂ ਪੁਰਾਣੀ ਚੋਟ ਲੱਗੀ ਹੈ ਤਾਂ ਛਾਤੀ ਦਾ ਐਕਸਰਾ ਕਰਵਾ ਲੈਣਾ ਚਾਹੀਦਾ ਹੈ। ਅੱਜਕੱਲ੍ਹ ਡਾਕਟਰਾਂ ਵੱਲੋਂ ਮਰੀਜ਼ ਦੀ ਬੇਹਤਰੀ ਲਈ ਡਿਜੀਟਲ ਐਕਸਰੇ ਨੂੰ ਪਹਿਲ ਦਿੱਤੀ ਜਾਂਦੀ ਹੈ।

### ਸ਼ੂਗਰ

ਇਹ ਵੀ ਇਕ ਮਹੱਤਵਪੂਰਣ ਜਾਂਚ ਹੈ ਜਿਸ ਨੂੰ ਖ਼ਾਲੀ ਪੇਟ ਕਰਵਾ ਲੈਣਾ ਚਾਹੀਦਾ ਹੈ ਜਾਂ ਫਿਰ ਗਲੂਕੋਜ਼ ਪੀਣ ਤੋਂ ਬਾਅਦ ਵੀ ਸ਼ੂਗਰ ਟੈਸਟ ਕਰਵਾ ਸਕਦੇ ਹੋ।

### ਅੱਖਾਂ ਟੈਸਟ

*ਅੱਖਾਂ ਦੀ ਜਾਂਚ ਕਰਵਾਉਣਾ ਬਹੁਤ ਜ਼ਰੂਰੀ ਹੈ। ਨਜ਼ਰ ਦਾ ਘੱਟਣਾ, ਕਾਲਾ ਤੇ ਚਿੱਟਾ ਮੋਤੀਆ ਹੋਣਾ ਆਮ ਪਰੇਸ਼ਾਨੀਆਂ ਹਨ। ਇਸ ਲਈ ਸਮੇਂ ਸਿਰ ਅੱਖਾਂ ਦੀ ਜਾਂਚ ਕਰਵਾ ਕੇ ਕਾਲੇ ਤੇ ਚਿੱਟੇ ਮੋਤੀਏ ਦੀ ਸਰਜਰੀ ਕਰਵਾਉਣਾ ਜ਼ਰੂਰੀ ਹੈ।*

### ਗਦੂਦਾਂ ਦੀ ਜਾਂਚ

ਵੱਡੀ ਉਮਰ 'ਚ ਮਰਦਾਂ 'ਚ ਗਦੂਦਾਂ ਦਾ ਵੱਧ ਜਾਣਾ ਚਿੱਟੇ ਵਾਲ਼ ਹੋ ਜਾਣੇ। ਇਸ ਦੀ ਜਾਂਚ ਸਰਜਨ ਜਾਂ ਯੂਰੋਲੋਜਿਸਟ ਤੋਂ ਕਰਵਾ ਲੈਣੀ ਚਾਹੀਦੀ ਹੈ। ਪਿਸ਼ਾਬ 'ਚ ਖ਼ੂਨ ਆਉਣਾ, ਪਿਸ਼ਾਬ ਦੀ ਰੁਕਾਵਟ ਤੇ ਵੱਡੀ ਉਮਰ 'ਚ ਗਦੂਦਾਂ ਵਧਣ ਦਾ ਸੰਕੇਤ ਹਨ।

### ਪੈਪ ਸਮੀਅਰ

ਮਹਿਲਾਵਾਂ ਦਾ ਇਹ ਟੈਸਟ ਸਰਵਾਈਕਲ ਕੈਂਸਰ (ਬੱਚੇਦਾਨੀ ਦੇ ਮੂੰਹ ਦਾ ਕੈਂਸਰ) ਦੇ ਖਤਰੇ ਨੂੰ ਦਰਸਾਉਂਦਾ ਹੈ। ਪੈਪਸਮੀਅਰ ਨਾਂ ਦਾ ਇਹ ਟੈਸਟ 40 ਜਾਂ 50 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਕਰਵਾਉਣਾ ਚਾਹੀਦਾ ਹੈ।

### ਮੈਮੋਗ੍ਰਾਫੀ

40 ਜਾਂ 50 ਸਾਲ ਦੀ ਉਮਰ ਪਾਰ ਕਰ ਚੁੱਕੀਆਂ ਔਰਤਾਂ ਨੂੰ ਇਹ ਟੈਸਟ ਕਰਵਾਉਣਾ ਚਾਹੀਦਾ ਹੈ। ਇਸ ਟੈਸਟ ਰਾਹੀ ਛਾਤੀ ਦੇ ਕੈਂਸਰ ਹੋਣ ਦਾ ਪਤਾ ਲਗਾਇਆ ਜਾ ਸਕਦਾ ਹੈ। ਜਿਸ ਦੀ ਜਾਂਚ ਸਰਜਨ ਜਾਂ ਲੇਡੀ ਡਾਕਟਰ ਤੋਂ ਕਰਵਾ ਲੈਣੀ ਚਾਹੀਦੀ ਹੈ।

### ਦੰਦਾਂ 'ਚ ਤਬਦੀਲੀ

ਢਲਦੀ ਉਮਰ 'ਚ ਦੰਦਾਂ ਦਾ ਚੈਕਅੱਪ ਕਰਵਾ ਲੈਣਾ ਚਾਹੀਦਾ ਹੈ ਕਿਉਂਕਿ 50 ਸਾਲ ਤੋਂ ਬਾਅਦ ਦੰਦਾਂ ਦੀ ਚਮਕ ਘਟਦੀ ਹੈ ਤੇ ਦੰਦਾਂ 'ਚ ਵਿਰਲ ਪੈਣਾ ਸ਼ੁਰੂ ਹੋ ਜਾਂਦਾ ਹੈ ਜਾਂ ਫਿਰ ਦੰਦ ਦਰਦ ਕਰਨ ਲੱਗ ਜਾਂਦੇ ਹਨ।

9779884393

# ਇਹ ਚੀਜ਼ਾਂ ਕਰਦੀਆਂ ਹਨ ਥਕਾਵਟ ਨੂੰ ਦੂਰ



ਜਦੋਂ ਪੂਰੀ ਤਰ੍ਹਾਂ ਤੁਸੀ ਕੰਮ ਕਰ-ਕਰ ਕੇ ਥੱਕ ਜਾਂਦੇ ਹੋ ਬਿਲਕੁਲ ਵੀ ਤੁਹਾਡੇ 'ਚ ਕੰਮ ਕਰਨ ਦੀ ਸ਼ਕਤੀ ਨਹੀਂ ਰਹਿ ਜਾਂਦੀ। ਇਸ ਸ਼ਕਤੀ ਨੂੰ ਵਾਪਿਸ ਪਾਉਣ ਲਈ ਇਨ੍ਹਾਂ ਚੀਜ਼ਾਂ ਨੂੰ ਰੋਜ਼ ਖਾਣਾ ਚਾਹੀਦਾ ਹੈ।

**ਅਦਰਕ ਵਾਲੀ ਚਾਹ** - ਥਕਾਵਟ ਦੂਰ ਕਰਨ ਦਾ ਸਸਤਾ ਤੇ ਵਧੀਆ ਉਪਾਅ ਅਦਰਕ ਵਾਲੀ ਚਾਹ। ਅਦਰਕ ਨਾਲ ਤੁਹਾਡੀ ਨੀਂਦ ਤੇ ਥਕਾਵਟ ਦੂਰ ਹੋ ਜਾਂਦੀ ਹੈ। ਚਾਹ 'ਚ ਮੌਜੂਦ ਕੈਫੀਨ ਨਾਲ ਤੁਹਾਨੂੰ ਤਾਜ਼ਗੀ ਮਹਿਸੂਸ ਹੁੰਦੀ ਹੈ ਤੇ ਇਸ ਦੇ ਇਲਾਵਾ ਊਰਜਾ ਪ੍ਰਾਪਤ ਹੁੰਦੀ ਹੈ।

**ਅਖਰੋਟ**- ਥਕਾਵਟ ਦੂਰ ਕਰਨ ਲਈ ਅਖਰੋਟ ਖਾਣਾ ਬਹੁਤ ਹੀ ਵਧੀਆ ਹੈ। ਅਖਰੋਟ 'ਚ ਪ੍ਰੋਟੀਨ, ਵਿਟਾਮਿਨ ਤੇ ਓਮੇਗਾ3 ਫੈਟੀ ਐਸਿਡ ਪਾਇਆ ਜਾਂਦਾ ਹੈ। ਇਸ ਦੇ ਸੇਵਨ ਨਾਲ ਸਰੀਰਕ ਸ਼ਕਤੀ ਸ਼ਾਲੀ ਬਣ ਜਾਂਦਾ ਹੈ।

**ਕੱਦੂ ਦੇ ਬੀਜ** - ਜੇ ਤੁਸੀ ਤਰਬੂਜ ਨਹੀ ਖਾ ਸਕਦੇ। ਓਟਮੀਲ ਨਹੀਂ ਤੇ ਅਖਰੋਟ ਵੀ ਨਹੀਂ ਖਾਣਾ ਚਾਹੁੰਦੇ ਤਾਂ ਇਸ ਤਰ੍ਹਾਂ ਦੀ ਸਥਿਤੀ 'ਚ ਕੱਦੂ ਦੇ ਬੀਜ ਹਮੇਸ਼ਾ ਆਪਣੇ ਨਾਲ ਰੱਖੋ। ਇਸ 'ਚ ਪ੍ਰੋਟੀਨ, ਵਿਟਾਮਿਨ ਤੇ ਓਮੇਗਾ3 ਫੈਟੀ ਐਸਿਡ ਹੁੰਦੇ ਹਨ। ਜਿਸ ਨਾਲ ਸਰੀਰ ਨੂੰ ਤੁਰੰਤ ਪੌਸ਼ਟਿਕ ਤੱਤ ਪ੍ਰਾਪਤ ਹੁੰਦੇ ਹਨ ਜਿਸ ਨਾਲ ਸਰੀਰ ਥਕਾਵਟ ਰਹਿਤ ਹੁੰਦਾ ਹੈ।

# ਕਿਡਨੀ ਰੋਗ



ਕਿਡਨੀ ਸਰੀਰ ਦਾ ਜ਼ਰੂਰੀ ਅੰਗ ਮੰਨਿਆ ਜਾਂਦਾ ਹੈ। ਕਿਡਨੀ ਸਰੀਰ ਦੇ ਵਾਧੂ ਪਦਾਰਥਾਂ ਤੇ ਪਾਣੀ ਨੂੰ ਫ਼ਿਲਟਰ ਕਰਕੇ ਪਿਸ਼ਾਬ ਦੇ ਜ਼ਰੀਏ ਬਾਹਰ ਕੱਢਦੀ ਹੈ ਪਰ ਕਿਡਨੀ ਖ਼ਰਾਬ ਹੋਣ 'ਤੇ ਤੁਹਾਨੂੰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਡਨੀ ਖ਼ਰਾਬ ਹੋਣ 'ਤੇ ਹੱਥਾਂ, ਪੈਰਾਂ 'ਤੇ ਸੋਜ ਪੈਣੀ ਸ਼ੁਰੂ ਹੋ ਜਾਂਦੀ ਹੈ ਤੇ ਇਸ ਦੇ ਇਲਾਵਾ ਹਾਰਟ ਅਟੈਕ ਆਉਣ ਦਾ ਖ਼ਤਰਾ ਰਹਿੰਦਾ ਹੈ। ਸਰੀਰ ਨੂੰ ਤੰਦਰੁਸਤ ਬਣਾਉਣ ਲਈ ਕਿਡਨੀ ਦਾ ਸਹੀ ਢੰਗ ਨਾਲ ਕੰਮ ਕਰਨਾ ਬਹੁਤ ਹੀ ਜ਼ਰੂਰੀ ਹੈ।

## ਕਾਰਨ

- ਪਾਣੀ ਘੱਟ ਪੀਣਾ।
- ਨੀਂਦ ਪੂਰੀ ਨਾ ਕਰਨਾ।
- ਨਮਕ ਦਾ ਜ਼ਿਆਦਾ ਸੇਵਨ ਕਰਨਾ।
- ਜ਼ਿਆਦੀ ਦੇਰ ਤਕ ਪਿਸ਼ਾਬ ਰੋਕਣਾ।
- ਸ਼ਰਾਬ ਦਾ ਸੇਵਨ ਕਰਨਾ।
- ਵਿਟਾਮਿਨ ਦੀ ਘਾਟ।
- ਹਾਈ ਬਲੱਡ ਪ੍ਰੈਸ਼ਰ।
- ਡਾਇਬਟੀਜ਼ ਦੀ ਸਮੱਸਿਆ।

## ਲੱਛਣ

- ਠੰਢ ਲੱਗਣਾ।
- ਬਲੱਡ ਪ੍ਰੈਸ਼ਰ ਜ਼ਿਆਦਾ ਹੋਣ।
- ਸਰੀਰ ਦੇ ਕਈ ਹਿੱਸਿਆਂ 'ਚ ਸੋਜ।
- ਭੁੱਖ ਘੱਟ ਜਾਂ ਜ਼ਿਆਦਾ ਲਗਣਾ।
- ਵਾਰ-ਵਾਰ ਪਿਸ਼ਾਬ ਆਉਣਾ।
- ਮੂੰਹ 'ਚੋਂ ਬਦਬੂਹ ਆਉਣਾ।

## ਉਪਾਅ

**ਸੇਬ**- ਐਂਟੀਬੈਕਟੀਰੀਅਲ ਗੁਣਾਂ ਨਾਲ ਭਰਪੂਰ ਹੁੰਦਾ ਹੈ। ਸੇਬ ਕਿਡਨੀ ਬੈਕਟੀਰੀਅਲ ਇੰਫੈਕਸ਼ਨ ਤੋਂ ਬਚਾਉਂਦਾ ਹੈ। ਰੋਜ਼ ਇਸ ਦਾ ਸੇਵਨ ਕਰਨ ਨਾਲ ਕਿਡਨੀ ਦੀ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

### ਨਾਰੀਅਲ ਪਾਣੀ

ਇਸ 'ਚ ਮੌਜੂਦ ਇਲੈਕਟ੍ਰੋਲਾਇਟਸ ਕਿਡਨੀ ਲਈ ਬਹੁਤ ਫ਼ਾਇਦੇਮੰਦ ਹੁੰਦਾ ਹੈ। ਰੋਜ਼ ਇਸ ਦਾ ਸੇਵਨ ਕਰਨ ਨਾਲ ਕਿਡਨੀ ਸਮੱਸਿਆ ਤੇ ਪੱਥਰੀ ਤੋਂ ਵੀ ਰਾਹਤ ਪਾਈ ਜਾ ਸਕਦੀ ਹੈ।

### ਮੂਲੀ

ਮੂਲੀ 'ਚ ਪਾਏ ਜਾਣ ਵਾਲੇ ਤੱਤ ਸਰੀਰ ਦੇ ਵਾਧੂ ਪਦਾਰਥਾਂ ਨੂੰ ਬਾਹਰ ਕੱਢ ਕੇ ਕਿਡਨੀ ਨੂੰ ਵਧੀਆ ਰੱਖਦੀ ਹੈ।

### ਪਿੱਪਲ ਦਾ ਛਿਲਕਾ

10 ਗ੍ਰਾਮ ਪਿੱਪਲ ਤੇ ਨਿੰਮ ਦੇ ਛਿਲਕੇ ਨੂੰ ਪਾਣੀ 'ਚ ਉਬਾਲ ਕੇ ਰੋਜ਼ ਇਸ ਪਾਣੀ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਦੇ ਸੇਵਨ ਨਾਲ ਕਿਡਨੀ ਦੀ ਪਰੇਸ਼ਾਨੀ ਤੋਂ ਬਚਿਆ ਜਾ ਸਕਦਾ ਹੈ।

### ਸ਼ਹਿਦ ਦਾ ਸੇਵਨ

2 ਚਮਚ ਸ਼ਹਿਦ ਤੇ 1 ਚਮਚ ਸੇਬ ਦਾ ਸਿਰਕਾ ਮਿਲਾ ਕੇ ਰੋਜ਼ ਸਵੇਰੇ ਖ਼ਾਲੀ ਪੇਟ ਪੀਣ ਨਾਲ ਕਿਡਨੀ ਰੋਗ ਦਾ ਖ਼ਤਰਾ ਕਾਫ਼ੀ ਹੱਦ ਤਕ ਖਤਮ ਕੀਤਾ ਜਾ ਸਕਦਾ ਹੈ। ਸ਼ਹਿਦ ਨੂੰ ਅਦਰਕ 'ਚ ਪਾ ਕੇ ਖਾਣ ਨਾਲ ਵੀ ਇਸ ਬਿਮਾਰੀ ਤੋਂ ਰਾਹਤ ਪਾਈ ਜਾ ਸਕਦੀ ਹੈ।

ਕੌਮੀ ਪੱਤ੍ਰਿਕਾ

# ਪੰਜਾਬ ਅੰਦਰ ਰਾਮਗੜ੍ਹੀਆ ਜਥੇਬੰਦੀ ਬਣਾਏਗੀ ਰਾਜਨੀਤਿਕ ਵਿੰਗ : ਸੰਚਾਲਕ

**ਪਟਿਆਲਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮਿਹਨਤਕਸ਼ ਕੌਮ ਦੀ ਨਾਮਵਰ ਰਾਮਗੜ੍ਹੀਆ ਅਕਾਲ ਜਥੇਬੰਦੀ ਦੀ ਸਥਾਨਕ ਸ਼੍ਰੀ ਵਿਸ਼ਵਕਰਮਾ ਗੋ-ਲੋਕ ਧਾਮ ਪਟਿਆਲਾ ਵਿਖੇ ਭਰਵੀਂ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਕੌਮੀ ਸੰਚਾਲਕ ਹਰਜੀਤ ਸਿੰਘ ਰਾਮਗੜ੍ਹੀਆ ਨੇ ਦੱਸਿਆ ਕਿ ਪੰਜਾਬ ਭਰ ਅੰਦਰ ਜਥੇਬੰਦੀ ਦਾ ਬੂਥ ਪੱਧਰ ਤੱਕ ਰਹਿੰਦੇ ਵਿਧਾਨ ਸਭਾ ਹਲਕਿਆ ਅੰਦਰ ਜਲਦ ਕੰਮ ਪੂਰਾ ਕੀਤਾ ਜਾਵੇਗਾ। ਉਹਨਾਂ ਪਹੁੰਚੇ ਪੰਜਾਬ ਦੇ ਆਗੂ ਸਾਹਿਬਾਨਾਂ ਨਾਲ ਨਵੇਂ ਕਾਰਜ ਅਰੰਭ ਕਰਨ ਲਈ ਸਲਾਹ ਮਸ਼ਵਰਾ ਵੀ ਕੀਤਾ। ਸੂਬਾ ਚੇਅਰਮੈਨ ਜਗਜੀਤ ਸਿੰਘ ਸੱਗੂ ਅਤੇ ਮੁੱਖ ਬੁਲਾਰੇ ਗੁਰਜੰਟ ਸਿੰਘ ਧੀਮਾਨ ਨੇ ਜਥੇਬੰਦੀ ਦਾ ਰਾਜਨੀਤਿਕ ਵਿੰਗ ਬਣਾਉਣ ਲਈ ਮਤਾ ਪੇਸ਼ ਕੀਤਾ। ਪਹੁੰਚੇ ਸਮੂਹ ਆਗੂ ਸਾਹਿਬਾਨਾਂ ਨੇ ਲੰਮਾਂ ਸਮਾਂ ਵਿਚਾਰ ਚਰਚਾ ਕਰਕੇ ਸਹਿਮਤੀ ਨਾਲ ਰਾਜਨੀਤਿਕ ਵਿੰਗ ਬਣਾਉਣ ਲਈ ਮਤਾ ਪਾਸ ਕੀਤਾ ਅਤੇ ਵਿੰਗ ਹੋਦ ਵਿੱਚ ਲਿਆਉਣ ਲਈ ਸਾਰੇ ਅਧਿਕਾਰ ਕੌਮੀ ਸੰਚਾਲਕ ਨੂੰ ਦਿੱਤੇ ਗਏ।ਕੌਮੀ ਸੰਚਾਲਕ ਹਰਜੀਤ ਸਿੰਘ ਰਾਮਗੜ੍ਹੀਆ ਨੇ ਦੱਸਿਆ ਕਿ ਰਾਜਨੀਤਿਕ ਵਿੰਗ ਬਣਾਉਣ ਨਾਲ ਪੰਜਾਬ ਭਰ ਅੰਦਰ ਜਥੇਬੰਦੀ ਦੀ ਪਹਿਚਾਣ ਵਿੱਚ ਬਹੁਤ ਜਿਆਦਾ ਵਾਧਾ ਹੋਵੇਗਾ ਰਾਮਗੜ੍ਹੀਆ ਕੌਮ ਦਾ ਮਾਣ ਨਾਲ ਹੋਰ ਸਿਰ ਉੱਚਾ ਹੋਵੇਗਾ। ਪੰਜਾਬ ਯੂਥ ਪ੍ਰਧਾਨ ਨਵਤੇਜ ਨਵੀ ਨੇ ਕਿਹਾ ਕੌਮੀ ਸੰਚਾਲਕ ਹਰਜੀਤ ਸਿੰਘ ਰਾਮਗੜ੍ਹੀਆ ਜਲਦ ਨਵੇ ਪ੍ਰੋਗਰਾਮ ਉਲੀਕ ਕੇ ਜਥੇਬੰਦੀ ਨੂੰ ਦੇਣ ਅਤੇ ਪੰਜਾਬ ਭਰ ਅੰਦਰ ਜਲਦ ਮੀਟਿੰਗਾਂ ਦੀ ਸੁਰੂਆਤ ਹੋ ਸਕੇ। ਪੰਜਾਬ ਦੇ ਮੁੱਖ ਬੁਲਾਰੇ ਕੰਵਰਬੀਰ ਸਿੰਘ ਮੰਜ਼ਿਲ ਨੇ ਦੱਸਿਆ ਕਿ ਰਾਜਨੀਤਿਕ ਵਿੰਗ ਬਣਾਉਣਾ ਸਮੇਂ ਦੀ ਬਹੁਤ ਵੱਡੀ ਮੁੱਖ ਜ਼ਰੂਰਤ ਹੈ ਸਮੁੱਚੀ ਟੀਮ ਨੇ ਮਤਾ ਪਾਸ ਕਰ ਦਿੱਤਾ ਹੈ ਜਲਦ ਤੋਂ ਜਲਦ ਇਸ ਵਿੰਗ ਦੀ ਸੁਰੂਆਤ ਕੀਤੀ ਜਾਵੇਗੀ। ਸ਼੍ਰੀ ਵਿਸ਼ਵਕਰਮਾ ਗੋ-ਲੋਕ ਧਾਮ ਦੇ ਸੰਸਥਾਪਕ ਡਾ. ਨੀਲ ਕਮਲ ਭਾਰਦਵਾਜ ਦਾ ਵਿਸ਼ੇਸ ਸਨਮਾਨ ਕੀਤਾ ਗਿਆ। ਮੁੱਖ ਬੁਲਾਰੇ ਰਾਮ ਸਿੰਘ ਧੀਮਾਨ ਨੇ ਸਟੇਜ ਸੰਚਾਲਨ ਦੀ ਭੂਮਿਕਾ ਨਿਭਾਈ ਅਤੇ ਪਹੁੰਚੇ ਸਮੂਹ ਆਗੂ ਸਾਹਿਬਾਨਾਂ ਦਾ ਪਟਿਆਲਾ ਆਉਣ ਤੇ ਧੰਨਵਾਦ ਕੀਤਾ। ਇਸ ਮੌਕੇ ਬਲਵੰਤ ਸਿੰਘ ਰਾਮਗੜ੍ਹੀਆ, ਗੁਰਦਿੱਤਾ ਸਿੰਘ, ਪੂਰਨ ਸਿੰਘ, ਮੰਗਲ ਸਿੰਘ ਰੂਪਾਲ, ਸੁਖਵਿੰਦਰ ਸਿੰਘ ਬੂਟਾ, ਮੁਕੰਦ ਸਿੰਘ, ਗੁਰਵਿੰਦਰ ਸਿੰਘ ਦਿਓਸੀ, ਪਰਵਿੰਦਰ ਸਿੰਘ ਰੂਪਾਲ, ਜਰਨੈਲ ਸਿੰਘ ਸੱਗੂ, ਸੰਦੀਪ ਸਿੰਘ ਰੂਪਾਲ, ਸੁੱਖਦਰਸ਼ਨ ਸਿੰਘ, ਬਾਬਾ ਬੁੱਧ ਸਿੰਘ, ਸਿਕੰਦਰ ਸਿੰਘ, ਗੁਰਤੇਜ ਸਿੰਘ, ਲਖਵੀਰ ਸਿੰਘ, ਗੁਰਬਖਸ ਸਿੰਘ, ਬਲਵੀਰ ਸਿੰਘ ਛੀਨੀਵਾਲ, ਗੁਰਤੇਜ ਸਿੰਘ ਛੀਨੀਵਾਲ, ਜਗਤਾਰ ਸਿੰਘ ਬਾਹੀਆ, ਅਮਰੀਕ ਸਿੰਘ ਭੁੱਲਰ, ਨਰਿੰਦਰਪਾਲ ਸਿੰਘ , ਸਾਹਿਬ ਸਿੰਘ, ਅਮਰੀਕ ਸਿੰਘ,ਮਲਕੀਤ ਸਿੰਘ ਮੋਹਾਲੀ ਆਦਿ ਹੋਰ ਵੀ ਮੈਂਬਰ ਵੱਡੀ ਗਿਣਤੀ ਵਿੱਚ ਹਾਜਰ ਸਨ।

# ਡੀ.ਬੀ.ਈ.ਈ. ਵੱਲੋਂ ਐਨ.ਡੀ.ਏ. ਤੇ ਸੀ.ਡੀ.ਐਸ. ਪ੍ਰੀਖਿਆ ਬਾਰੇ ਜਾਗਰੂਕਤਾ ਸੈਮੀਨਾਰ



**ਪਟਿਆਲਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਨੌਜਵਾਨਾਂ ਨੂੰ ਭਾਰਤੀ ਰੱਖਿਆਂ ਸੇਵਾਵਾਂ ਵਿੱਚ ਆਫ਼ੀਸਰ ਲੈਵਲ ਦੀ ਪ੍ਰੀਖਿਆ ਦੀ ਤਿਆਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਡਿਪਟੀ ਕਮਿਸ਼ਨਰ -ਕਮ- ਚੇਅਰਮੈਨ ਡੀ.ਬੀ.ਈ.ਈ. ਡਾ. ਪ੍ਰੀਤੀ ਯਾਦਵ ਦੀ ਰਹਿਨੁਮਾਈ ਅਤੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) -ਕਮ- ਸੀ.ਈ.ਓ ਅਨੁਪ੍ਰਿਤਾ ਜੌਹਲ ਦੀ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਵਿਖੇ ਐਕਸਪਰਟ ਟਾਕ ਸੈਮੀਨਾਰ ਕਰਵਾਇਆ ਗਿਆ।

ਸੈਮੀਨਾਰ ਵਿੱਚ ਕਰੀਅਰ ਮੈਂਟਰ ਅਤੇ ਕੰਸਲਟੈਂਟ ਮੋਟੀਵੇਸ਼ਨਲ ਸਪੀਕਰ ਨਿੰਬਸ ਇੰਸਟੀਚਿਊਟ, ਅਜੈ ਸਿੰਘ ਗੁਲੇਰੀਆ ਵੱਲੋਂ ਪ੍ਰਾਰਥੀਆਂ ਨੂੰ ਐਨ.ਡੀ.ਏ. ਤੇ ਸੀ.ਡੀ.ਐਸ. ਦੀ ਪ੍ਰੀਖਿਆ ਲਈ ਅਪਲਾਈ ਕਰਨ ਦੀ ਵਿਧੀ, ਸਿਲੇਬਸ, ਪੋਸਟਾਂ, ਯੋਗਤਾ ਅਤੇ ਪ੍ਰੀਖਿਆ ਦੇ ਪੈਟਰਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਦੇ ਨਾਲ ਨਾਲ ਇਸ ਪ੍ਰੀਖਿਆ ਨੂੰ ਪਾਸ ਕਰਨ ਦੇ ਨੁਕਤਿਆਂ ਅਤੇ ਸਹੀ ਢੰਗ ਨਾਲ ਤਿਆਰੀ ਕਰਨ ਬਾਰੇ ਜਾਣੂ ਕਰਵਾਇਆ ਗਿਆ।

ਇਸ ਸੈਮੀਨਾਰ ਵਿੱਚ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਨੁਪ੍ਰਿਤਾ ਜੌਹਲ ਵੱਲੋਂ ਪ੍ਰਾਰਥੀਆਂ ਨੂੰ ਐਨ.ਡੀ.ਏ. ਤੇ ਸੀ.ਡੀ.ਐਸ. ਦੀ ਪ੍ਰੀਖਿਆ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਐਨ.ਡੀ.ਏ./ਸੀ.ਡੀ.ਐਸ. ਪ੍ਰੀਖਿਆ 2025 ਪ੍ਰਾਰਥੀਆਂ ਲਈ ਇੱਕ ਸੁਨਹਿਰੀ ਮੌਕਾ ਹੈ, ਇਸ ਮੌਕੇ ਦਾ ਪੰਜਾਬ ਰਾਜ ਦੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਇਸ ਐਨ.ਡੀ.ਏ./ਸੀ.ਡੀ.ਐਸ.ਪ੍ਰੀਖਿਆ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਤਾਂ ਜੋ ਪ੍ਰਾਰਥੀ ਭਾਰਤ ਵਿੱਚ ਰਹਿ ਕੇ ਦੇਸ਼ ਦੀ ਸੇਵਾ ਤੇ ਤਰੱਕੀ ਲਈ ਆਪਣਾ ਯੋਗਦਾਨ ਦੇਣ ਲਈ ਪ੍ਰੇਰਿਤ ਹੋਣ। ਇਸ ਸੈਮੀਨਾਰ ਵਿੱਚ 50 ਤੋਂ ਵੱਧ ਨੌਜਵਾਨਾਂ ਵੱਲੋਂ ਭਾਗ ਲਿਆ ਗਿਆ ਅਤੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਸ਼੍ਰੀ ਸਤਿੰਦਰ ਸਿੰਘ, ਡਿਪਟੀ ਸੀ.ਈ.ਓ. ਅਤੇ ਡਾ. ਰੂਪਸੀ ਪਹੂਜਾ, ਕਰੀਅਰ ਕਾਊਂਸਲਰ ਵੀ ਸ਼ਾਮਲ ਸਨ।

# ਸੜਕ ਸੁਰੱਖਿਆ ਮਾਂਹ ਸਬੰਧੀ ਟਰੱਕ ਯੂਨੀਅਨ ਚੁੰਨੀ ਕਲਾਂ ਵਿਖੇ ਜਾਗਰੂਕਤਾ ਕੈਂਪ ਲਗਾਇਆ, ਟਰੱਕਾਂ ਤੇ ਲਗਾਏ ਰਿਫਲੈਕਟਰ



**ਫਤਹਿਗੜ੍ਹ ਸਾਹਿਬ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਖੇਤਰੀ ਟਰਾਂਸਪੋਰਟ ਦਫਤਰ ਵੱਲੋਂ ਚੁੰਨੀ ਕਲਾਂ ਵਿਖੇ ਸੜ੍ਹਕ ਸੁਰੱਖਿਆ ਕੈਂਪ ਲਗਾਇਆ ਗਿਆ ਅਤੇ ਟਰੱਕਾਂ ਦੇ ਪਿੱਛੇ ਰਿਫਲੈਕਟਰ ਲਗਾਏ ਗਏ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਖੇਤਰੀ ਟਰਾਂਸਪੋਰਟ ਅਫਸਰ ਪ੍ਰਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੁਰੱਖਿਅਤ ਆਵਾਜਾਈ ਤੇ ਟਰੈਫਿਕ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਨ ਦੇ ਮੰਤਵ ਨਾਲ ਜਨਵਰੀ ਮਹੀਨੇ ਨੂੰ ਸੜ੍ਹਕ ਸੁਰੱਖਿਆ ਮਾਂਹ ਵਜੋਂ ਮਨਾਇਆ ਜਾ ਰਿਹਾ ਹੈ। ਇਸ ਮਹੀਨੇ ਦੌਰਾਨ ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ ਤੇ ਲੋਕਾਂ ਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ।

ਏ.ਡੀ.ਟੀ.ਓ. ਪ੍ਰਦੀਪ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੜ੍ਹਕੀ ਹਾਦਸਿਆਂ ਦੇ ਪੀੜ੍ਹਤ ਵਿਅਕਤੀਆਂ ਨੂੰ ਤੁਰੰਤ ਹਸਪਤਾਲਾਂ ਅੰਦਰ ਪਹੁੰਚਾਉਣ ਦੇ ਮੰਤਵ ਨਾਲ ਸੜਕ ਸੁਰੱਖਿਆ ਫੋਰਸ ਬਣਾਈ ਗਈ ਹੈ ਜੋ ਕਿ ਦੁਰਘਟਨਾਵਾਂ ਵਿੱਚ ਜ਼ਖ਼ਮੀ ਵਿਅਕਤੀਆਂ ਨੂੰ ਹਸਪਤਾਲਾਂ ਤੱਕ ਲੈ ਕੇ ਜਾਣ ਵਿੱਚ ਸ਼ਲਾਘਾਯੋਗ ਭੂਮਿਕਾ ਨਿਭਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਦੁਰਘਟਨਾਵਾਂ ਵਿੱਚ ਜਖ਼ਮੀ ਹੋਏ ਲੋਕਾਂ ਦੀ ਸਹਾਇਤਾ ਲਈ ਫਰਿਸ਼ਤੇ ਸਕੀਮ ਵੀ ਲਾਂਚ ਕੀਤੀ ਗਈ ਹੈ ਜਿਸ ਤਹਿਤ ਜ਼ਖ਼ਮੀਆਂ ਨੂੰ ਹਸਪਤਾਲਾਂ ਤੱਕ ਪਹੁੰਚਾਉਣ ਵਾਲੇ ਵਿਅਕਤੀਆਂ ਨੂੰ ਫਰਿਸ਼ਤੇ ਵਜੋਂ ਸਨਮਾਨਤ ਕੀਤਾ ਜਾਂਦਾ ਹੈ।

ਸ਼੍ਰੀ ਪ੍ਰਦੀਪ ਸਿੰਘ ਨੇ ਕਿਹਾ ਕਿ ਸੜ੍ਹਕ ਦੁਰਘਟਨਾਵਾਂ ਰੋਕਣ ਲਈ ਜਰੂਰੀ ਹੈ ਕਿ ਟਰੈਫਿਕ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਵਾਹਨ ਚਲਾਉਂਦੇ ਸਮੇਂ ਕਿਸੇ ਕਿਸਮ ਦੇ ਨਸ਼ੇ ਦੀ ਵਰਤੋਂ ਨਾ ਕੀਤੀ ਜਾਵੇ। ਇਸ ਤੋਂ ਇਲਾਵਾ ਦੋ ਪਹੀਆ ਵਾਹਨ ਚਲਾਉਂਦੇ ਸਮੇਂ ਹੈਲਮਟ ਤੇ ਕਾਰ ਚਲਾਉਂਦੇ ਸਮੇਂ ਸੀਟ ਬੈਲਟ ਜਰੂਰ ਲਗਾਈ ਜਾਵੇ। ਉਨ੍ਹਾਂ ਕਿਹਾ ਕਿ ਅਜਿਹੀਆਂ ਛੋਟੀਆਂ-ਛੋਟੀਆਂ ਸਾਵਧਾਨੀਆਂ ਅਪਣਾ ਕੇ ਅਨਮੋਲ ਮਨੁੱਖੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

# ਪੰਜਾਬ ਫੂਡ ਕਮਿਸ਼ਨ ਦੀ ਮੈਂਬਰ ਪ੍ਰੀਤੀ ਚਾਵਲਾ ਵੱਲੋਂ ਸਕੂਲਾਂ ਤੇ ਆਂਗਨਵਾੜੀਆਂ ਦੀ ਚੈਕਿੰਗ

## ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਮਿਡ-ਡੇਅ ਮੀਲ ਦਾ ਜਾਂਚਿਆ ਮਿਆਰ

**ਫਤਹਿਗੜ੍ਹ ਸਾਹਿਬ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਰਾਜ ਖੁਰਾਕ ਕਮਿਸ਼ਨ ਦੀ ਮੈਂਬਰ ਸ਼੍ਰੀਮਤੀ ਪ੍ਰੀਤੀ ਚਾਵਲਾ ਨੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦਾ ਦੌਰਾ ਕਰਦਿਆਂ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ 2013 ਅਧੀਨ ਚੱਲ ਰਹੀਆਂ ਵੱਖ-ਵੱਖ ਯੋਜਨਾਵਾਂ ਦਾ ਨਿਰੀਖਣ ਕੀਤਾ।

ਇਸ ਦੌਰੇ ਦੌਰਾਨ ਉਹਨਾਂ ਨੇ ਆਂਗਨਵਾੜੀਆਂ ਅਤੇ ਸਕੂਲਾਂ ਦਾ ਨਿਰੀਖਣ ਕੀਤਾ ਗਿਆ, ਜਿਨ੍ਹਾਂ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ, ਪਿੰਡ ਨਿਆਮੂ ਮਾਜਰਾ, ਆਂਗਨਵਾੜੀ ਕੇਂਦਰ, ਪਿੰਡ ਨਿਆਮੂ ਮਾਜਰਾ, ਸਰਕਾਰੀ ਐਲੀਮੈਂਟਰੀ ਸਕੂਲ, ਪਿੰਡ ਘੇਲ, ਸਰਕਾਰੀ ਮਿਡਲ ਸਕੂਲ, ਪਿੰਡ ਘੇਲ, ਸਰਕਾਰੀ ਐਲੀਮੈਂਟਰੀ ਸਕੂਲ, ਪਿੰਡ ਕਸੁੰਭੜੀ, ਸਰਕਾਰੀ ਐਲੀਮੈਂਟਰੀ ਸਕੂਲ, ਪਿੰਡ ਰੂਪਲਹੇੜੀ, ਆਂਗਨਵਾੜੀ ਕੇਂਦਰ, ਪਿੰਡ ਰੂਪਲਹੇੜੀ, ਸਰਕਾਰੀ ਐਲੀਮੈਂਟਰੀ ਅਤੇ ਮਿਡਲ ਸਕੂਲ, ਪਿੰਡ ਸੈਂਪਲੀ, ਸਰਕਾਰੀ ਐਲੀਮੈਂਟਰੀ ਸਕੂਲ, ਪਿੰਡ ਸੈਂਪਲਾ ਸ਼ਾਮਲ ਹਨ।

ਇਸ ਦੌਰਾਨ ਉਨ੍ਹਾਂ ਨੇ ਵਿਦਿਆਰਥੀਆਂ ਲਈ ਮਿਡ-ਡੇਅ ਮੀਲ ਅਤੇ ਗਰਭਵਤੀ ਔਰਤਾਂ ਤੇ ਛੋਟੇ ਬੱਚਿਆਂ ਨੂੰ ਸਿਹਤਮੰਦ ਬਣਾਉਣ ਲਈ ਦਿੱਤੀ ਜਾ ਰਹੀ ਖਾਣ ਪੀਣ ਦੀ ਸਮੱਗਰੀ ਦਾ ਜਾਇਜ਼ਾ ਲਿਆ।

ਸ਼੍ਰੀਮਤੀ ਚਾਵਲਾ ਨੇ ਜ਼ਿਲ੍ਹੇ ਵਿੱਚ ਦਿੱਤੀ ਜਾ ਰਹੀ ਖਾਣ ਪੀਣ ਦੀ ਸਮੱਗਰੀ ਦੇ ਮਿਆਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਫੂਡ ਕਮਿਸ਼ਨ ਦੇ ਮੈਂਬਰ ਵੱਖ-ਵੱਖ ਜ਼ਿਲ੍ਹਿਆਂ ਵਿੱਚ ਮਿਡ-ਡੇਅ ਮੀਲ ਸਕੀਮ ਤਹਿਤ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਖਾਣ ਪੀਣ ਦੇ ਸਮਾਨ ਅਤੇ ਆਂਗਨਵਾੜੀ ਕੇਂਦਰਾਂ ਵਿੱਚ ਗਰਭਵਤੀ ਔਰਤਾਂ ਤੇ ਛੋਟੇ ਬੱਚਿਆਂ ਨੂੰ ਦਿੱਤੀ ਜਾਣ ਵਾਲੇ ਖੁਰਾਕੀ ਵਸਤਾਂ ਦੀ ਚੈਕਿੰਗ ਕਰਦੇ ਹਨ।

ਸ਼੍ਰੀਮਤੀ ਚਾਵਲਾ ਨੇ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਛੋਟੇ ਬੱਚਿਆਂ ਤੇ ਗਰਭਵਤੀ ਔਰਤਾਂ ਨੂੰ ਸਿਹਤਮੰਦ ਰੱਖਣ ਲਈ ਸਰਕਾਰ ਵੱਲੋਂ ਦਿੱਤੇ ਜਾ ਰਹੇ ਖਾਣ ਪੀਣ ਦੇ ਸਮਾਨ ਦੇ ਮਿਆਰ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ। ਚੰਗੀ ਸਿਹਤ ਹਰੇਕ ਨਾਗਰਿਕ ਦਾ ਮੁਢਲਾ ਹੱਕ ਹੈ।

ਜੇਕਰ ਸਾਡੇ ਬੱਚੇ ਸਿਹਤਮੰਦ ਹੋਣਗੇ ਤਾਂ ਹੀ ਸਿਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ ਅਤੇ ਸਰਕਾਰ ਵੱਲੋਂ ਇਸ ਮੰਤਵ ਦੀ ਪੂਰਤੀ ਲਈ ਮਿਡ-ਡੇਅ ਮੀਲ ਸਕੀਮ ਤਹਿਤ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਦੁਪਹਿਰ ਦਾ ਖਾਣਾ ਦਿੱਤਾ ਜਾ ਰਿਹਾ ਹੈ।

ਸ਼੍ਰੀਮਤੀ ਚਾਵਲਾ ਨੇ ਸਕੂਲਾਂ ਵਿੱਚ ਤਿਆਰ ਮਿਡ-ਡੇਅ ਮੀਲ ਦਾ ਜਾਇਜ਼ਾ ਲਿਆ ਤੇ ਇਸ ਸਬੰਧੀ ਤਸੱਲੀ ਪ੍ਰਗਟਾਈ। ਉਹਨਾਂ ਨੇ ਕਈ ਸਕੂਲਾਂ ਦੇ ਬੁਨਿਆਦੀ ਢਾਂਚੇ ਸਬੰਧੀ ਦਿੱਕਤਾਂ ਦੂਰ ਕਰਨ ਲਈ ਵੀ ਕਿਹਾ। ਇਸ ਮੌਕੇ ਉਹਨਾਂ ਨੇ ਹਦਾਇਤ ਕੀਤੀ ਕਿ ਮਿਡ-ਮੀਲ ਤਿਆਰ ਕਰਨ ਵਾਲਾ ਅਮਲਾ ਸਾਫ ਸਫਾਈ ਦਾ ਹਮੇਸ਼ਾ ਉਚੇਚਾ ਧਿਆਨ ਰੱਖੇ ਤੇ ਇਸ ਸਬੰਧੀ ਸਾਰੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ। ਉਹਨਾਂ ਨੇ ਖਾਣਾ ਬਣਾਉਣ ਲਈ ਗੈਸ ਦੀ ਵਰਤੋਂ ਕਰਨ, ਖਾਣਾ ਬਣਾਉਣ ਵੇਲੇ ਢੁਕਵੇਂ ਕਪੜੇ ਪਾ ਕੇ ਰੱਖਣ ਅਤੇ ਬੱਚਿਆਂ ਨੂੰ ਆਰ.ਓ. ਵਾਲਾ ਪਾਣੀ ਹੀ ਦੇਣਾ ਯਕੀਨੀ ਬਣਾਉਣ ਦੀ ਹਦਾਇਤ ਕੀਤੀ।

# ਗਿਆਨ ਕਲੋਨੀ ’ਚ ਸੀਵਰੇਜ਼ ਬਲਾਕ, ਗੰਦੇ ਪਾਣੀ ਕਾਰਨ ਬਿਮਾਰੀਆਂ ਫੈਲਣ ਦਾ ਖਦਸ਼ਾ

**ਪਟਿਆਲਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਗਿਆਨੀ ਕਲੋਨੀ ਸੂਲਰ ਦੀ 2 ਨੰਬਰ ਗਲੀ ਵਿਚ ਘਰਾਂ ਅੱਗੇ ਜਮ੍ਹਾਂ ਹੋਇਆ ਬਲਾਕ ਸੀਵਰੇਜ ਦਾ ਪਾਣੀ ।

ਪਿੰਡ ਸੂਲਰ ਵਿਚ ਪੈਂਦੀ ਗਿਆਨ ਕਲੋਨੀ ਦੀ 2 ਨੰਬਰ ਗਲੀ ਵਿਚ ਸੀਵਰੇਜ ਬਲਾਕ ਹੋਣ ਕਾਰਨ ਸੀਵਰੇਜ਼ ਦਾ ਗੰਦਾ ਪਾਣੀ ਘਰਾਂ ਅੱਗੇ ਜਮ੍ਹਾ ਹੋ ਗਿਆ ਹੈ। ਹਾਲਾਤ ਇਹ ਹਨ ਇਕ-ਦੋ ਥਾਈਂ ਗੰਦਾ ਪਾਣੀ ਖੜ੍ਹਾ ਹੀ ਰਹਿੰਦਾ ਹੈ, ਜਿਸ ਕਾਰਨ ਆਸੇ ਪਾਸੇ ਦੇ ਘਰਾਂ ਵਿਚ ਤਾਂ ਬਦਬੂ ਆਉਂਦੀ ਤਾਂ ਹੀ ਹੈ, ਬਲਕਿ ਬਿਮਾਰੀਆਂ ਫੈਲਣ ਦਾ ਵੀ ਖਦਸ਼ਾ ਹੈ। ਇਸ ਗੰਦੇ ਪਾਣੀ ਵਿਚ ਡੇਂਗੂ ਦੇ ਮੱਛਰਾਂ ਦਾ ਲਾਰਵਾ ਵੀ ਵੱਧ-ਫੁੱਲ ਸਕਦਾ ਹੈ। ਸਥਾਨਕ ਵਾਸੀ ਤਾਰੀ ਸੰਧੂ ਨੇ ਦੱਸਿਆ ਕਿ ਇਸ ਬਲਾਕ ਸੀਵਰੇਜ ਸਮੱਸਿਆ ਦਾ ਪੱਕਾ ਹੱਲ ਕੀਤਾ ਜਾਵੇ। ਕਰੀਬ 60 ਤੋਂ 70 ਘਰ ਬਲਾਕ ਸੀਵਰੇਜ ਕਾਰਨ ਪ੍ਰਭਾਵਿਤ ਹੋ ਰਹੇ ਹਨ। ਇਥੇ ਸੀਵਰੇਜ ਦੀ ਲਾਈਨ ਛੋਟੀ ਹੈ ਜਾਂ ਫਿਰ ਸੀਵਰੇਜ ਲਾਈਨ ਦੱਬ ਗਈ ਹੈ। ਉਨ੍ਹਾਂ ਪੰਚਾਇਤ ਵਿਭਾਗ ਤੇ ਮੌਜੂਦਾ ਗ੍ਰਾਮ ਪੰਚਾਇਤ ਤੋਂ ਮੰਗ ਕੀਤੀ ਹੈ ਕਿ ਵਾਰ-ਵਾਰ ਬਲਾਕ ਹੋ ਰਹੇ ਸੀਵਰੇਜ ਦਾ ਪੱਕਾ ਹੱਲ ਕੀਤਾ ਜਾਵੇ।

ਤਾਰੀ ਸੰਧੂ ਵਲੋਂ ਜ਼ਿਲ੍ਹਾ ਸਿਹਤ ਵਿਭਾਗ ਤੋਂ ਵੀ ਮੰਗ ਕੀਤੀ ਕਿ ਇਥੇ ਪਾਣੀ ਵਿਚੋਂ ਡੇਂਗੂ ਦੇ ਸੈਂਪਲ ਭਰੇ ਜਾਣ ਅਤੇ ਸਥਾਨਕ ਵਾਸੀਆਂ ਦੇ ਬਚਾਅ ਲਈ ਉਨ੍ਹਾਂ ਨੂੰ ਸਹਿਯੋਗ ਕੀਤਾ ਜਾਵੇ। ਸਥਾਨਕ ਮੁਹੱਲਾ ਵਾਸੀਆਂ ਦੀ ਪੰਚਾਇਤ ਵਿਭਾਗ ਤੇ ਸੂਲਰ ਦੀ ਮੌਜੂਦਾ ਪੰਚਾਇਤ ਨੂੰ ਮੰਗ ਹੈ ਕਿ ਉਨ੍ਹਾਂ ਦੀ ਗਲੀ ਵਿਚ ਬਲਾਕ ਹੋ ਰਹੇ ਸੀਵਰੇਜ ਦਾ ਪੱਕਾ ਹੱਲ ਕਰਵਾਇਆ ਜਾਵੇ।

# ਜੀ.ਐਸ.ਟੀ ਰਜਿਸਟਰੇਸ਼ਨ ਕੈਂਪ ਦਾ ਹੋਇਆ ਆਯੋਜਨ : ਚੈਅਰਮੈਨ ਨਰੇਸ਼ ਸਿੰ.ਗਲਾ



ਚੇਅਰਮੈਨ ਨਰੇਸ਼ ਸਿੰਗਲਾ ਅਤੇ ਹੋਰ ਵਪਾਰੀ ਜੀ.ਐਸ.ਟੀ ਕੈਂਪ ਦੌਰਾਨ।

**ਪਟਿਆਲਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਵੀਜ਼ਨਲ ਕਮਿਸ਼ਨਰ ਸਟੇਟ ਟੈਕਸ ਰਮਨਪ੍ਰੀਤ ਕੌਰ ਅਤੇ ਐਕਸਾਈਜ਼ ਐਂਡ ਟੈਕਸੇਸ਼ਨ ਅਸਿਸਟੈਂਟ ਕਮਿਸ਼ਨਰ ਪਟਿਆਲਾ ਮੈਡਮ ਕੰਨੂ ਗਰਗ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ, ਪੰਜਾਬ ਸਰਕਾਰ ਦੇ ਡਿਪਾਰਟਮੈਂਟ ਆਫ਼ ਐਕਸਾਈਜ਼ ਅਤੇ ਟੈਕਸੇਸ਼ਨ ਵਿਭਾਗ ਵੱਲੋਂ ਧਰਮਪੁਰਾ ਬਾਜ਼ਾਰ ਪਟਿਆਲਾ ਵਿਖੇ ਜੀ.ਐਸ.ਟੀ ਰਜਿਸਟਰੇਸ਼ਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਜੀ.ਐਸ.ਟੀ ਵਿਭਾਗ ਵੱਲੋਂ ਐਸ.ਟੀ.ਓ ਜਸਵੀਰ ਸ਼ਰਮਾ ਐਸ.ਡੀ.ਆਈ ਨਾਇਬ ਸਿੰਘ, ਨਿਧੀ ਅਤੇ ਪਵਨਦੀਪ ਵੱਲੋਂ ਵਪਾਰੀਆਂ ਨੂੰ ਜੀ.ਐਸ.ਟੀ ਰਜਿਸਟਰੇਸ਼ਨ ਕਰਾਉਣ ਸਬੰਧੀ ਮੌਕੇ ਤੇ ਹੀ ਪ੍ਰੇਰਿਆ ਗਿਆ। ਇਸ ਮੌਕੇ ਰੈਡੀਮੈਂਟ ਗਾਰਮੈਂਟ ਐਸੋਸੀਏਸ਼ਨ ਪੰਜਾਬ ਦੇ ਚੇਅਰਮੈਨ ਨਰੇਸ਼ ਸਿੰਗਲਾ ਨੇ ਸਮੂਹ ਗਾਰਮੈਂਟ ਵਪਾਰੀਆਂ ਨੂੰ ਅਪੀਲ ਕੀਤੀ। ਕਿ ਉਹ ਪਹਿਲ ਦੇ ਅਧਾਰ ਤੇ ਆਪਣੀ- ਆਪਣੀ ਫਰਮ ਅਤੇ ਵਪਾਰਕ ਦੁਕਾਨ ਨੂੰ ਜੀ.ਐਸ.ਟੀ ਵਿਭਾਗ ਦੇ ਤਹਿਤ ਰਜਿਸਟਰ ਕਰਵਾਉਣ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਅਣਦੇਖੀ ਅਣਹੋਣੀ ਤੋਂ ਬਚਿਆ ਜਾ ਸਕੇ। ਇਸ ਮੌਕੇ ਵਿਪਨ ਸਿੰਗਲਾ, ਕ੍ਰਿਸ਼ਨ ਜੀ, ਲੱਕੀ ਜੀ, ਚਿਰਾਗ, ਰਵਿੰਦਰ ਸਿੰਘ ਬੰਨੀ, ਮਨਜੀਤ ਸਿੰਘ ਕਾਕਾ, ਰਜੀਵ ਖੰਨਾ, ਰਿਸ਼ੂ ਉਬਰਾਏ, ਕਮਲ, ਸੁਖਦੀਪ ਸਾਹਨੀ, ਸੋਨੂ, ਬੰਟੀ, ਕਿੱਟੀ, ਜਸਵਿੰਦਰ, ਗੋਰਾ ਜੀ ਵਿੱਕੀ, ਲੱਕੀ ਅਤੇ ਸ਼ਿਵਾ ਆਦਿ ਵਪਾਰੀ ਮੌਕੇ ਤੇ ਹਾਜ਼ਰ ਸਨ।

# ਐੱਚ ਸੀ ਸੁਰਿੰਦਰ ਸਿੰਘ ਬਣਿਆ ਏ. ਐਸ. ਅਈ.



**ਬਠਿੰਡਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਨੇਹੀਆਂ ਵਾਲਾ ਦੇ ਅਧੀਨ ਪੈਂਦੀ ਪੁਲਿਸ ਚੌਕੀ ਗੋਨੇਆਣਾ ਮੰਡੀ ਵਿੱਖੇ ਤਾਇਨਾਤ ਐੱਚ.ਸੀ.ਸੁਰਿੰਦਰ ਸਿੰਘ ਜੋਂ ਕਿ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਆਪਣੀ ਡਿਊਟੀ ਨਿਭਾ ਰਹੇ ਹਨ ਅੱਜ ਮਾਨਯੋਗ ਐਸ.ਐਸ. ਪੀ. ਬਠਿੰਡਾ ਅਮਨੀਤ ਕੌਂਡਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਗੋਨੇਆਣਾ ਚੌਂਕੀ ਇੰਚਾਰਜ ਮੋਹਨਦੀਪ ਸਿੰਘ ਬੰਗੀ ਵਲੋ ਐਚ.ਸੀ. ਸੁਰਿੰਦਰ ਸਿੰਘ ਦੇ ਸਟਾਰ ਲਗਾਇਆ ਅਤੇ ਓਹਨਾ ਨੂੰ ਏ. ਐਸ. ਆਈ. ਬਣਨ ਤੇ ਵਧਾਈ ਦਿੱਤੀ।

ਇਸ ਮੌਕੇ ਚੌਂਕੀ ਇੰਚਾਰਜ ਮੋਹਨਦੀਪ ਸਿੰਘ ਅਤੇ ਸਮੂਹ ਸਟਾਫ਼ ਹਾਜ਼ਿਰ ਸੀ ਜਿਸ ਮੁੱਖ ਮੁਨਸ਼ੀ ਬਾਬੂ ਰਾਮ, ਐੱਚ. ਸੀ. ਲਖਵੀਰ ਸਿੰਘ ਤਫ਼ਦਿਸ਼ੀ ਅਫਸਰ, ਸੁਖਜੀਤ ਸਿੰਘ, ਪਰਮਵੀਰ ਸਿੰਘ , ਗੁਰਬਖਸ਼ ਸਿੰਘ, ਨੱਥਾ ਸਿੰਘ ਅਤੇ ਲਕਸ਼ਮਣ ਸਿੰਘ ਨੇ ਵਧਾਈਆਂ ਦਿੱਤੀਆਂ।

# ਡਿਪਟੀ ਕਮਿਸ਼ਨਰ ਵੱਲੋਂ ਕਿਲ੍ਹਾ ਰਾਏਪੁਰ ਪੇਂਡੂ ਓਲੰਪਿਕ ਦੀਆਂ ਤਿਆਰੀਆਂ ਦੀ ਸਮੀਖਿਆ

## ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਜਨਤਾ ਨੂੰ ਵੱਡੀ ਗਿਣਤੀ ’ਚ ਸ਼ਮੂਲੀਅਤ ਕਰਨ ਦੀ ਕੀਤੀ ਅਪੀਲ

**ਲੁਧਿਆਣਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਕਿਲ੍ਹਾ ਰਾਏਪੁਰ ਵਿਖੇ ਪੇਂਡੂ ਓਲੰਪਿਕ 2025 ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਇਹ ਖੇਡਾਂ 2 ਫਰਵਰੀ ਤੱਕ ਹੋਣਗੀਆਂ, ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਸ਼ੁੱਕਰਵਾਰ ਨੂੰ ਦੁਪਹਿਰ 1 ਵਜੇ ਇਸ ਸਮਾਗਮ ਦਾ ਉਦਘਾਟਨ ਕਰਨਗੇ।

ਲਗਾਤਾਰ ਦੂਜੇ ਸਾਲ, ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੇਂਡੂ ਓਲੰਪਿਕ ਦਾ ਆਯੋਜਨ ਕਰ ਰਹੀ ਹੈ।

ਖੇਡਾਂ ਦੇ ਪਹਿਲੇ ਦਿਨ, ਸ਼ਡਿਊਲ ਵਿੱਚ ਮੁੰਡਿਆਂ ਦਾ ਹਾਕੀ ਮੈਚ, ਉਸ ਤੋਂ ਬਾਅਦ ਕੁੜੀਆਂ ਦਾ ਹਾਕੀ ਮੈਚ, ਕੁੜੀਆਂ ਦਾ ਕਬੱਡੀ, ਵਾਲੀਬਾਲ, ਖੋ-ਖੋ, ਅਤੇ ਦੋਵਾਂ ਵਰਗਾਂ ਲਈ 1500 ਮੀਟਰ ਦੌੜ, ਅਤੇ ਨਾਲ ਹੀ ਨੈਸ਼ਨਲ ਸਟਾਈਲ ਕੁੜੀਆਂ ਦਾ ਕਬੱਡੀ ਮੈਚ ਸ਼ਾਮਲ ਹੈ। ਉਦਘਾਟਨੀ ਦਿਨ, 3 ਫਰਵਰੀਨੂੰ, ਮਸ਼ਹੂਰ ਪੰਜਾਬੀ ਗਾਇਕ ਪ੍ਰੀਤ ਹਰਪਾਲ ਦੁਆਰਾ ਆਪਣੀ ਗਾਇਕੀ ਨਾਲ ਹਾਜ਼ਰੀਨ ਦਾ ਮਨੋਰੰਜਨ ਕੀਤਾ ਜਾਵੇਗਾ ਜਦਕਿ 1 ਫਰਵਰੀ ਨੂੰ ਗਾਇਕ ਵਿਰਾਸਤ ਸੰਧੂ ਅਤੇ 2 ਫਰਵਰੀ ਨੂੰ ਕੁਲਵਿੰਦਰ ਬਿੱਲਾ ਵੱਲੋਂ ਆਪਣੀ ਪੇਸ਼ਕਾਰੀ ਦਿੱਤੀ ਜਾਵੇਗੀ।

ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਅੰਦਰ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ ਅਤੇ ਪੰਜਾਬ ਦੀ ਖੇਡ ਸ਼ਾਨ ਨੂੰ ਮੁੜ ਸੁਰਜੀਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪ੍ਰਤਿਭਾ ਦੀ ਕੋਈ ਘਾਟ ਨਹੀਂ ਪਰ ਹੁਨਰ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਤਰਾਸ਼ਣ ਦੀ ਲੋੜ ਹੈ। ਇਹ ਪੇਂਡੂ ਓਲੰਪਿਕ ਭਵਿੱਖ ਦੇ ਚੈਂਪੀਅਨ ਪੈਦਾ ਕਰਨ ਵਿੱਚ ਸਹਾਈ ਸਿੱਧ ਹੋਵੇਗੀ।

ਡਿਪਟੀ ਕਮਿਸ਼ਨਰ ਜੋਰਵਾਲ ਨੇ ਇਹ ਵੀ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਭਾਗੀਦਾਰਾਂ ਲਈ ਇੱਕ ਸੁਚਾਰੂ ਅਨੁਭਵ ਯਕੀਨੀ ਬਣਾਉਣ ਲਈ ਵਿਆਪਕ ਪ੍ਰਬੰਧ ਕਰੇਗਾ ਅਤੇ ਕੋਈ ਵੀ ਅਸੁਵਿਧਾ ਨਹੀਂ ਹੋਵੇਗੀ। ਉਨ੍ਹਾਂ ਪੰਜਾਬ ਲਈ ਇਨ੍ਹਾਂ ਖੇਡਾਂ ਦੀ ਮਹੱਤਤਾ ’ਤੇ ਜ਼ੋਰ ਦਿੱਤਾ ਅਤੇ ਵੱਖ-ਵੱਖ ਵਿਭਾਗੀ ਮੁਖੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਪ੍ਰਬੰਧ ਯਕੀਨੀ ਬਣਾਏ ਜਾਣ।

ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਖੇਡਾਂ ਦੀ ਪ੍ਰਸਿੱਧੀ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਉਣ ਲਈ ਵੱਡੀ ਗਿਣਤੀ ਵਿੱਚ ਹਿੱਸਾ ਲੈਣ ਲਈ ਵੀ ਪ੍ਰੇਰਿਤ ਕੀਤਾ।

# ਵਿਧਾਇਕ ਰੰਧਾਵਾ ਨੇ ਜ਼ੀਰਕਪੁਰ ਨਗਰ ਕੌਂਸਲ, ਥਾਣੇ ਅਤੇ ਸਬ ਤਹਿਸੀਲ ਵਿੱਚ ਕੀਤਾ ਅਚਨਚੇਤ ਨਿਰੀਖਣ

**ਜ਼ੀਰਕਪੁਰ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਜ਼ੀਰਕਪੁਰ ਪੁਲਿਸ ਸਟੇਸ਼ਨ, ਸਬ-ਤਹਿਸੀਲ ਅਤੇ ਨਗਰ ਕੌਂਸਲ ਜ਼ੀਰਕਪੁਰ ਦਾ ਅਚਨਚੇਤ ਨਿਰੀਖਣ ਕੀਤਾ। ਇਸ ਦੌਰਾਨ ਵਿਧਾਇਕ ਨੇ ਹਾਜ਼ਰ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਜਾਣਕਾਰੀ ਇਕੱਤਰ ਕੀਤੀ ਅਤੇ ਸਬ ਡਿਵੀਜ਼ਨ ਜ਼ੀਰਕਪੁਰ ਡੀਐਸਪੀ ਦਫ਼ਤਰ ਵਿੱਚ ਉਕਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਜ਼ਰੂਰੀ ਹਦਾਇਤਾਂ ਦਿੱਤੀਆਂ ਗਈਆਂ।

ਇਹ ਅਚਨਚੇਤ ਨਿਰੀਖਣ ਅਤੇ ਮੀਟਿੰਗ ਵਿਧਾਇਕ ਰੰਧਾਵਾ ਦੇ ਸਰਕਾਰੀ ਵਿਭਾਗਾਂ ਦੇ ਸੁਚਾਰੂ ਕੰਮਕਾਜ ਨੂੰ ਯਕੀਨੀ ਬਣਾਉਣ ਅਤੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨ ਦੇ ਯਤਨਾਂ ਦਾ ਹਿੱਸਾ ਸੀ। ਵਿਧਾਇਕ ਨੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ। ਉਨ੍ਹਾਂ ਨੇ ਵਿਭਾਗਾਂ ਵੱਲੋਂ ਮੁੱਦਿਆਂ ਦੇ ਹੱਲ ਲਈ ਕੀਤੀ ਗਈ ਪ੍ਰਗਤੀ ਦੀ ਵੀ ਰਿਪੋਰਟ ਹਾਸਲ ਕੀਤੀ। ਵਿਧਾਇਕ ਰੰਧਾਵਾ ਨੇ ਲੋਕਾਂ ਨੂੰ ਤੁਰੰਤ ਅਤੇ ਕੁਸ਼ਲ ਸੇਵਾ ਪ੍ਰਦਾਨ ਕਰਨ ਦੀ ਮਹੱਤਤਾ ’ਤੇ ਜ਼ੋਰ ਦਿੱਤਾ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਵੱਲੋਂ ਉਠਾਏ ਗਏ ਮੁੱਦਿਆਂ ’ਤੇ ਤੁਰੰਤ ਕਾਰਵਾਈ ਕੀਤੀ ਜਾਵੇ।

# ਪੁਲਿਸ ਫੋਰਸ ਵਲੋਂ ਨਸ਼ਾ ਤਸਕਰਾਂ ਦੇ ਟਿਕਾਣਿਆ ’ਤੇ ਲਗਾਤਾਰ ਸਰਚ ਅਭਿਆਨ ਜਾਰੀ : ਅਮਨੀਤ ਕੌਂਡਲ

**ਬਠਿੰਡਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਰਾਜ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਿੱਢੀ ਗਈ ਮੁਹਿੰਮ ਤਹਿਤ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ, ਇਸੇ ਲੜੀ ਤਹਿਤ ਜ਼ਿਲ੍ਹਾ ਪੁਲਿਸ ਮੁਖੀ ਮੈਡਮ ਅਮਨੀਤ ਕੌਂਡਲ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਪੁਲਿਸ ਫੋਰਸ ਦੀਆਂ ਵੱਖ-ਵੱਖ ਟੀਮਾਂ ਗਠਿਤ ਕਰਕੇ ਸ਼ੱਕੀ ਵਿਅਕਤੀਆਂ ਦੇ ਟਿਕਾਣਿਆ ’ਤੇ ਲਗਾਤਾਰ ਸਰਚ ਅਭਿਆਨ ਚਲਾਏ ਜਾ ਰਹੇ ਹਨ।

ਜ਼ਿਲ੍ਹਾ ਪੁਲਿਸ ਮੁਖੀ ਮੈਡਮ ਅਮਨੀਤ ਕੌਂਡਲ ਨੇ ਦੱਸਿਆ ਕਿ ਪੁਲਿਸ ਟੀਮਾਂ ਵੱਲੋਂ ਜ਼ਿਲ੍ਹੇ ਦੇ ਪਿੰਡਾਂ ਅਤੇ ਵੱਖ-ਵੱਖ ਕਸਬਿਆਂ ਦੇ ਨਸ਼ਾ ਤਸਕਰਾਂ ਵੱਲੋਂ ਨਸ਼ੇ ਦੀ ਤਸਕਰੀ ਕਰਕੇ ਇਕੱਠੀ ਕੀਤੀ ਕੁੱਲ ਕਰੀਬ 8 ਕਰੋੜ ਰੁਪਏ ਦੀ ਜਾਇਦਾਦ ਨੂੰ ਫਰੀਜ ਕੀਤਾ ਗਿਆ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਪੁਲਿਸ ਵਲੋਂ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਕੇ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤੇ ਜਾ ਰਹੇ ਹਨ ਤੇ ਨਾਲ ਹੀ ਨਸ਼ੇ ਵੇਚਣ ਵਾਲੇ ਸੌਦਾਗਰਾਂ ਖਿਲਾਫ ਸਖਤ ਨਾਲ ਕਾਰਵਾਈ ਕਰਦੇ ਹੋਏ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਭੇਜਿਆ ਜਾ ਰਿਹਾ ਹੈ।

ਜ਼ਿਲ੍ਹਾ ਪੁਲਿਸ ਮੁਖੀ ਨੇ ਦੱਸਿਆ ਕਿ ਬਠਿੰਡਾ ਪੁਲਿਸ ਵੱਲੋਂ ਜਿਨ੍ਹਾਂ ਨਸ਼ਾ ਤਸਕਰਾਂ ਖਿਲਾਫ ਐੱਨ.ਡੀ.ਪੀ.ਐੱਸ ਐਕਟ ਤਹਿਤ ਕਮਰਸ਼ੀਅਲ ਮਾਤਰਾ ਦੇ ਮੁੱਕਦਮੇ ਦਰਜ ਹਨ, ਉਨ੍ਹਾਂ ਵੱਲੋਂ ਨਸ਼ਾ ਤਸਕਰੀ ਰਾਹੀ ਬਣਾਈ ਗਈ ਅਣ-ਅਧਿਕਾਰਿਤ ਚੱਲ/ਅਚੱਲ ਜਾਇਦਾਦ ਅਤੇ ਡਰੱਗ ਮਨੀ ਨੂੰ ਫਰੀਜ ਕਰਾਉਣ ਲਈ 68-ਐੱਫ ਐੱਨ.ਡੀ.ਪੀ.ਐੱਸ ਐਕਟ ਤਹਿਤ ਕੇਸ ਤਿਆਰ ਕਰਕੇ ਕੰਪੀਟੈਂਟ ਅਥਾਰਟੀ ਦਿੱਲੀ ਪਾਸ ਭੇਜੇ ਜਾ ਰਹੇ ਹਨ। ਜ਼ਿਲਾ ਪੁਲਿਸ ਮੁਖੀ ਮੈਡਮ ਅਮਨੀਤ ਕੌਂਡਲ ਨੇ ਦੱਸਿਆ ਕਿ ਜ਼ਿਲ੍ਹੇ ’ਚ ਬਠਿੰਡਾ ਪੁਲਿਸ ਵੱਲੋਂ ਕੁੱਲ 63 ਕੇਸ ਐੱਨ.ਡੀ.ਪੀ.ਐੱਸ ਐਕਟ ਤਹਿਤ ਕੰਪੀਟੈਂਟ ਅਥਾਰਟੀ ਦਿੱਲੀ ਪਾਸ ਭੇਜੇ ਗਏ ਸਨ, ਜਿਨ੍ਹਾਂ ’ਚੋਂ 59 ਕੇਸ ਕੰਪੀਟੈਂਟ ਅਥਾਰਟੀ ਦਿੱਲੀ ਪਾਸੋਂ ਕੰਨਫਰਮ ਹੋ ਚੁੱਕੇ ਹਨ, ਜਿਨ੍ਹਾਂ ’ਚੋਂ ਪ੍ਰਦੀਪ ਸਿੰਘ ਪੁੱਤਰ ਭੋਲਾ ਸਿੰਘ ਵਾਸੀ ਮੰਡੀ ਕਲਾਂ ਖਿਲਾਫ ਐੱਨ.ਡੀ.ਪੀ.ਐੱਸ ਐਕਟ ਤਹਿਤ ਮੁਕੱਦਮਾ ਥਾਣਾ ਬਾਲਿਆਂਵਾਲੀ ਵਿਖੇ ਦਰਜ ਹੈ, ਜਿਸ ਪਾਸੋਂ 3200 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ ਸਨ, ਇਸ ਖਿਲਾਫ ਦਰਜ ਕੇਸ ਕੰਪੀਟੈਂਟ ਅਥਾਰਟੀ ਦਿੱਲੀ ਭੇਜਿਆ ਗਿਆ ਸੀ, ਜਿਸ ਦੇ ਆਰਡਰ ਮੌਸੂਲ ਹੋਣ ’ਤੇ ਇਸ ਦੀ 7 ਕਨਾਲਾਂ 19 ਮਰਲੇ ਜ਼ਮੀਨ ਨੂੰ ਫਰੀਜ ਕੀਤਾ ਗਿਆ।

ਜ਼ਿਲ੍ਹਾ ਪੁਲਿਸ ਮੁਖੀ ਨੇ ਜ਼ਿਲ੍ਹੇ ਦੇ ਵਸਨੀਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿ ਜੇਕਰ ਤੁਹਾਡੇ ਨਜਦੀਕ ਕੋਈ ਵੀ ਨਸ਼ਾ ਵੇਚਦਾ ਜਾਂ ਕੋਈ ਨਸ਼ੇ ਦਾ ਆਦੀ ਹੈ ਤਾਂ ਉਸ ਦੀ ਜਾਣਕਾਰੀ ਕੰਟਰੋਲ ਰੂਮ ਦੇ ਹੈਲਪ ਲਾਈਨ ਨੰਬਰ 75080-09080 ’ਤੇ ਵੱਟਸਐਪ ਜਾਂ ਫੋਨ ਰਾਹੀਂ ਦੇ ਸਕਦੇ ਹੋ। ਉਨ੍ਹਾਂ ਇਹ ਵੀ ਕਿਹਾ ਕਿ ਜਾਣਕਾਰੀ ਦੇਣ ਵਾਲੇ ਦਾ ਨਾਮ ਅਤੇ ਪਤਾ ਗੁਪਤ ਰੱਖਿਆ ਜਾਵੇਗਾ।

# ਭਾਸ਼ਾ ਵਿਭਾਗ ਵੱਲੋਂ ਦੁਕਾਨਦਾਰਾਂ ਨੂੰ ਅਪੀਲ, ਦੁਕਾਨਾਂ ਦੇ ਮੁੱਖ ਬੋਰਡ ਪੰਜਾਬੀ ਭਾਸ਼ਾ/ਗੁਰਮੁਖੀ ’ਚ ਲਿਖੇ ਜਾਣ

## ਲਿਖਣ ਸਮੇਂ ਪੰਜਾਬੀ ਸ਼ਬਦ-ਜੋੜਾਂ ਦਾ ਵੀ ਰੱਖਿਆ ਜਾਵੇ ਵਿਸ਼ੇਸ਼ ਧਿਆਨ

**ਲੁਧਿਆਣਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਭਾਸ਼ਾ ਅਫ਼ਸਰ, ਲੁਧਿਆਣਾ ਡਾ. ਸੰਦੀਪ ਸ਼ਰਮਾ ਨੇ ਜ਼ਿਲ੍ਹਾ ਵਾਸੀਆਂ ਅਤੇ ਜ਼ਿਲ੍ਹੇ ਦੇ ਸਮੂਹ ਦੁਕਾਨਦਾਰਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ ਦੁਕਾਨਾਂ ਦੇ ਮੁੱਖ ਬੋਰਡ ਪੰਜਾਬੀ ਭਾਸ਼ਾ/ਗੁਰਮੁਖੀ ਵਿੱਚ ਲਿਖਣੇ ਯਕਨੀ ਬਣਾਉਣ।

ਜ਼ਿਲ੍ਹਾ ਭਾਸ਼ਾ ਅਫ਼ਸਰ ਨੇ ਕਿਹਾ ਕਿ ਇਸ ਕਾਰਜ ਲਈ ਪੂਰਨ ਸਹਿਯੋਗ ਦਿੱਤਾ ਜਾਵੇ ਅਤੇ ਕੋਈ ਵੀ ਸੂਚਨਾ ਅਤੇ ਮੁੱਖ ਬੋਰਡ ਲਿਖਣ ਸਮੇਂ ਪੰਜਾਬੀ ਸ਼ਬਦ-ਜੋੜਾਂ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਜਾਵੇ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਅਤੇ ਪੂਰਾ ਮਾਣ-ਸਨਮਾਨ ਦੇਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਵੱਲੋਂ ਜਾਰੀ ਆਦੇਸ਼ਾਂ ਅਨੁਸਾਰ ਪੰਜਾਬ ਰਾਜ ਦੀਆਂ ਗ਼ੈਰ-ਸਰਕਾਰੀ ਸੰਸਥਾਵਾਂ, ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ, ਨਾਮ ਪੱਟੀਆਂ, ਮੀਲ ਪੱਥਰ, ਸਾਈਨ ਬੋਰਡ ਆਦਿ ਪੰਜਾਬੀ ਭਾਸ਼ਾ/ਗੁਰਮੁਖੀ ਲਿਪੀ ਵਿੱਚ ਲਿਖੇ ਜਾਣ ਦੇ ਹੁਕਮ ਜਾਰੀ ਕੀਤੇ ਗਏ ਸਨ।



ਇਸ ਦੇ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਗਿਆ ਸੀ ਕਿ ਅਜਿਹਾ ਕਰਦੇ ਸਮੇਂ ਸਭ ਤੋਂ ਉੱਪਰ ਪੰਜਾਬੀ ਭਾਸ਼ਾ/ਗੁਰਮੁਖੀ ਲਿਪੀ ਵਿੱਚ ਲਿਖਿਆ ਜਾਵੇ ਅਤੇ ਜੇਕਰ ਕਿਸੇ ਹੋਰ ਭਾਸ਼ਾ ਵਿੱਚ ਲਿਖਣਾ ਹੋਵੇ ਤਾਂ ਹੇਠਾਂ ਦੂਸਰੀ ਭਾਸ਼ਾ ਵਿੱਚ ਲਿਖਿਆ ਜਾਵੇ।

ਇਹਨਾਂ ਹਦਾਇਤਾਂ ਵਿੱਚ ਸਰਕਾਰੀ ਅਦਾਰਿਆਂ ਤੋਂ ਇਲਾਵਾ ਗ਼ੈਰ-ਸਰਕਾਰੀ, ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਨੂੰ ਵੀ ਆਪੋ-ਆਪਣੇ ਸਾਈਨ ਬੋਰਡ ਪੰਜਾਬੀ ਭਾਸ਼ਾ ਵਿਚ ਲਿਖੇ ਜਾਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਪੰਜਾਬ ਸਰਕਾਰ ਕਿਰਤ ਵਿਭਾਗ ਅਧਿਸੂਚਨਾ ਮਿਤੀ 24 ਮਾਰਚ 2023 ਦੇ ਨਿਯਮ 23 ਅਨੁਸਾਰ ਸਾਰੇ ਅਦਾਰਿਆਂ ਦੇ ਨਾਮ ਬੋਰਡ ਪੰਜਾਬੀ ਗੁਰਮੁਖੀ ਲਿਪੀ ਵਿੱਚ ਲਿਖੇ ਹੋਣਗੇ ਅਤੇ ਜਿੱਥੇ ਹੋਰ ਭਾਸ਼ਾਵਾਂ ਦੀ ਵਰਤੋਂ ਵੀ ਕੀਤੀ ਗਈ ਹੈ, ਅਜਿਹੀਆਂ ਹੋਰ ਭਾਸ਼ਾਵਾਂ ਪੰਜਾਬੀ ਭਾਸ਼ਾ ਦੇ ਹੇਠਾਂ ਹੋਣਗੀਆਂ ਪੰਜਾਬੀ ਭਾਸ਼ਾ ਵਿੱਚ ਨਾਮ ਬੋਰਡ ਨੂੰ ਹੋਰ ਭਾਸ਼ਾਵਾਂ (ਜੇਕਰ ਹੋਣ) ਨਾਲੋਂ ਵਧੇਰੇ ਥਾਂ ਦੇ ਕੇ ਮੁੱਖ ਤੌਰ ’ਤੇ ਲਿਖਿਆ ਜਾਵੇਗਾ।

ਜ਼ਿਲ੍ਹਾ ਭਾਸ਼ਾ ਅਫ਼ਸਰ, ਲੁਧਿਆਣਾ ਡਾ. ਸੰਦੀਪ ਸ਼ਰਮਾ ਨੇ ਦੱਸਿਆ ਕਿ ਜੇਕਰ ਕੋਈ ਵਿਅਕਤੀ ਨਿਯਮ 23 ਦੇ ਉਪਬੰਧਾਂ ਦੀ ਉਲੰਘਣਾ ਕਰਦਾ ਹੈ, ਉਸ ਨੂੰ ਪਹਿਲੀ ਵਾਰ ਇੱਕ ਹਜ਼ਾਰ ਰੁਪਏ ਅਤੇ ਇਸ ਤੋਂ ਬਾਅਦ ਹਰ ਵਾਰ ਦੋ ਹਜ਼ਾਰ ਰੁਪਏ ਤੱਕ ਜੁਰਮਾਨਾ ਕੀਤਾ ਜਾਵੇਗਾ।

## ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ ਮੌਕੇ ਸ਼ਰਧਾਂਜਲੀ ਸਮਾਰੋਹ

# ਸ਼ਹੀਦਾਂ ਦੇ ਦਿੱਤੇ ਸੰਕਲਪ ਨੂੰ ਪੂਰਾ ਕਰਨ ਲਈ ਹਰ ਨਾਗਰਿਕ ਆਪਣਾ ਯੋਗਦਾਨ ਪਾਵੇ : ਡਾ. ਪ੍ਰੀਤੀ ਯਾਦਵ

**ਪਟਿਆਲਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ ਮੌਕੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਆਪਣਾ ਬਲੀਦਾਨ ਦੇਣ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਅੱਜ ਇਥੇ ਮਾਲ ਰੋਡ 'ਤੇ ਰਜਿੰਦਰਾ ਲੇਕ ਵਿਖੇ ਸਥਿਤ ਮਹਾਤਮਾ ਗਾਂਧੀ ਦੇ ਸਮਾਰਕ 'ਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਸ਼ਰਧਾਂਜਲੀ ਸਮਾਰੋਹ ਹੋਇਆ।

ਇਸ ਮੌਕੇ ਪੁਲਿਸ ਦੀ ਹਥਿਆਰਬੰਦ ਟੁਕੜੀ ਨੇ ਹਥਿਆਰ ਉਲਟੇ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਦੋ ਮਿੰਟ ਦਾ ਮੌਨ ਰੱਖਿਆ ਗਿਆ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਮਹਾਤਮਾ ਗਾਂਧੀ ਦੇ ਸਮਾਰਕ 'ਤੇ ਫੁੱਲ ਮਾਲਾਵਾਂ ਚੜ੍ਹਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਮਾਰੋਹ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ, ਐਸ.ਡੀ.ਐਮ ਪਟਿਆਲਾ ਗੁਰਦੇਵ ਸਿੰਘ ਧਮ, ਮੁੱਖ ਮੰਤਰੀ ਫ਼ੀਲਡ ਅਫ਼ਸਰ ਡਾ. ਨਵਜੋਤ ਸ਼ਰਮਾ ਸਮੇਤ ਹੋਰ ਪਤਵੰਤੇ ਵੀ ਮੌਜੂਦ ਸਨ।



ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਦੌਰਾਨ ਮਹਾਤਮਾ ਗਾਂਧੀ ਦੇ ਸਮਾਰਕ 'ਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ।

ਸਮਾਗਮ ਮੌਕੇ ਡਾ. ਪ੍ਰੀਤੀ ਯਾਦਵ ਨੇ ਮਹਾਤਮਾ ਗਾਂਧੀ ਸਮੇਤ ਹੋਰਨਾਂ ਸੁਤੰਤਰਤਾ ਸੰਗਰਾਮੀਆਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਅੱਜ ਦਾ ਇਹ ਦਿਨ ਬਹੁਤ ਅਹਿਮ ਹੈ, ਕਿਉਂਕਿ ਇਸ ਦਿਨ ਸਮੁੱਚਾ ਦੇਸ਼ ਆਜ਼ਾਦੀ ਸੰਗਰਾਮ 'ਚ ਆਪਣੀ ਜਾਨ ਦੀ ਆਹੂਤੀ ਪਾਉਣ ਵਾਲਿਆਂ ਨੂੰ ਸਿਜਦਾ ਕਰਦਾ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਆਜ਼ਾਦੀ ਸੰਗਰਾਮ ਵਿੱਚ ਆਪਣਾ ਬਲੀਦਾਨ ਦੇਣ ਵਾਲੇ ਸ਼ਹੀਦਾਂ ਸਦਕਾ ਹੀ ਅਸੀਂ ਅੱਜ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ ਨੇ ਅਹਿੰਸਾ ਦਾ ਮਾਰਗ ਅਪਣਾਉਂਦਿਆਂ ਆਜ਼ਾਦੀ ਲਈ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਸਾਨੂੰ ਉਨ੍ਹਾਂ ਵੱਲੋਂ ਅਹਿੰਸਾ, ਸਵੱਛਤਾ, ਸ਼ਾਂਤੀ ਅਤੇ ਆਪਸੀ ਭਾਈਚਾਰਕ ਸਾਂਝ ਦੇ ਦਿੱਤੇ ਸੰਕਲਪ ਨੂੰ ਪੂਰਾ ਕਰਨ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਪੁਰਬ ਨੂੰ ਲੈ ਕੇ ਗੁ: ਗੁਰੂ ਕੇ ਮਹਿਲ (ਗੁ: ਭੌਰਾ ਸਾਹਿਬ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ

**ਸ੍ਰੀ ਆਨੰਦਪੁਰ ਸਾਹਿਬ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਬੰਸ ਦਾਨੀ ਸਾਹਿਬ-ਏ-ਕਮਾਲ ਕਲਗੀਧਰ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਜੀਤ ਕੌਰ ਜੀ ਦੇ ਅਨੰਦਕਾਰਜ ਵਿਆਹ ਪੁਰਬ ਨੂੰ ਲੈ ਕੇ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਗੁ: ਗੁਰੂ ਕੇ ਮਹਿਲ (ਗੁ:ਭੌਰਾ ਸਾਹਿਬ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਇਲਾਹੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ। ਆਰੰਭਤਾ ਦੀ ਅਰਦਾਸ ਗਿਆਨੀ ਜੋਗਿੰਦਰ ਸਿੰਘ ਮੁੱਖ ਗ੍ਰੰਥੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਵੱਲੋਂ ਕੀਤੀ ਗਈ। ਇਸ ਮੌਕੇ ਭਾਈ ਅਮਰਜੀਤ ਸਿੰਘ ਚਾਵਲਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਤ ਬਾਬਾ ਸੁੱਚਾ ਸਿੰਘ ਮੁੱਖ ਪ੍ਰਬੰਧਕ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ, ਸੰਤ ਬਾਬਾ ਅਵਤਾਰ ਸਿੰਘ ਮੁੱਖ ਪ੍ਰਬੰਧਕ ਗੁ:ਟਿੱਬੀ ਸਾਹਿਬ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰਾਂ ਇਸ ਸਾਲ ਵੀ 1 ਅਤੇ 2 ਫਰਵਰੀ ਨੂੰ ਬਸੰਤ ਪੰਚਮੀ ਮੌਕੇ ਕਲਗੀਧਰ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਜੀਤ ਕੌਰ ਜੀ ਦੇ ਅਨੰਦਕਾਰਜ ਵਿਆਹ ਪੁਰਬ ਗੁ: ਗੁਰੂ ਕਾ ਲਾਹੌਰ ਸਾਹਿਬ (ਹਿਮਾਚਲ ਪ੍ਰਦੇਸ਼) ਵਿਖੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।



ਉਨ੍ਹਾਂ ਦੱਸਿਆ ਅੱਜ ਆਰੰਭ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 1 ਫਰਵਰੀ ਦਿਨ ਸ਼ਨਿੱਚਰਵਾਰ ਨੂੰ ਸਵੇਰੇ 9 ਵਜੇ ਪਾਏ ਜਾਣਗੇ। ਉਪਰੰਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰੇ ਸਹਿਬਾਨ ਦੀ ਅਗਵਾਈ 'ਚ ਗੁ: ਗੁਰੂ ਕੇ ਮਹਿਲ ਤੋਂ ਗੁ:ਗੁਰੂ ਕਾ ਲਾਹੌਰ ਸਾਹਿਬ ਤੱਕ ਬਰਾਤ ਰੂਪੀ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਨਗਰ ਕੀਰਤਨ ਗੁ: ਗੁਰੂ ਕੇ ਮਹਿਲ ਤੋਂ ਆਰੰਭ ਹੋ ਕੇ ਮੇਨ ਬਜ਼ਾਰ, ਕਲਗੀਧਰ ਮਾਰਕੀਟ, ਬੱਸ ਅੱਡਾ ਸ੍ਰੀ ਅਨੰਦਪੁਰ ਸਾਹਿਬ,ਗੰਗੂਵਾਲ ਮੋੜ,ਗੁ: ਸੁਹੇਲਾ ਘੋੜਾ ਸਾਹਿਬ ਤੋਂ ਹੁੰਦਾ ਹੋਇਆ ਗੁ:ਸੇਹਰਾ ਸਾਹਿਬ ਵਿਖੇ ਪਹੁੰਚੇਗਾ।ਜਿੱਥੇ ਕੁਝ ਚਿਰ ਪੜਾਅ ਕਰਨ ਉਪਰੰਤ ਗੁ:ਤ੍ਰਿਬੈਣੀ ਸਾਹਿਬ ਤੋਂ ਹੋ ਕੇ ਗੁ: ਗੁਰੂ ਕਾ ਲਾਹੌਰ ਸਾਹਿਬ ਵਿਖੇ ਪਹੁੰਚ ਕੇ ਸਮਾਪਤ ਹੋਵੇਗਾ। ਉਨ੍ਹਾਂ ਦੱਸਿਆ ਕਿ 2 ਫਰਵਰੀ ਨੂੰ ਗੁਰੂ ਕਾ ਲਾਹੌਰ ਸਾਹਿਬ ਵਿਖੇ ਵਿਸ਼ਾਲ ਧਾਰਮਿਕ ਸਮਾਗਮ ਕਰਵਾਏ ਜਾਣਗੇ ਜਿਸ ਵਿੱਚ ਪੰਥ ਦੇ ਪ੍ਰਸਿੱਧ ਵਿਦਵਾਨ ਕਥਾਵਾਚਕ, ਕੀਰਤਨੀ ਅਤੇ ਢਾਡੀ ਜਥੇ ਇਲਾਹੀ ਬਾਣੀ ਸਰਬਣ ਕਰਵਾ ਕੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਨਗੇ। ਉਨ੍ਹਾਂ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਅਨੰਦਕਾਰਜ ਵਿਆਹ ਪੁਰਬ ਵਿੱਚ ਵੱਧ ਤੋਂ ਵੱਧ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ ਨੇ ਦੱਸਿਆ ਕਿ ਵਿਆਹ ਪੁਰਬ ਮੌਕੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਗੁਰੂ ਕਾ ਲਾਹੌਰ ਵਿਖੇ ਨਤਮਸਤਕ ਹੋਣ ਲਈ ਹੁਮ ਹੁੰਮਾ ਕੇ ਪੁੱਜ ਰਹੀਆਂ ਹਨ ਜਿਸ ਨੂੰ ਦੇਖਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਸ ਮੌਕੇ ਅਡੀਸ਼ਨਲ ਮੈਨੇਜਰ ਐਡਵੋਕੇਟ ਹਰਦੇਵ ਸਿੰਘ,ਕਰਮਜੀਤ ਸਿੰਘ, ਭਾਈ ਤਾਰਾ ਸਿੰਘ, ਮਹਿੰਦਰ ਸਿੰਘ ਬਿੱਟੂ ਵਾਲੀਆਂ, ਜਸਪਾਲ ਸਿੰਘ ਅਰੋੜਾ, ਉਰਿੰਦਰ ਸਿੰਘ ਅਰੋੜਾ, ਜਸਵਿੰਦਰ ਸਿੰਘ ਜੋਗਾ, ਤਜਿੰਦਰ ਸਿੰਘ ਵਾਲੀਆਂ ਆਦਿਕ ਹਾਜਰ ਸਨ।

# ਐਸ.ਜੀ.ਪੀ.ਸੀ. ਚੋਣਾਂ ਦੀਆਂ ਵੋਟਾਂ ਦੇ ਦਾਅਵੇ ਤੇ ਇਤਰਾਜ਼ 10 ਮਾਰਚ ਤੱਕ ਕਰਵਾਏ ਜਾ ਸਕਦੇ ਨੇ ਦਰਜ : ਡਿਪਟੀ ਕਮਿਸ਼ਨਰ

**ਪਟਿਆਲਾ, 3 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੋਰਡ (ਐਸ.ਜੀ.ਪੀ.ਸੀ) ਦੇ ਹਲਕਾ ਸਮਾਣਾ-52, ਨਾਭਾ-53, ਭਾਦਸੋਂ-54, ਡਕਾਲਾ-55, ਪਟਿਆਲਾ ਸ਼ਹਿਰ-56, ਸਨੌਰ-57 ਅਤੇ ਰਾਜਪੁਰਾ-59 ਦੇ ਵੋਟਰ ਆਪਣੇ ਦਾਅਵੇ ਅਤੇ ਇਤਰਾਜ਼ ਹੁਣ 10 ਮਾਰਚ ਤੱਕ ਦਰਜ ਕਰਵਾਏ ਜਾ ਸਕਦੇ ਹਨ। ਜ਼ਿਕਰਯੋਗ ਹੈ ਕਿ ਪਹਿਲਾਂ ਇਹ ਮਿਤੀ 24 ਜਨਵਰੀ ਸੀ, ਜਿਸ ਨੂੰ ਵਧਾ ਕੇ 10 ਮਾਰਚ ਕਰ ਦਿੱਤਾ ਗਿਆ ਹੈ।

ਡਿਪਟੀ ਕਮਿਸ਼ਨਰ ਵੱਲੋਂ ਇਸ ਸਬੰਧੀ ਨੋਟਿਸ ਜਾਰੀ ਕਰਦਿਆਂ ਦੱਸਿਆ ਗਿਆ ਹੈ ਕਿ ਵੋਟਰਾਂ ਕੋਲ 10 ਮਾਰਚ ਤੱਕ ਸਬੰਧਤ ਰਿਵਾਈਜ਼ਿੰਗ ਅਫ਼ਸਰਾਂ ਕੋਲ ਇਤਰਾਜ਼ ਅਤੇ ਅਪੀਲਾਂ ਦਾਇਰ ਕਰਨ ਦਾ ਮੌਕਾ ਹੈ ਅਤੇ ਇਸ ਮਿਤੀ ਤੋਂ ਬਾਅਦ ਦਾਅਵੇ ਅਤੇ ਇਤਰਾਜ਼ ਸਵੀਕਾਰ ਨਹੀਂ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ 52-ਸਮਾਣਾ ਖੇਤਰ ਲਈ ਰਿਵਾਈਜ਼ਿੰਗ ਅਫ਼ਸਰ ਐਸ.ਡੀ.ਐਮ ਸਮਾਣਾ ਹਨ ਅਤੇ ਡਰਾਫ਼ਟ ਵੋਟਰ ਸੂਚੀ ਉਨ੍ਹਾਂ ਦੇ ਦਫ਼ਤਰ ਵਿੱਚ ਉਪਲਬਧ ਹੋਵੇਗੀ। ਵੋਟਰ 24 ਜਨਵਰੀ ਤੱਕ ਉਥੇ ਕੋਈ ਵੀ ਇਤਰਾਜ਼ ਜਾਂ ਅਪੀਲ ਦਾਇਰ ਕਰ ਸਕਦੇ ਹਨ। 53-ਨਾਭਾ ਤੇ 54-ਭਾਦਸੋਂ ਲਈ ਰਿਵਾਈਜ਼ਿੰਗ ਅਫ਼ਸਰ ਐਸ.ਡੀ.ਐਮ ਨਾਭਾ ਹਨ, ਜਿਨ੍ਹਾਂ ਕੋਲ ਵੋਟਰਾਂ ਲਈ ਡਰਾਫਟ ਸੂਚੀ ਵੀ ਉਨ੍ਹਾਂ ਦੇ ਦਫ਼ਤਰ ਵਿੱਚ ਉਪਲਬਧ ਹੋਵੇਗੀ ਤਾਂ ਜੋ ਉਹ ਇਤਰਾਜ਼ਾਂ ਦੀ ਜਾਂਚ ਕਰ ਸਕਣ। 55-ਡਕਾਲਾ ਤੇ 56-ਪਟਿਆਲਾ ਸ਼ਹਿਰ ਲਈ ਐਸ.ਡੀ.ਐਮ ਪਟਿਆਲਾ ਰਿਵਾਈਜ਼ਿੰਗ ਅਫ਼ਸਰ ਹਨ ਅਤੇ ਡਰਾਫ਼ਟ ਵੋਟਰ ਸੂਚੀ ਉਨ੍ਹਾਂ ਦੇ ਦਫ਼ਤਰ ਵਿੱਚ ਉਪਲਬਧ ਹੋਵੇਗੀ। 57-ਸਨੌਰ ਲਈ ਐਸ.ਡੀ.ਐਮ ਦੁਧਨਸਾਧਾਂ ਤੇ 59-ਰਾਜਪੁਰਾ ਲਈ ਐਸ.ਡੀ.ਐਮ ਰਾਜਪੁਰਾ ਰਿਵਾਈਜ਼ਿੰਗ ਅਫ਼ਸਰ ਹਨ।

## ਕਣਕ ਲਈ ਤਾਪਮਾਨ ਦਾ ਵੱਧਣਾ ਨੁਕਸਾਨਦੇਹ: ਮੁੱਖ ਖੇਤੀਬਾੜੀ ਅਫਸਰ



**ਪਟਿਆਲਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਖੇਤੀਬਾੜੀ ਅਫਸਰ, ਪਟਿਆਲਾ ਡਾ: ਜਸਵਿੰਦਰ ਸਿੰਘ ਨੇ ਵੱਖ-ਵੱਖ ਪਿੰਡਾਂ ਵਿੱਚ ਬੀਜੀ ਕਣਕ ਦੀ ਫ਼ਸਲ ਦਾ ਨਿਰੀਖਣ ਕਰਨ ਲਈ ਬਲਾਕ ਪੱਧਰ ਤੇ ਟੀਮਾਂ ਦਾ ਗਠਨ ਕੀਤਾ ਤਾਂ ਜੋ ਕਣਕ ਦੀ ਤਾਜਾ ਸਥਿਤੀ ਅਨੁਸਾਰ ਕਿਸਾਨਾਂ ਨੂੰ ਐਡਵਾਈਜਰੀ ਜਾਰੀ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਮੌਜੂਦਾ ਦਿਨਾਂ ਵਿੱਚ ਦਿਨ ਦਾ ਤਾਪਮਾਨ 21-23 ਡਿਗਰੀ ਸੈਲਸੀਅਸ ਅਤੇ ਰਾਤ ਦਾ ਤਾਪਮਾਨ 5-6 ਡਿਗਰੀ ਸੈਲਸੀਅਸ ਚੱਲ ਰਿਹਾ ਹੈ।

ਉਹਨਾਂ ਦੱਸਿਆ ਕਿ ਜੇਕਰ ਤਾਪਮਾਨ ਇਸੇ ਤਰ੍ਹਾਂ ਵੱਧਦਾ ਰਿਹਾ ਤਾਂ ਕਣਕ ਦਾ ਝਾੜ ਘੱਟਣ ਦਾ ਖਦਸ਼ਾ ਹੋ ਸਕਦਾ ਹੈ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸਾਨ ਤਾਪਮਾਨ ਦੇ ਵਾਧੇ ਦੇ ਅਸਰ ਨੂੰ ਘੱਟ ਕਰਨ ਲਈ ਆਪਣੀ ਕਣਕ ਦੀ ਫ਼ਸਲ ਉਪਰ 4 ਕਿਲੋਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ (13:0:45) ਨੂੰ 200 ਲੀਟਰ ਪਾਣੀ ਵਿੱਚ ਮਿਲਾ ਕੇ ਪਹਿਲਾਂ ਸਪਰੇਅ ਗੋਭ ਵਾਲਾ ਪੱਤਾ ਨਿਕਲਣ ਅਤੇ ਦੂਜਾ ਬੂਰ ਪੈਣ ਸਮੇਂ ਕਰਨ ਜਾਂ 15 ਗ੍ਰਾਮ ਸੈਲੀਸਿਲਕ ਐਸਿਡ ਨੂੰ 450 ਮਿਲੀਲੀਟਰ ਈਥਾਈਲ ਅਲਕੋਹਲ ਵਿੱਚ ਘੋਲਣ ਉਪਰੰਤ 200 ਲੀਟਰ ਪਾਣੀ ਵਿੱਚ ਘੋਲ ਕੇ ਪਹਿਲਾਂ ਛਿੜਕਾਅ ਗੋਭ ਵਾਲਾ ਪੱਤਾ ਨਿਕਲਣ ਸਮੇਂ ਅਤੇ ਦੂਜਾ ਛਿੜਕਾਅ ਵਿੱਚ ਦੁੱਧ ਪੈਣ ਸਮੇਂ ਕਰਨ।

ਉਹਨਾਂ ਕਿਸਾਨਾਂ ਨੂੰ ਪੀਲੀ ਕੁੰਗੀ ਦੀ ਰੋਕਥਾਮ ਲਈ ਵੀ ਆਪਣੀ ਫ਼ਸਲ ਦਾ ਨਿਰੀਖਣ ਕਰਨ ਲਈ ਕਿਹਾ ਅਤੇ ਕਿਸਾਨਾਂ ਜੇ ਬਿਮਾਰੀ ਨਜ਼ਰ ਆਉਣ 'ਤੇ 120 ਗ੍ਰਾਮ ਨਟੀਵੋ ਜਾਂ 200 ਮਿਲੀਲੀਟਰ ਟਿਲਟ ਜਾਂ ਸ਼ਾਈਨ ਜਾਂ ਬੰਪਰ ਜਾਂ ਕੰਪੈਨਿਅਨ ਨੂੰ 200 ਲੀਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਸਪਰੇਅ ਕੀਤਾ ਜਾਵੇ।

# ਪੀਐਸਪੀਸੀਐਲ ਦੇ ਸੀਐਮਡੀ ਬਲਦੇਵ ਸਿੰਘ ਸਰਾਂ ਨੇ ਸਟਾਰ ਕ੍ਰਿਕਟਰ ਧਰੁਵ ਪਾਂਡਵ ਨੂੰ ਯਾਦ ਕਰਦਿਆਂ ਖੂਨਦਾਨ ਦੀ ਮਹੱਤਤਾ ਬਾਰੇ ਕੀਤੀ ਗੱਲ

**ਪਟਿਆਲਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਧਰੁਵ ਪਾਂਡਵ ਕ੍ਰਿਕਟ ਟਰੱਸਟ ਨੇ ਵੀਰਵਾਰ ਨੂੰ ਸਵਰਗੀ ਸਟਾਰ ਕ੍ਰਿਕਟਰ ਧਰੁਵ ਪਾਂਡਵ ਦੀ ਯਾਦ ਵਿੱਚ ਸਾਲਾਨਾ ਖੂਨਦਾਨ ਕੈਂਪ ਦਾ ਆਯੋਜਨ ਕੀਤਾ। ਬਲਦੇਵ ਸਿੰਘ ਸਰਾਂ, ਸੀਐਮਡੀ/ਪੀਐਸਪੀਸੀਐਲ, ਇਸ ਮੌਕੇ ਮੁੱਖ ਮਹਿਮਾਨ ਸਨ।



ਇਸ ਮੌਕੇ ਬੋਲਦਿਆਂ, ਸਰਾਂ ਨੇ ਕਿਹਾ ਕਿ ਖੂਨਦਾਨ ਸਭ ਤੋਂ ਵੱਧ ਨਿਰਸਵਾਰਥ ਕੰਮਾਂ ਵਿੱਚੋਂ ਇੱਕ ਹੈ ਜੋ ਇੱਕ ਵਿਅਕਤੀ ਕਰ ਸਕਦਾ ਹੈ, ਕਿਉਂਕਿ ਇਸ ਵਿੱਚ ਜਾਨਾਂ ਬਚਾਉਣ ਦੀ ਸ਼ਕਤੀ ਹੁੰਦੀ ਹੈ। ਖੂਨ ਦੀ ਇੱਕ ਯੂਨਿਟ ਕਈ ਮਰੀਜ਼ਾਂ ਲਈ ਫ਼ਰਕ ਪਾ ਸਕਦੀ ਹੈ, ਭਾਵੇਂ ਉਹ ਹਾਦਸੇ ਦੇ ਸ਼ਿਕਾਰ ਹੋਣ, ਸਰਜਰੀ ਕਰਵਾਉਣ ਵਾਲੇ ਹੋਣ, ਜਾਂ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਵਿਅਕਤੀ ਹੋਣ। ਉਨ੍ਹਾਂ ਕਿਹਾ, ÷ਅੱਜ ਦਾਨ ਕਰਨ ਦੀ ਤੁਹਾਡੀ ਇੱਛਾ ਸਮਾਜ ਪ੍ਰਤੀ ਤੁਹਾਡੀ ਹਮਦਰਦੀ ਅਤੇ ਵਚਨਬੱਧਤਾ ਨੂੰ ਦਰਸਾਉਂਦੀ ਹੈ।÷ ਉਨ੍ਹਾਂ ਨੇ ਪ੍ਰਬੰਧਕਾਂ, ਵਲੰਟੀਅਰਾਂ ਅਤੇ ਡਾਕਟਰੀ ਪੇਸ਼ੇਵਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਇਸ ਸਮਾਗਮ ਨੂੰ ਸੰਭਵ ਬਣਾਉਣ ਲਈ ਅਣਥੱਕ ਮਿਹਨਤ ਕੀਤੀ ਹੈ, ਇੱਕ ਸੁਰੱਖਿਅਤ ਅਤੇ ਸੁਚਾਰੂ ਦਾਨ ਪ੍ਰਕਿਰਿਆ ਨੂੰ ਯਕੀਨੀ ਬਣਾਇਆ ਹੈ।

ਸਰਾਂ ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਅੱਜ ਤੋਂ ਬਾਅਦ ਵੀ ਅਜਿਹੇ ਜੀਵਨ-ਰੱਖਿਅਕ ਕਾਰਜਾਂ ਦਾ ਸਮਰਥਨ ਕਰਦੇ ਰਹਿਣ। ਖੂਨ ਦਾ ਨਿਰਮਾਣ ਨਹੀਂ ਕੀਤਾ ਜਾ ਸਕਦਾ; ਇਹ ਸਿਰਫ਼ ਤੁਹਾਡੇ ਵਰਗੇ ਉਦਾਰ ਦਾਨੀਆਂ ਵੱਲੋਂ ਦਿੱਤਾ ਜਾ ਸਕਦਾ ਹੈ। ਨਿਯਮਤ ਦਾਨ ਕਰਕੇ, ਤੁਸੀਂ ਨਾ ਸਿਰਫ਼ ਲੋੜਵੰਦਾਂ ਦੀ ਮਦਦ ਕਰ ਰਹੇ ਹੋ, ਸਗੋਂ ਆਪਣੀ ਸਿਹਤ ਨੂੰ ਵੀ ਬਿਹਤਰ ਬਣਾ ਰਹੇ ਹੋ। ਉਨ੍ਹਾਂ ਕਿਹਾ, ਆਓ ਜਾਗਰੂਕਤਾ ਫੈਲਾਈਏ ਅਤੇ ਹੋਰ ਲੋਕਾਂ ਨੂੰ ਜਾਨਾਂ ਬਚਾਉਣ ਦੇ ਇਸ ਮਿਸ਼ਨ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰੀਏ। ਮਰਹੂਮ ਕ੍ਰਿਕਟਰ ਨੂੰ ਯਾਦ ਕਰਦੇ ਹੋਏ, ਸਰਾਂ ਨੇ ਕਿਹਾ ਕਿ ਧਰੁਵ ਪਾਂਡਵ ਚੌਦਾਂ ਸਾਲ ਦੀ ਉਮਰ ਵਿੱਚ ਪੰਜਾਬ ਵੱਲੋਂ ਰਣਜੀ ਟਰਾਫੀ ਟੂਰਨਾਮੈਂਟ ਵਿੱਚ ਖੇਡਣ ਵਾਲੇ ਸ਼ਾਨਦਾਰ ਕ੍ਰਿਕਟਰ ਸਨ। ਉਨ੍ਹਾਂ ਨੂੰ ਸੈਂਕੜਾ ਅਤੇ 1000 ਫਸਟ ਕਲਾਸ ਦੌੜਾਂ ਬਣਾਉਣ ਵਾਲੇ ਸਭ ਤੋਂ ਘੱਟ ਉਮਰ ਦੇ ਹੋਣ ਦਾ ਮਾਣ ਪ੍ਰਾਪਤ ਹੋਇਆ। ਉਹ ਸਚਿਨ ਤੇਂਦੁਲਕਰ, ਸੌਰਵ ਗਾਂਗੁਲੀ, ਅਨਿਲ ਕੁੰਬਲੇ, ਜੇ. ਸ੍ਰੀ ਨਾਥ, ਵਿਨੋਦ ਕਾਂਬਲੀ, ਅਜੈ ਜਡੇਜਾ, ਰਾਹੁਲ ਦ੍ਰਾਵਿੜ ਵਰਗੇ ਕ੍ਰਿਕਟ ਸਿਤਾਰਿਆਂ ਦੇ ਸਮਕਾਲੀ ਸਨ, ਇਹ ਸਾਰੇ ਖਿਡਾਰੀ ਏਸ਼ੀਆ ਕੱਪ ਜਿੱਤਣ ਵਾਲੀ ਭਾਰਤੀ ਯੁਵਾ ਟੀਮ ਵਿੱਚ ਇਕੱਠੇ ਖੇਡੇ ਸਨ।

ਇਸ ਤੋਂ ਇਲਾਵਾ, ਉਨ੍ਹਾਂ ਕਿਹਾ ਕਿ ਧਰੁਵ ਪਾਂਡਵ ਹਮੇਸ਼ਾ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਖਿਡਾਰੀ ਰਿਹਾ। ਧਰੁਵ ਖੱਬੇ ਹੱਥ ਦਾ ਓਪਨਿੰਗ ਬੱਲੇਬਾਜ਼ ਅਤੇ ਇੱਕ ਉਪਯੋਗੀ ਸੱਜੇ ਹੱਥ ਦਾ ਲੈੱਗ ਸਪਿਨ ਗੇਂਦਬਾਜ਼ ਸੀ। ਉਸਨੇ ਰਣਜੀ ਟਰਾਫੀ ਵਿੱਚ ਇੱਕੋ ਛੋਟੀ ਉਮਰ ਵਿੱਚ ਦੇਵਧਰ ਅਤੇ ਦਲੀਪ ਟਰਾਫੀ ਇੰਟਰ ਜ਼ੋਨਲ ਟੂਰਨਾਮੈਂਟਾਂ ਵਿੱਚ ਵੀ ਖੇਡਿਆ। ਉਸਦੇ ਭਾਰਤ ਲਈ ਖੇਡਣ ਦੀ ਸੰਭਾਵਨਾ ਸੀ ਪਰ ਬਦਕਿਸਮਤੀ ਨਾਲ ਸੜਕ ਹਾਦਸੇ ਨੇ ਇਸ ਸਟਾਰ ਕ੍ਰਿਕਟਰ ਨੂੰ ਸਾਡੇ ਸਾਰਿਆਂ ਤੋਂ ਖੋਹ ਲਿਆ। ਇਸ ਕੈਂਪ ਵਿੱਚ ਬਹੁਤ ਸਾਰੇ ਖਿਡਾਰੀਆਂ ਅਤੇ ਜੀਵਨ ਦੇ ਹਰ ਖੇਤਰ ਦੇ ਲੋਕਾਂ ਨੇ ਖੂਨਦਾਨ ਕੀਤਾ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਖਿਡਾਰੀਆਂ ਸਮੇਤ ਹਰ ਖੇਤਰ ਦੇ ਲੋਕਾਂ ਨੇ ਸ਼ਿਰਕਤ ਕੀਤੀ।

## 16 ਫਰਵਰੀ ਨੂੰ ਖ਼ਾਲਸਾ ਕਾਲਜ 'ਚ ਪਟਿਆਲਾ ਦੀ ਮੁੜ ਸ਼ਾਨ ਬਣੇਗਾ ਮਿਲਟਰੀ ਲਿਟਰੇਚਰ ਫੈਸਟੀਵਲ

# ਪਟਿਆਲਾ ਵਾਸੀ ਤੇ ਵਿਦਿਆਰਥੀ ਹੁੰਮ-ਹੁੰਮਾ ਕੇ ਮਿਲਟਰੀ ਲਿਟਰੇਚਰ ਫੈਸਟੀਵਲ 'ਚ ਪੁੱਜਣ : ਡਾ. ਪ੍ਰੀਤੀ ਯਾਦਵ



ਪਟਿਆਲਾ ਹੈਰੀਟੇਜ ਤੇ ਮਿਲਟਰੀ ਲਿਟਰੇਚਰ ਫੈਸਟੀਵਲ ਦਾ ਪੋਸਟਰ ਜਾਰੀ ਕਰਦੇ ਹੋਏ ਲੈਫਟੀਨੈਂਟ ਜਨਰਲ (ਰਿਟਾ.) ਚੇਤਿੰਦਰ ਸਿੰਘ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਬ੍ਰਿਗੇਡੀਅਰ ਮਦਾਨ, ਏ.ਡੀ.ਸੀ. ਨਵਰੀਤ ਕੌਰ ਸੇਖੋਂ ਤੇ ਚਰਨਜੀਤ ਸਿੰਘ।

**ਪਟਿਆਲਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਹੈਰੀਟੇਜ਼ ਫੈਸਟੀਵਲ ਦੌਰਾਨ 16 ਫਰਵਰੀ ਨੂੰ ਪਟਿਆਲਾ ਦੇ ਖ਼ਾਲਸਾ ਕਾਲਜ ਵਿਖੇ ਤੀਜਾ ਮਿਲਟਰੀ ਲਿਟਰੇਚਰ ਫੈਸਟੀਵਲ ਕਰਵਾਇਆ ਜਾ ਰਿਹਾ ਹੈ। ਇਸ ਮਿਲਟਰੀ ਲਿਟਰੇਚਰ ਫੈਸਟੀਵਲ ਦਾ ਪੋਸਟਰ ਲੈਫਟੀਨੈਂਟ ਜਨਰਲ (ਰਿਟਾ.) ਚੇਤਿੰਦਰ ਸਿੰਘ, ਏਵੀਐਸਐਮ, ਐਸਐਮ, ਵੀਐਸਐਮ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਬ੍ਰਿਗੇਡੀਅਰ ਅਦਵਿੱਤਿਆ ਮਦਾਨ, ਏ.ਡੀ.ਸੀ. (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ ਅਤੇ ਪੀ.ਪੀ.ਐਸ.ਸੀ. ਦੇ ਸਕੱਤਰ ਚਰਨਜੀਤ ਸਿੰਘ ਨੇ ਜਾਰੀ ਕੀਤਾ। ਇਨ੍ਹਾਂ ਅਧਿਕਾਰੀਆਂ ਨੇ ਇੱਕ ਮੀਟਿੰਗ ਕਰਕੇ ਸਾਰੇ ਪ੍ਰੋਗਰਾਮਾਂ ਦੀ ਰੂਪਰੇਖਾ ਨੂੰ ਅੰਤਿਮ ਛੋਹਾਂ ਦਿੱਤੀਆਂ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਮਿਲਟਰੀ ਲਿਟਰੇਚਰ ਫੈਸਟੀਵਲ ਕਰਵਾਉਣ ਦੇ ਕੀਤੇ ਐਲਾਨ ਦੇ ਮੱਦੇਨਜ਼ਰ ਪਟਿਆਲਾ ਜ਼ਿਲ੍ਹਾ ਲਗਾਤਾਰ ਤੀਜੀ ਵਾਰ ਮਿਲਟਰੀ ਲਿਟਰੇਚਰ ਫੈਸਟੀਵਲ ਕਰਵਾਉਣ ਵਾਲਾ ਪੰਜਾਬ ਦਾ ਮੋਹਰੀ ਜ਼ਿਲ੍ਹਾ ਬਣ ਗਿਆ ਹੈ। ਉਨ੍ਹਾਂ ਨੇ ਸੱਦਾ ਦਿੱਤਾ ਕਿ ਪਟਿਆਲਾ ਵਾਸੀ ਹੁੰਮ-ਹੁੰਮਾ ਕੇ ਪੁੱਜਣ ਤੇ ਇਸ ਫੈਸਟੀਵਲ ਦਾ ਆਨੰਦ ਮਾਨਣ, ਇਸ ਫੈਸਟੀਵਲ ਵਿੱਚ ਦਾਖਲਾ ਫ੍ਰੀ ਹੈ।ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ 16 ਫਰਵਰੀ ਨੂੰ ਮਿਲਟਰੀ ਲਿਟਰੇਚਰ ਫੈਸਟੀਵਲ ਮੌਕੇ ਵਾਈ.ਪੀ.ਐਸ. ਚੌਂਕ ਸਥਿਤ ਸੇਨੋਟਾਫ਼ ਵਿਖੇ ਫੁੱਲ ਮਾਲਾ ਅਰਪਣ ਅਤੇ ਪੋਲੋ ਗਰਾਊਂਡ ਤੋਂ ਬ੍ਰੇਵ-ਹਾਰਟ ਮੋਟਰਸਾਈਕਲ ਰੈਲੀ, ਖ਼ਾਲਸਾ ਕਾਲਜ ਵਿਖੇ ਜੋਸ਼, ਬੈਂਡ ਡਿਸਪਲੇ, ਜਜ਼ਬੇ ਅਤੇ ਬਹਾਦਰੀ ਦਾ ਵਰਨਣ, ਫ਼ੌਜੀ ਟੈਂਕਾਂ ਤੇ ਜੰਗੀ ਸਾਜ਼ੋ-ਸਾਮਾਨ ਦੀ ਪ੍ਰਦਰਸ਼ਨੀ, ਯੋਧਿਆਂ ਦੇ ਨ੍ਰਿਤ, ਤੀਰਅੰਦਾਜੀ ਪ੍ਰਦਰਸ਼ਨੀ ਤੇ ਮੁਕਾਬਲੇ, ਘੋੜਸਵਾਰੀ ਸ਼ੋਅ, ਗਤਕਾ, ਪੁਰਾਤਨ ਵਸਤਾਂ ਤੇ ਦੁਰਲੱਭ ਡਾਕ ਟਿਕਟਾਂ ਦੀ ਪ੍ਰਦਰਸ਼ਨੀ ਸਮੇਤ ਫ਼ੌਜ, ਆਈ.ਟੀ.ਬੀ.ਪੀ ਅਤੇ ਪੁਲਿਸ ਭਰਤੀ ਬਾਰੇ ਕਾਊਂਸਲਿੰਗ ਅਤੇ ਫ਼ੂਡ ਕੋਰਟ ਵੀ ਸਥਾਪਤ ਕੀਤੇ ਜਾਣਗੇ।

## ਕੁਸ਼ਟ ਰੋਗ ਇਲਾਜ਼ਯੋਗ ਹੈ : ਸਿਵਲ ਸਰਜਨ



**ਪਟਿਆਲਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਤਮਾ ਗਾਂਧੀ ਜੀ ਦੇ ਬਲੀਦਾਨ ਦਿਵਸ ਨੂੰ ਸਮਰਪਿਤ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਵਿਸ਼ਵ ਕੁਸ਼ਟ ਰੋਗ ਨਿਵਾਰਣ ਦਿਵਸ ਦਾ ਆਯੋਜਨ ਸਿਵਲ ਸਰਜਨ ਦਫਤਰ ਪਟਿਆਲਾ ਵਿਖੇ ਕੀਤਾ ਗਿਆ । ਜਿਸ ਵਿਚ ਬੋਲਦਿਆ ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਕੁਸ਼ਟ ਰੋਗ ਇਕ ਚਮੜੀ ਦਾ ਰੋਗ ਹੈ।ਜਿਹੜਾ ਕਿ ਵਿਸ਼ੇਸ਼ ਜੀਵਾਣੂ ਮਾਈਕਰੋਬੈਕਟੀਰੀਅਮ ਲੈਪਰਾ ਬੈਸੀਲਾਈ ਦੁਆਰਾ ਹੁੰਦਾ ਹੈ। ਇਸ ਬਿਮਾਰੀ ਦਾ ਸਹੀ ਸਮੇਂ ਤੇ ਸਹੀ ਇਲਾਜ ਕਰਵਾਉਣ ਨਾਲ ਸਰੀਰਿਕ ਤੌਰ ਤੇ ਹੋਣ ਵਾਲੀ ਅਪੰਗਤਾ ਤੋ ਬਚਿਆ ਜਾ ਸਕਦਾ ਹੈ।ਮਰੀਜ਼ ਨੂੰ ਬਿਮਾਰੀ ਦੇ ਹਿਸਾਬ ਨਾਲ 6 ਮਹੀਨੇ ਤੋਂ ਲੈ ਕੇ 1 ਸਾਲ ਤੱਕ ਇਲਾਜ ਚਾਲੂ ਰੱਖਣਾ ਪੈਂਦਾ ਹੈ।ਉਨ੍ਹਾਂ ਦੱਸਿਆ ਕਿ ਭਾਵੇ ਕੁਸ਼ਟ ਰੋਗੀਆ ਦੀ ਗਿੱਣਤੀ ਪਹਿਲਾਂ ਨਾਲੋ ਕਾਫੀ ਘਟ ਗਈ ਹੈ ਪ੍ਰੰਤੂ ਅਜੇ ਵੀ ਭਾਰਤ ਵਿਚ ਹੋਰ ਦੇਸ਼ਾਂ ਨਾਲੋ ਕੁਸ਼ਟ ਰੋਗ ਦੇ ਮਰੀਜਾਂ ਦੀ ਗਿੱਣਤੀ ਕਾਫੀ ਜਿਆਦਾ ਹੈ। ਜੇਕਰ ਕਿਸੇ ਵੀ ਵਿਅਕਤੀ ਦੀ ਚਮੜੀ ਉੱਤੇ ਹਲਕੇ ਤਾਂਬੇ ਰੰਗ ਦੇ ਸੁੰਨ ਧੱਬੇ ਹੋਣ , ਚਮੜੀ ਦੇ ਕਿਸੇ ਹਿੱਸੇ ਤੇ ਠੰਡੇ-ਤੱਤੇ ਦਾ ਪਤਾ ਨਾ ਲੱਗੇ, ਨਸਾਂ ਮੋਟੀਆਂ ਅਤੇ ਸਖਤ ਹੋ ਜਾਣ ਤਾਂ ਨੇੜੇ ਦੀ ਸਿਹਤ ਸੰਸਥਾ ਦੇ ਡਾਕਟਰ ਨੂੰ ਦਿਖਾਉਣਾ ਚਾਹੀਦਾ ਹੈ । ਉਨ੍ਹਾਂ ਦੱਸਿਆ ਕਿ ਇਸ ਬਿਮਾਰੀ ਦਾ ਇਲਾਜ ਸਾਰੇ ਸਰਕਾਰੀ ਹਸਪਤਾਲਾਂ, ਸਿਹਤ ਕੇਦਰਾਂ ਅਤੇ ਸਰਕਾਰੀ ਡਿਸਪੈਂਸਰੀਆਂ ਵਿੱਚ ਮਲਟੀ ਡਰੱਗ ਥਰੈਪੀ (ਐਮ.ਡੀ.ਟੀ) ਰਾਹੀ ਬਿਲਕੁੱਲ ਮੁਫਤ ਕੀਤਾ ਜਾਂਦਾ ਹੈ । ਇਸ ਮੌਕੇ ਸਿਵਲ ਸਰਜਨ ਡਾਂ.ਜਗਪਾਲਇੰਦਰ ਸਿੰਘ ਵੱਲੋਂ ਵੱਧ ਤੋਂ ਵੱਧ ਲੋਕਾਂ ਨੂੰ ਇਸ ਬਿਮਾਰੀ ਸਬੰਧੀ ਜਾਗਰੂਕ ਕਰਨ ਲਈ ਕਿਹਾ ਗਿਆ ।ਇਸ ਮੌਕੇ ਸਿਵਲ ਸਰਜਨ ਪਟਿਆਲਾ ਦੇ ਜਿਲ੍ਹਾ ਪ੍ਰੋਗਰਾਮ ਅਫਸਰਾਂ ਵੱਲੋਂ ਕੁਸ਼ਟ ਰੋਗ ਸਬੰਧੀ ਪੋਸਟਰ ਵੀ ਰੀਲੀਜ ਵੀ ਕੀਤਾ ਗਿਆ। ਇਸ ਮੌਕੇ ਕੁਸ਼ਟ ਰੋਗੀਆਂ ਪ੍ਰਤੀ ਭੇਦ ਭਾਵ ਨਾ ਰੱਖਣ ਸਬੰਧੀ ਅਤੇ ਭਾਰਤ ਨੂੰ ਕੁਸ਼ਟ ਮੁਕਤ ਬਣਾਉਣ ਦਾ ਪ੍ਰਣ ਵੀ ਲਿਆ ਗਿਆ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ.ਰਚਨਾ, ਡੀ.ਐਮ.ਸੀ ਡਾਂ.ਜਸਵਿੰਦਰ ਸਿੰਘ, ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ.ਬਲਕਾਰ ਸਿੰਘ, ਜਿਲ੍ਹਾ ਏਪੀਡੀਮੋਲੋਜਿਸਟ ਡਾਂ ਦਿਵਜੋਤ ਸਿੰਘ, ਜਿਲ੍ਹਾ ਮਾਸ ਮੀਡੀਆ ਅਫਸਰ ਕੁਲਵੀਰ ਕੌਰ ਅਤੇ ਜਸਜੀਤ ਕੌਰ,ਡੀ.ਪੀ.ਐਮ ਰਿਤਿਕਾ ਗਰੋਵਰ, ਕੁਲਦੀਪ ਕੌਰ ਐਨ.ਐਮ.ਐਸ ,ਕਮਿਊਨਿਟੀ ਮੋਬਲਾਈਜਰ ਹੇਮਾ ਰਾਵਤ, ਅਪਰੇਟਰ ਗੀਤਾ ਰਾਨੀ ਆਦਿ ਹਾਜਰ ਸਨ।

# 'ਡਾਕਟਰ ਆਪਕੇ ਦੁਆਰ' ਸਕੀਮ ਤਹਿਤ ਪਾਇਲਟ ਪ੍ਰਾਜੈਕਟ ਵਜੋਂ ਪਟਿਆਲਾ ਨੂੰ ਮਿਲੀ ਮੋਬਾਈਲ ਮੈਡੀਕਲ ਯੂਨਿਟ ਵੈਨ

**ਪਟਿਆਲਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰੈਡ ਕਰਾਸ ਸੋਸਾਇਟੀ ਵੱਲੋਂ ਅਰੰਭ ਕੀਤੀ ਨਿਵੇਕਲੀ ਪਹਿਲਕਦਮੀ 'ਡਾਕਟਰ ਆਪਕੇ ਦੁਆਰ' ਤਹਿਤ ਪਟਿਆਲਾ ਜ਼ਿਲ੍ਹੇ ਨੂੰ ਪਾਇਲਟ ਪ੍ਰਾਜੈਕਟ ਵਜੋਂ ਪੂਰੀ ਤਰ੍ਹਾਂ ਲੈਸ ਮੋਬਾਈਲ ਮੈਡੀਕਲ ਯੂਨਿਟ (ਐਮ.ਐਮ.ਯੂ) ਵੈਨ ਪ੍ਰਾਪਤ ਹੋਈ ਹੈ।ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਇਸ ਅਤਿਆਧੁਨਿਕ ਵੈਨ ਦੀਆਂ ਚਾਬੀਆਂ ਅੱਜ ਜ਼ਿਲ੍ਹਾ ਰੈਡ ਕਰਾਸ ਦੇ ਸਕੱਤਰ ਡਾ. ਪ੍ਰਿਤਪਾਲ ਸਿੰਘ ਨੂੰ ਸੌਂਪੀਆਂ।



ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਇਨ੍ਹਾਂ ਮੋਬਾਇਲ ਵੈਨਾਂ ਨੂੰ ਸਰਕਾਰੀ ਸਕੂਲਾਂ ਨਾਲ ਵੀ ਜੋੜਿਆ ਜਾਵੇਗਾ ਤਾਂ ਕਿ ਅਨੀਮੀਆ ਮੁਕਤ ਮੁਹਿੰਮ ਤਹਿਤ ਵਿਦਿਆਰਥਣਾਂ ਵਿੱਚ ਖ਼ੂਨ ਦੀ ਕਮੀ ਦੀ ਜਾਂਚ ਵੀ ਕੀਤੀ ਜਾਵੇ।ਉਨ੍ਹਾਂ ਅੱਗੇ ਦੱਸਿਆ ਕਿ ਇਹ ਸੇਵਾ ਸਮਾਜ ਦੇ ਪਛੜੇ ਵਰਗਾਂ, ਖਾਸ ਕਰਕੇ ਗਰਭਵਤੀ ਔਰਤਾਂ ਲਈ ਬਹੁਤ ਲਾਭਦਾਇਕ ਹੋਵੇਗੀ, ਜੋ ਗਰਭ ਅਵਸਥਾ ਦੌਰਾਨ ਕਈ ਤਰ੍ਹਾਂ ਦੀਆਂ ਕਮੀਆਂ ਤੋਂ ਪੀੜਤ ਹਨ ਅਤੇ ਸਿਹਤ ਕੇਂਦਰਾਂ ਵਿੱਚ ਜਾਣ ਤੋਂ ਅਸਮਰੱਥ ਹਨ।

ਡਿਪਟੀ ਕਮਿਸ਼ਨਰ ਨੇ ਪਿੰਡ-ਪਿੰਡ ਜਾਕੇ ਇਹ ਵੈਨ ਮੈਡੀਕਲ ਸਕਰੀਨਿੰਗ ਕਰੇਗੀ ਅਤੇ ਜੋ ਡਾਟਾ ਮਿਲੇਗਾ ਉਸ ਰਾਹੀਂ ਸਾਡੀ ਟਰਸ਼ਰੀ ਕੇਅਰ, ਪ੍ਰਾਇਮਰੀ ਕੇਅਰ ਅਤੇ ਸੈਕੰਡਰੀ ਕੇਅਰ ਰਾਹੀਂ ਮੈਡੀਕਲ ਸਹਾਇਤਾ ਲੋਕਾਂ ਦੇ ਘਰਾਂ ਨੇੜੇ ਹੀ ਪ੍ਰਦਾਨ ਕੀਤੀ ਜਾਵੇਗੀ ਤਾਂ ਕਿ ਲੋੜਵੰਦਾਂ ਨੂੰ ਉਨ੍ਹਾਂ ਦੀਆਂ ਬਰੂਹਾਂ 'ਤੇ ਮੁਫ਼ਤ ਡਾਕਟਰੀ ਸੇਵਾਵਾਂ ਪ੍ਰਦਾਨ ਹੋ ਸਕਣ।

ਜਿਕਰਯੋਗ ਹੈ ਕਿ ਬੀਤੇ ਦਿਨ ਪੰਜਾਬ ਦੇ ਰਾਜਪਾਲ ਤੇ ਪੰਜਾਬ ਰੈਡ ਕਰਾਸ ਸੋਸਾਇਟੀ ਦੇ ਪ੍ਰਧਾਨ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਸਾਰੇ ਲੋੜੀਂਦੇ ਉਪਕਰਨਾਂ ਨਾਲ ਪੂਰੀ ਤਰ੍ਹਾਂ ਲੈਸ ਐਮ.ਐਮ.ਯੂਜ਼, ਜਿਸ 'ਚ ਡਾਕਟਰ, ਫਾਰਮਾਸਿਸਟ, ਨਰਸ ਅਤੇ ਡਰਾਈਵਰ ਵਰਗਾ ਲੋੜੀਂਦਾ ਸਟਾਫ ਉਪਲੱਬਧ ਹੈ, ਨੂੰ ਪੰਜਾਬ ਰਾਜ ਭਵਨ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਸੀ।

## ਦੇਵ ਮਾਨ ਨੇ ਮਹਾਰਾਜਾ ਹੀਰਾ ਸਿੰਘ ਜੀ ਦੇ ਫੋਟੋ ਵਾਲੇ ਨਵੇਂ ਸਾਲ ਦਾ ਕੈਲੰਡਰ ਕੀਤਾ ਜ਼ਾਰੀ



**ਨਾਭਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਜਾ ਹੀਰਾ ਸਿੰਘ ਜੀ ਦੇ ਫੋਟੋ ਵਾਲੇ ਨਵੇਂ ਸਾਲ ਦੇ ਕੈਲੰਡਰ ਨੂੰ ਘਰ ਘਰ ਪੁਹੰਚਾਇਆ ਜਾਵੇਗਾ ਇੰਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਨੇ ਅੱਜ ਹੀਰਾ ਮਹਿਲ ਨਾਭਾ ਵਿਖੇ ਕੈਲੰਡਰ ਜ਼ਾਰੀ ਕਰਨ ਉਪਰੰਤ ਕੀਤਾ ਉਹਨਾਂ ਦੱਸਿਆ ਕਿ ਪਿਛਲੇ ਦਿਨੀਂ ਮਹਾਰਾਜਾ ਹੀਰਾ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਇਹ ਸਾਲ 2025 ਦਾ ਕੈਲੰਡਰ ਬਣਵਾਇਆ ਗਿਆ ਜਿਸ ਨੂੰ ਹਲ਼ਕਾ ਨਾਭਾ ਦੇ ਹਰੇਕ ਘਰ ਵਿੱਚ ਪੁਹੰਚਾਇਆ ਜਾਵੇਗਾ। ਇਸ ਮੌਕੇ ਰਾਣੀ ਪ੍ਰੀਤੀ ਸਿੰਘ ਨੇ ਕਿਹਾ ਕਿ ਵਿਧਾਇਕ ਦੇਵ ਮਾਨ ਵੱਲੋਂ ਇਹ ਬਹੁਤ ਵਧੀਆ ਉਪਰਾਲਾ ਕੀਤਾ ਗਿਆ ਹੈ ਉਨ੍ਹਾਂ ਦੱਸਿਆ ਕਿ ਕੋਈ ਵੀ ਵਿਅਕਤੀ ਇਹ ਕੈਲੰਡਰ ਹੀਰਾ ਮਹਿਲ ਨਾਭਾ ਅਤੇ ਐਮ ਐਲ ਏ ਦਫਤਰ ਨਾਭਾ ਤੋਂ ਲੈ ਸਕਦਾ ਹੈ ਇਸ ਮੌਕੇ ਉਨਾਂ ਦੇ ਨਾਲ ਮਹਾਂਰਾਣੀ ਉਮਾ ਸਿੰਘ , ਅਭੀਉਦੇ ਪਰਤਾਪ ਸਿੰਘ, ਜਸਪਾਲ ਜੁਨੇਜਾ, ਅਵਤਾਰ ਸਿੰਘ ਧਾਲੀਵਾਲ, ਅਮਰਿੰਦਰ ਸਿੰਘ ਪੁਰੀ ਆਦਿ ਮੌਜੂਦ ਸਨ।

# ਸਾਂਝ ਕੇਂਦਰ ਅਤੇ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਨਸ਼ਿਆਂ ਕਰਕੇ ਕੁਰਾਹੇ ਪਏ ਨੌਜਵਾਨਾਂ ਦੀ ਕੌਂਸਲਿੰਗ ਕਰਕੇ ਉਹਨਾਂ ਨੂੰ ਕਰਵਾਏਗੀ ਕਿੱਤਾਮੁਖੀ ਸਿਖਲਾਈ: ਓਲੰਪੀਅਨ ਐਸ ਪੀ ਹਰਵੰਤ ਕੌਰ

**ਪਟਿਆਲਾ, 3 ਫਰਵਰੀ**
**ਅਮਰਜੀਤ ਸਿੰਘ ਲਾਂਬਾ**
**-ਕੌਮੀ ਪੱਤ੍ਰਿਕਾ ਬਿਊਰੋ-)**

ਜ਼ਿਲ੍ਹਾ ਪੁਲਿਸ ਸਾਝ ਕੇਂਦਰ ਪਟਿਆਲਾ ਵਲੋਂ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਜੀ ਅਤੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਮਿਊਨਟੀ ਅਫੇਅਰ ਡਵੀਜ਼ਨ ਪੰਜਾਬ ਮੈਡਮ ਗੁਰਪ੍ਰੀਤ ਕੌਰ ਦਿਉ ਦੀ ਸਰਪ੍ਰਸਤੀ ਅਤੇ ਡੀ ਆਈ ਜੀ ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ, ਐਸ ਐਸ ਪੀ ਪਟਿਆਲਾ ਡਾਕਟਰ ਨਾਨਕ ਸਿੰਘ ਜੀ ਦੇ ਦਿਸਾ ਨਿਰਦੇਸ਼ਾਂ ਅਨੁਸਾਰ ਪੁਲਿਸ ਵਿਭਾਗ ਵੱਲੋਂ ਸ਼ੁਰੂ ਕੀਤੇ ਗਏ ÷ਸੰਪਰਕ ਪ੍ਰੋਜੈਕਟ ਸਬੰਧੀ ਜਿਲਾ ਯੁਵਾ ਸਾਝ ਕਮੇਟੀ ਦੇ ਮੈਂਬਰਾਂ ਅਤੇ ਨਸ਼ਿਆਂ ਨੂੰ ਛੱਡ ਚੁੱਕੇ ਨੋਜਵਾਨਾਂ ਨਾਲ ਮੀਟਿੰਗ ਐਸ ਪੀ ਹੈਡਕੁਆਰਟਰ ਮੈਡਮ ਹਰਵੰਤ ਕੋਰ ਜ਼ਿਲ੍ਹਾ ਕਾਮਿਊਨਟੀ ਅਫੇਅਰ ਅਤੇ ਐਸ ਪੀ ਅਪ੍ਰੇਸ਼ਨ ਜਸਬੀਰ ਸਿੰਘ ਵਲੋਂ ਪੁਲਿਸ ਲਾਈਨ ਪਟਿਆਲਾ ਵਿਖੇ ਕੀਤੀ ਗਈ । ਇਸ ਮੌਕੇ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਇੰਚਾਰਜ ਸੁਖਜਿੰਦਰ ਸਿੰਘ ਵਲੋਂ ਸਾਰੇ ਆਏਂ ਹੋਏ ਮੈਂਬਰਾਂ ਨੂੰ ਜੀ ਆਇਆਂ ਕਿਹਾ ਅਤੇ ਮੀਟਿੰਗ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ, ਇਸ ਮੌਕੇ ਵਿਸ਼ੇਸ਼ ਤੌਰ ਰਿਟਾਇਰ ਐਸ ਪੀ ਸੁਖਦੇਵ ਸਿੰਘ ਵਿਰਕ, ਰਿਟਾਇਰ ਐਸ ਪੀ ਮਨਜੀਤ ਸਿੰਘ ਬਰਾੜ, ਐਸ ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਭੁਪਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਸਿਟੀ 2, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਅਤੇ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਹਰਵਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਪਾਤੜਾਂ, ਹਰਵਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਸਮਾਣਾਂ, ਜਸਵਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਘਨੋਰ, ਵਰਿੰਦਰ ਸਿੰਘ, ਠਾਕੁਰ ਸੋਰਵ ਸਿੰਘ ਜ਼ਿਲ੍ਹਾ ਰੁਜ਼ਗਾਰ ਦਫ਼ਤਰ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਐਸ ਪੀ ਹੈਡਕੁਆਰਟਰ ਹਰਵੰਤ ਕੋਰ ਅਤੇ ਐਸ ਪੀ ਜਸਬੀਰ ਸਿੰਘ ਨੇ ਦੱਸਿਆ ਕਿ ਇਸ ਮੀਟਿੰਗ ਦੌਰਾਨ ਨਸ਼ਿਆਂ ਨੂੰ ਕਰ ਰਹੇ ਨੋਜਵਾਨਾਂ ਦੀ ਕਾਉਂਸਲਿੰਗ ਕੀਤੀ ਗਈ ਅਤੇ ਕਿਹਾ ਕਿ ਸਾਂਝ ਕੇਂਦਰਾਂ ਅਤੇ ਯੁਵਾ ਸਾਂਝ ਕਮੇਟੀ ਦੇ ਮੈਂਬਰਾਂ ਦੇ ਸਹਿਯੋਗ ਨਾਲ ਨਵੇਂ ਸ਼ੁਰੂ ਹੋਏ ਸੰਪਰਕ ਮੁਹਿੰਮ ਤਹਿਤ ਸਕੂਲ ਪੱਧਰ ਤੇ ਬੱਚਿਆਂ, ਸਕੂਲ ਦੇ ਸਟਾਫ ਅਤੇ ਮਾਪਿਆਂ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ ਤਾ ਜੋ ਉਹਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਸਕੇ, ਉਹਨਾਂ ਕਿਹਾ ਕਿ ਸਾਂਝ ਕੇਂਦਰ ਅਤੇ ਯੁਵਾ ਸਾਝ ਕਮੇਟੀਆਂ ਦਾ ਮੁੱਖ ਮਕਸਦ ਕੁਰਾਹੇ ਪੈ ਗਏ ਨੌਜਵਾਨਾਂ ਨੂੰ ਕਾਊਂਸਲਿੰਗ ਕਰਕੇ ਸਹੀ ਰਸਤੇ ਤੇ ਲੈ ਕੇ ਆਉਣਾ ਅਤੇ ਸਵੈ ਰੁਜ਼ਗਾਰ ਚਲਾਉਣ ਲਈ ਉਹਨਾਂ ਨੌਜਵਾਨਾਂ ਦੀ ਮਦਦ ਕਰਨੀ ਹੈ , ਇਸ ਤੋਂ ਇਲਾਵਾ ਨੌਜਵਾਨਾਂ ਨੂੰ ਬੇਰੁਜ਼ਗਾਰੀ ਤੋਂ ਬਾਹਰ ਕਢਣ ਲਈ ਨੌਜਵਾਨਾਂ ਨੂੰ ਵੱਧ ਤੋਂ ਵੱਧ ਹੱਥੀ ਕਿਰਤ ਲਈ ਪ੍ਰੇਰਿਤ ਕਰਨਾ ਹੈ ਅਤੇ ਨੌਜਵਾਨਾਂ ਵਿਚ ਵੱਧ ਤੋਂ ਵੱਧ ਸਵੈਸਕਤੀ ਪੈਦਾ ਕਰਨਾ ਹੈ। ਉਹਨਾਂ ਕਿਹਾ ਕਿ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਾਨੂੰ ਸਾਰਿਆਂ ਨੂੰ ਅੱਗੇ ਆ ਕੇ ਪਹਿਲ ਕਰਨੀ ਚਾਹੀਦੀ ਹੈ। ਸਾਝ ਕੇਂਦਰ ਪਟਿਆਲਾ ਵਲੋਂ ਸਮਾਜ ਸੇਵੀ ਸੰਸਥਾਵਾਂ ਨਾਲ ਮਿਲ ਕੇ ਨਸ਼ਿਆਂ ਵਿਰੁੱਧ ਰੈਲੀਆਂ, ਨੁੱਕੜ ਨਾਟਕ, ਸੈਮੀਨਾਰ, ਵਿਚਾਰ ਚਰਚਾ ਆਦਿ ਲੜੀਵਾਰ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਲਈ ਪੁਲਿਸ ਵਲੋਂ ਭਰਪੂਰ ਸਹਿਯੋਗ ਦਿੱਤਾ ਜਾਵੇਗਾ।ਇਸ ਮੌਕੇ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਸਾਰੇ ਆਏਂ ਹੋਏ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।



# ਅੱਠਵੀਂ ਤੇ ਦਸਵੀਂ ਦੀਆਂ ਪ੍ਰੀਖਿਆਵਾਂ ਦੇ ਮੱਦੇਨਜ਼ਰ ਹੁਕਮ ਜਾਰੀ; 100 ਮੀਟਰ ਦੇ ਘੇਰੇ ਅੰਦਰ ਆਮ ਪਬਲਿਕ ਦੇ ਇਕੱਠੇ ਹੋਣ 'ਤੇ ਰੋਕ

**ਬਠਿੰਡਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਮੈਡਮ ਪੂਨਮ ਸਿੰਘ ਨੇ ਭਾਰਤੀ ਨਾਗਰਿਕ ਸੁਰਖਿਆ ਸੰਹਿਤਾ ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤੇ ਹਨ। ਹੁਕਮ ਅਨੁਸਾਰ ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ ਦੇ 100 ਮੀਟਰ ਦੇ ਘੇਰੇ ਅੰਦਰ ਆਮ ਪਬਲਿਕ ਦੇ ਇਕੱਠੇ ਹੋਣ 'ਤੇ ਰੋਕ ਲਗਾਈ ਹੈ।

ਇਹ ਹੁਕਮ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਐਨ.ਐਮ.ਐਮ.ਐਸ.ਐਸ. ਤੇ ਪੀ.ਐਸ.ਟੀ.ਐਸ.ਈ (ਅੱਠਵੀਂ ਕਲਾਸ) ਅਤੇ ਪੀ.ਐਸ.ਟੀ.ਐਸ.ਟੀ (ਕਲਾਸ ਦਸਵੀਂ) ਦੀਆਂ ਪ੍ਰੀਖਿਆਵਾਂ ਸਾਲ 2024-25 ਮਿਤੀ 2 ਫਰਵਰੀ 2025 ਨੂੰ ਦਿਨ ਐਤਵਾਰ ਨੂੰ ਸਵੇਰੇ 10 ਤੋਂ ਦੁਪਹਿਰ 1 ਵਜੇ ਤੱਕ ਲਈਆਂ ਜਾ ਰਹੀਆਂ ਹਨ, ਦੇ ਮੱਦੇਨਜ਼ਰ ਜਾਰੀ ਕੀਤੇ ਹਨ।

ਹੁਕਮ ਅਨੁਸਾਰ ਅੱਠਵੀਂ ਜਮਾਤ ਦੀ ਪ੍ਰੀਖਿਆਵਾਂ ਦੇ ਮੱਦੇਨਜ਼ਰ ਬਠਿੰਡਾ ਦੇ ਦੇਸ ਰਾਜ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ, ਆਰੀਆ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਐਸ.ਐਸ.ਡੀ.ਕੇ.ਐਮ.ਵੀ ਮੋਤੀ ਰਾਮ ਸਕੂਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਮੌੜ ਮੰਡੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਮੰਡੀ ਫੂਲ ਰਾਮਪੁਰਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਸਾਬੋ ਅਤੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਸਾਬੋ ਦੇ 100 ਮੀਟਰ ਦੇ ਘੇਰੇ ਅੰਦਰ ਆਮ ਪਬਲਿਕ ਦੇ ਇਕੱਠੇ ਹੋਣ 'ਤੇ ਰੋਕ ਲਗਾਈ ਹੈ।

ਜਾਰੀ ਹੁਕਮ ਅਨੁਸਾਰ ਦਸਵੀਂ ਦੀ ਪ੍ਰੀਖਿਆਵਾਂ ਦੀ ਮੱਦੇਨਜ਼ਰ ਬਠਿੰਡਾ ਦੇ ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ, ਐਮ.ਐਚ.ਆਰ. ਸੈਕੰਡਰੀ ਸਕੂਲ, ਸ਼ਹੀਦ ਸਿਪਾਹੀ ਸੰਦੀਪ ਸਿੰਘ ਸਕੂਲ ਆਫ ਐਮੀਨੈਂਸ ਪਰਸਰਾਮ ਨਗਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੌੜ ਕਲਾਂ, ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਲੜਕੀਆਂ ਰਾਮਪੁਰਾ ਮੰਡੀ, ਖਾਲਸਾ ਸੀਨੀਅਰ ਸੈਕੈਂਡਰੀ ਸਕੂਲ ਲੜਕੇ ਤਲਵੰਡੀ ਸਾਬੋ ਅਤੇ ਦਸਮੇਸ਼ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਸਾਬੋ ਦੇ 100 ਮੀਟਰ ਦੇ ਘੇਰੇ ਅੰਦਰ ਆਮ ਪਬਲਿਕ ਦੇ ਇਕੱਠੇ ਹੋਣ 'ਤੇ ਰੋਕ ਲਗਾਈ ਹੈ।

# ਸ਼ਰਧਾ ਅਤੇ ਉਤਸਾਹ ਨਾਲ ਕੌਮਾਂਤਰੀ ਸਰਸਵਤੀ ਮਹੋਤਸਵ ਦਾ ਹੋਇਆ ਆਗਾਜ਼

## ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੰਤਰ ਉਚਾਰਣ ਦੇ ਵਿਚ ਮਹੋਤਸਵ ਦੀ ਕੀਤੀ ਸ਼ੁਰੂਆਤ

**ਚੰਡੀਗੜ੍ਹ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਬੁੱਧਵਾਰ ਨੂੰ ਆਦਿ ਬਦਰੀ, ਯਮੁਨਾਨਗਰ ਵਿਚ 31 ਕੁੰਡੀਅ ਹਵਨ ਯੱਗ ਅਤੇ ਮੰਤਰ ਉਚਾਰਣ ਦੇ ਵਿਚ ਕੌਮਾਂਤਰੀ ਸਰਸਵਤੀ ਮਹੋਤਸਵ-2025 ਦੀ ਸ਼ੁਰੂਆਤ ਕੀਤੀ। ਇਹ ਮਹੋਤਸਵ 29 ਜਨਵਰੀ ਤੋਂ 2 ਫਰਵਰੀ, 2025 ਤੱਕ ਚੱਲੇਗਾ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਵਿਕਾਸ ਕੰਮਾਂ ਦੀ ਸੌਗਾਤ ਦਿੰਦੇ ਹੋਏ 54 ਕਰੋੜ 71 ਲੱਖ ਰੁਪਏ ਦੀ ਲਾਗਤ ਦੀ 29 ਪਰਿਯੋਜਨਾਵਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਵੀ ਰੱਖਿਆ। ਇੰਨ੍ਹਾਂ ਵਿਚ 26 ਕਰੋੜ 71 ਲੱਖ ਰੁਪਏ ਦੀ ਲਾਗਤ ਦੀ 15 ਪਰਿਯੋਜਨਾਵਾਂ ਦੇ ਉਦਘਾਟਨ ਅਤੇ ਲਗਭਗ 28 ਕਰੋੜ ਰੁਪਏ ਲਾਗਤ ਦੀ 14 ਪਰਿਯੋਜਨਾਵਾਂ ਦੇ ਨੀਂਹ ਪੱਥਰ ਸ਼ਾਮਿਲ ਹੈ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਮਾਂ ਸਰਸਵਤੀ ਦੀ ਚਰਣ ਵੰਦਨਾ ਕਰਦੇ ਹੋਏ ਕਿਹਾ ਕਿ ਅੱਜ ਸਮੇਂ, ਸਥਾਨ ਅਤੇ ਮੌਕੇ ਦਾ ਵਿਲੱਖਣ ਸੰਗਮ ਹੈ। ਅੱਜ ਮੌਨੀ ਮੱਸਿਆ ਹੈ। ਮਹਾਕੁੰਭ ਦਾ ਸ਼ਾਹੀ ਇਸ਼ਨਾਲ ਹੈ। ਰਿਤੂਰਾਜ ਬਸੰਤ ਦਾ ਆਗਮਨ ਵੀ ਹੋ ਰਿਹਾ ਹੈ। ਇਸੀ ਮਨਮੋਹਕ ਮਾਹੌਲ ਵਿਚ ਮਾ ਸਰਸਵਤੀ ਨਦੀ ਦੇ ਉਦਕਮ ਸਥਾਨ ਆਦਿਬਦਰੀ ਵਿਚ ਕੌਮਾਂਤਰੀ ਸਰਸਵਤੀ ਮਹੋਤਸਵ ਦੀ ਸ਼ੁਰੂਆਤ ਹੋ ਰਹੀ ਹੈ। ਇਸ ਮਹੋਤਸਵ ਦਾ ਉਦੇਸ਼ ਪੂਰੇ ਸੰਸਾਰ ਦਾ ਧਿਆਨ ਸਾਡੀ ਮਹਾਨ ਸਭਿਅਤਾ ਨੂੰ ਹੋਰ ਦਿਲਖਿਚਵਾਂ ਕਰਨਾ ਹੈ। ਇਸ ਮਹੋਤਸਵ ਰਾਹੀਂ ਅਸੀਂ ਆਪਣੇ ਸਭਿਆਚਾਰ, ਸਭਿਅਤਾ ਅਤੇ ਮੁੱਲਾਂ ਨੂੰ ਵੀ ਅਗਲੀ ਪੀੜੀ ਤੱਕ ਪਹੁੰਚਾ ਸਕਦੇ ਹਨ।

ਉਨ੍ਹਾਂ ਨੇ ਕਿਹਾ ਕਿ ਅੱਜ ਹੀ ਮਾਂ ਸਰਸਵਤੀ ਦੇ ਕਿਨਾਰੇ 'ਤੇ ਸਥਿਤ ਦੂਜੇ ਤੀਰਥ ਸਥਾਨਾਂ 'ਤੇ ਵੀ ਇਹ ਮਹੋਤਸਵ ਧੂਮਧਾਮ ਨਾਲ ਸ਼ੁਰੂ ਹੋ ਰਿਹਾ ਹੈ। ਪੇਹਵਾ ਤੀਰਥ ਸਰਸ ਅਤੇ ਸਭਿਆਚਾਰਕ ਮੇਲੇ ਦੀ ਸ਼ੁਰੂਆਤ ਹੋ ਰਹੀ ਹੈ। ਕੈਥਲ ਪੋਲੜ ਅਤੇ ਪਿਸੋਲ ਤੀਰਥ ਅਤੇ ਜੀਂਦ ਦੇ ਹੰਸ ਡਹਿਰ ਤੀਰਥ ਵਿਚ ਇੱਕ ਫਰਵਰੀ ਨੂੰ ਸਰਸਵਤੀ ਮਹੋਤਸਵ ਦੇ ਪ੍ਰੋਗਰਾਮਾਂ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਨਦੀਆਂ ਨੂੰ ਭਾਰਤੀ ਸਭਿਆਚਾਰ ਵਿਚ ਪੂਜਿਆ ਜਾਂਦਾ ਹੈ। ਇੰਨ੍ਹਾਂ ਦਿਨਾਂ ਗੰਗਾ, ਯਮੁਨਾ ਅਤੇ ਸਰਸਵਤੀ ਦੇ ਸੰਗਮ ਸਥਾਨ ਪ੍ਰਯਾਗਰਾਜ ਵਿਚ ਮਹਾਕੁੰਭ ਦਾ ਪ੍ਰਬੰਧ ਹੋ ਰਿਹਾ ਹੈ। ਇਹ ਸਾਡੇ ਸਭਿਆਚਾਰਕ ਵਿਰਾਸਤ ਦਾ ਉਤਸਵ ਹੈ। ਕੁੰਭ ਸਿਰਫ ਧਾਰਮਿਕ ਹੀ ਨਹੀਂ, ਸਗੋ ਵੈਚਾਰਿਕ ਸਮਾਗਮ ਤੇ ਆਦਾਨ ਪ੍ਰਦਾਨ ਦੇ ਮੰਚ ਵਜੋ ਵੀ ਮਹਤੱਵ ਰੱਖਦਾ ਹੈ।

ਉਨ੍ਹਾਂ ਨੇ ਕਿਹਾ ਕਿ ਸਰਸਵਤੀ ਨਦੀ ਦੇ ਵਗਾਅ ਦੇ ਵਿਗਿਆਨਿਕ ਪ੍ਰਮਾਣ ਮਿੱਲ ਚੁੱਕੇ ਹਨ। ਸਰਸਵਤੀ ਨਦੀ ਦਾ ਵਰਨਣ ਰਿਸ਼ੀਵੇਦ ਵਿਚ ਵਾਰ-ਵਾਰ ਆਇਆ ਹੈ। ਇਹ ਨਦੀਂ ਅੱਜ ਦੀ ਗੰਗਾ ਦੀ ਤਰ੍ਹਾ ਉਸ ਸਮੇਂ ਦੀ ਵਿਸ਼ਾਲ ਨਦੀਆਂ ਵਿੱਚੋਂ ਇੱਕ ਸੀ। ਵੈਦਿਕ ਸਭਿਆਚਾਰ ਸਰਸਵਤੀ ਨਦੀ ਦੇ ਕਿਨਾਰੇ ਪਨਪੀ ਸੀ। ਇਸ ਨਦੀ ਦੇ ਕਿਨਾਰੇ ਰਿਸ਼ੀ ਮੁਨੀਆਂ ਨੇ ਆਪਣੇ ਆਸ਼ਰਮ ਬਣਾ ਕੇ ਵੈਦਿਕ ਸਾਹਿਤ ਦੀ ਰਚਨਾ ਕੀਤੀ, ਜਿਸ ਦਾ ਗਿਆਨ ਦੇਣ ਲਈ ਅਸੀਂ ਪੂਰੇ ਵਿਸ਼ਵ ਵਿਚ ਵਿਸ਼ਵ ਗੁਰੂ ਵਜੋ ਜਾਣੇ ਗਏ। ਉਨ੍ਹਾਂ ਨੇ ਕਿਹਾ ਕਿ ਮਹਾਭਾਰਤ ਵਿਚ ਮਿਲੇ ਵਰਨਣ ਦੇ ਅਨੁਸਾਰ ਸਰਸਕਤੀ ਸ਼ਿਵਾਲਿਕ ਪਹਾੜੀਆਂ ਤੋਂ ਥੋੜਾ ਹੇਠਾਂ ਆਦਿਬਦਰੀ ਤੋਂ ਨਿਕਲਦੀ ਸੀ। ਇਹ ਨਦੀ ਹਰਿਆਣਾ, ਰਾਜਸਥਾਨ ਅਤੇ ਗੁਜਰਾਤ ਵਿਚ ਲਗਭਗ 1000 ਕਿਲੋਮੀਟਰ ਤੱਕ ਵੱਗਦੇ ਹੋਏ ਆਖੀਰ ਵਿਚ ਅਰਬ ਸਾਗਰ ਵਿਚ ਮਿਲਦੀ ਸੀ। ਪਰ ਅੱਜ ਸਰਸਵਤੀ ਨਦੀ ਵਿਲੋਪਤ ਹੋ ਗਈ ਹੈ।

# ਕੇਜਰੀਵਾਲ ਦੇ ਪਾਣੀ ਸਬੰਧੀ ਬਿਆਨ 'ਤੇ ਹਰਿਆਣਾ ਸਰਕਾਰ ਦਾ ਸਖਤ ਰੁੱਖ

**ਚੰਡੀਗੜ੍ਹ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮਾਲ ਅਤੇ ਆਪਦਾ ਪ੍ਰਬੰਧਨ ਮੰਤਰੀ ਸ੍ਰੀ ਵਿਪੁਲ ਗੋਇਲ ਨੇ ਕਿਹਾ ਕਿ ਦਿੱਲੀ ਵਿਚ ਸਪਲਾਈ ਕੀਤੇ ਜਾਣ ਵਾਲੇ ਪਾਣੀ ਨੂੰ ਲੈ ਕੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਬਿਆਨ 'ਤੇ ਹਰਿਆਣਾ ਸਰਕਾਰ ਨੇ ਸਖਤ ਐਕਸ਼ਨ ਲਿਆ ਹੈ। ਹਰਿਆਣਾ ਸਰਕਾਰ ਨੇ ਆਪਦਾ ਪ੍ਰਬੰਧਨ ਐਕਟ ਤਹਿਤ ਕੇਜਰੀਵਾਲ ਦੇ ਖਿਲਾਫ ਸੋਨੀਪਤ ਦੀ ਅਦਾਲਤ ਵਿਚ ਕੇਸ ਦਰਜ ਕਰ ਦਿੱਤਾ ਹੈ।ਮਾਲ ਅਤੇ ਆਪਦਾ ਪ੍ਰਬੰਧਨ ਮੰਤਰੀ ਵਿਪੁਲ ਗੋਇਲ ਨੇ ਇਹ ਜਾਣਕਾਰੀ ਚੰਡੀਗੜ੍ਹ ਸਥਿਤ ਸਕੱਤਰੇਤ ਵਿਚ ਪੱਤਰਕਾਰਾਂ ਨਾਲ ਗਲਬਾਤ ਕਰਦੇ ਹੋਏ ਦਿੱਤੀ।

ਸ੍ਰੀ ਗੋਇਲ ਨੇ ਕਿਹਾ ਕਿ ਅਰਵਿੰਦ ਕੇਜੀਵਾਲ ਦਾ ਬਿਆਨ ਬੇਤੁਕਾ ਅਤੇ ਗੁਮਰਾਹ ਕਰਨ ਵਾਲਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾ ਦੇ ਘਟੀਆ ਅਤੇ ਗੈਰਜਿਮੇਦਰਾਨਾ ਬਿਆਨ ਲਈ ਚੋਣ ਕਮਿਸ਼ਨ ਵੀ ਕੇਜਰੀਵਾਲ ਦੇ ਖਿਲਾਫ ਸਖਤ ਐਕਸ਼ਨ ਲਵੇ। ਸ੍ਰੀ ਵਿਪੁਲ ਗੋਇਲ ਨੇ ਕਿਹਾ ਕਿ ਹਰਿਆਣਾ 'ਤੇ ਇਸ ਤਰ੍ਹਾ ਦਾ ਦੋਸ਼ ਲਗਾ ਕੇ ਕੇਜਰੀਵਾਲ ਨੇ ਘਟੀਆ ਰਾਜਨੀਤੀ ਕੀਤੀ ਹੈ। ਹਰਿਆਣਾ ਸਰਕਾਰ ਕਾਨੂੰਨੀ ਕਾਰਵਾਈ ਕਰ ਰਹੀ ਹੈ।

ਮਾਲ ਅਤੇ ਆਪਦਾ ਪ੍ਰਬੰਧਨ ਮੰਤਰੀ ਨੇ ਕਿਹਾ ਕਿ ਜੋ ਪਾਣੀ ਦਿੱਲੀ ਨੂੰ ਸਪਲਾਈ ਕੀਤਾ ਜਾ ਰਿਹਾ ਹੈ ਉਹੀ ਰਾਜਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਕੇਂਦਰੀ ਮੰਤਰੀ ਵੀ ਪੀਂਦੇ ਹਨ। ਕੇਜਰੀਵਾਲ ਨੇ ਇਹ ਬਿਆਨ ਦੇ ਕੇ ਦਿੱਲੀ ਹੀ ਨਹੀਂ ਹਰਿਆਣਾ ਦੀ ਜਨਤਾ ਵਿਚ ਵੀ ਡਰ ਫੈਲਾਉਣ ਦਾ ਕੰਮ ਕੀਤਾ ਹੈ।

ਉਨ੍ਹਾਂ ਨੇ ਕਿਹਾ ਕਿ ਦਿੱਲੀ ਸਰਕਾਰ ਯਮੁਨਾ ਨੂੰ ਸਾਫ ਬਨਾਉਣ ਵਿਚ ਪੂਰੀ ਤਰ੍ਹਾ ਅਸਫਲ ਰਹੀ ਹੈ। ਚੋਣ ਵਿਚ ਆਪਣੀ ਸਾਖ ਬਚਾਉਣ ਲਈ ਅਰਵਿੰਦ ਕੇਜਰੀਵਾਲ ਨੇ ਹਰਿਆਣਾ ਦੀ ਜਨਤਾ 'ਤੇ ਸ਼ਰਮਨਾਕ ਅਤੇ ਬੇਬੁਨਿਆਦ ਦੋਸ਼ ਲਗਾਏ ਹਨ। ਹਰਿਆਣਾ ਦੀ ਜਨਤਾ ਯਮੁਨਾ ਜੀ ਨੂੰ ਪੂਜਦੀ ਹੈ ਇਸ ਤਰ੍ਹਾ ਦਾ ਗਲਤ ਪ੍ਰਚਾਰ ਨਾ ਸਿਰਫ ਹਰਿਆਣਾ ਦਾ ਅਪਮਾਨ ਹੈ ਸਗੋ ਦਿੱਲੀ ਦੇ ਲੋਕਾਂ ਨੂੰ ਗੁਮਰਾਹ ਕਰਨ ਦੀ ਸਾਜਿਸ਼ ਵੀ ਹੈ।ਸ੍ਰੀ ਵਿਪੁਲ ਗੋਇਲ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਇਹ ਦਾਵਾ ਕਰ ਰਹੇ ਹਨ ਕਿ ਉਨ੍ਹਾਂ ਨੇ ਜਹਿਰੀਲੇ ਪਾਣੀ ਨੂੰ ਦਿੱਲੀ ਵਿਚ ਪ੍ਰਵੇਸ਼ ਕਰਨ ਤੋਂ ਰੋਕ ਦਿੱਤਾ। ਪਰ ਉਨ੍ਹਾਂ ਦੇ ਕੋਲ ਇਸ ਦਾਵੇ ਦਾ ਕੋਈ ਸਬੂਤ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿਆਪਣੀ ਅਸਫਲਤਾਵਾਂ ਨੂੰ ਲੁਕਾਉਣ ਲਈ ਝੂਠ ਬੋਲਣਾ ਅਰਵਿੰਦ ਕੇਜਰੀਵਾਲ ਦੀ ਪੁਰਾਣੀ ਆਦਤ ਹੈ।

ਮਾਲ ਅਤੇ ਆਪਦਾ ਪ੍ਰਬੰਧਨ ਮੰਤਰੀ ਨੇ ਦਿੱਲੀ ਸਰਕਾਰ 'ਤੇ ਯਮੁਨਾ ਦੀ ਸਫਾਈ ਨੂੰ ਲੈ ਕੇ ਵਾਦਾਖਿਲਾਫੀ ਦਾ ਦੋਸ਼ ਲਗਾਇਆ। ਉਨ੍ਹਾਂ ਨੇ ਦਸਿਆ ਕਿ ਦਿੱਲੀ ਦੇ 37 ਸੀਵਰੇਜ ਟ੍ਰੀਟਮੈਂਟ ਪਲਾਂਟ ਵਿੱਚੋਂ ਸਿਰਫ 17 ਹੀ ਚਾਲੂ ਹਨ। ਇਹ ਦਿੱਲੀ ਸਰਕਾਰ ਦੀ ਅਸਮਰੱਥਾ ਅਤੇ ਯਮੁਨਾ ਨਦੀ ਦੀ ਦੁਰਦਸ਼ਾ ਕੁਪ੍ਰਬੰਧਨ ਤੋਂ ਨਾ ਸਿਰਫ ਦਿੱਲੀ ਦੇ ਲੋਕ, ਸਗੋ ਹਰਿਆਣਾ ਦੇ ਫਰੀਦਾਬਾਦ, ਪਲਵਲ, ਅਤੇ ਮੇਵਾਤ ਜਿਲ੍ਹੇ ਦੇ ਲੋਕ ਵੀ ਪ੍ਰਭਾਵਿਤ ਹੋ ਰਹੇ ਹਨ।

# ਯੋਜਨਾ ਦੇ ਲਾਭ ਗਰੀਬਾਂ ਤੱਕ ਜਰੂਰ ਪਹੁੰਚੇ - ਮੁੱਖ ਸਕੱਤਰ

**ਚੰਡੀਗੜ੍ਹ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ 2.0 (ਪੀਐਮਅਏਵਾਈ-ਯੂ 2.0) ਦੇ ਲਾਗੂ ਕਰਨ ਲਨਾਲ ਹੀ ਸ਼ਹਿਰੀ ਗਰੀਬ ਅਤੇ ਮੱਧਮ ਵਰਗ ਦੇ ਪਰਿਵਾਰਾਂ ਨੂੰ ਕਿਫਾਇਤੀ ਆਵਾਸ ਉਪਲਬਧ ਕਰਵਾਉਣ ਦੀ ਦਿਸ਼ਾ ਵਿਚ ਵੱਡਾ ਕਦਮ ਚੁੱਕਿਆ ਹੈ।

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਹਰ ਪਰਿਵਾਰ ਦੇ ਸਿਰ 'ਤੇ ਛੱਤ ਦੇ ਸਪਨੇ ਨੂੰ ਸਾਕਾਰ ਕਰਨ ਦੀ ਦਿਸ਼ਾ ਵਿਚ ਕੇਂਦਰ ਸਰਕਾਰ ਦੀ ਇਸ ਮਹਤੱਵਪੂਰਣ ਯੋਜਨਾ ਦਾ ਉਦੇਸ਼ ਅਗਲੇ ਪੰਜ ਸਾਲਾਂ ਵਿਚ ਪੂਰੇ ਸੂਬੇ ਵਿਚ ਸ਼ਹਿਰੀ ਗਰੀਬ ਅਤੇ ਮੱਧਮ ਵਰਗ ਦੇ ਪਰਿਵਾਰਾਂ ਨੂੰ ਕਿਫਾਇਤੀ ਆਵਾਸ ਉਪਲਬਧ ਕਰਵਾਉਣ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦੀ ਵਿਜਨ ਅਨੁਰੂਪ , ਹਰਿਆਣਾ ਨੇ ਪੀਐਮਏਵਾਈ-ਯੂ 2.0 ਦਾ ਸੁਚਾਰੂ ਲਾਗੂ ਕਰਨਾ ਯਕੀਨੀ ਕਰਨ ਲਈ ਨਿਰਣਾਇਕ ਕਦਮ ਚੁੱਕੇ ਹਨ।

ਹਰਿਆਣਾ ਦੇ ਮੁੱਖ ਸਕੱਤਰ ਡਾ. ਵਿਵੇਕ ਜੋਸ਼ੀ ਨੇ ਅੱਜ ਇੱਥੇ ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ (ਪੀਐਮਏਵਾਈ-ਯੂ) ਲਈ ਰਾਜ ਪੱਧਰੀ ਮੰਜੂਰੀ ਅਤੇ ਨਿਗਰਾਨੀ ਕਮੇਟੀ (ਐਸਐਲਐਸਐਮਸੀ) ਦੀ 17ਵੀਂ ਮੀਟਿੰਗ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ 2.0 ਲਈ ਐਸਐਲਐਲਐਮਸੀ ਦੀ ਪਹਿਲੀ ਮੀਟਿੰਗ ਦੀ ਅਗਵਾਈ ਕੀਤੀ।

ਡਾ. ਜੋਸ਼ੀ ਨੇ ਫੰਡ ਵੰਡ ਵਿਚ ਖਾਮੀਆਂ ਨੂੰ ਦੂਰ ਕਰਨ ਦੀ ਜਰੂਰਤ 'ਤੇ ਜੋਰ ਦਿੱਤਾ ਅਤੇ ਕਿਸੇ ਵੀ ਤਰ੍ਹਾ ਦੀ ਵਿੱਤੀ ਅਨਿਯਮਤਤਾ ਨੂੰ ਰੋਕਣ ਲਈ ਅਧਿਕਾਰੀਆਂ ਨੂੰ ਓਟੀਪੀ-ਅਧਿਰਿਤ ਤਸਦੀਕ ਪ੍ਰਣਾਲੀ ਲਾਗੂ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਲਾਭਕਾਰਾਂ ਦੀ ਮੌਜੂਦਗੀ ਦਾ ਮੁਲਾਂਕਨ ਕਰਨ ਅਤੇ ਇਹ ਯਕੀਨੀ ਕਰਨ ਲਈ ਇਕ ਵਿਸਤਾਰ ਨਮੂਨਾ ਸਰਵੇਖਣ ਕਰਨ 'ਤੇ ਵੀ ਜੋਰ ਦਿੱਤਾ ਕਿ ਕਰਜਾ ਵੰਡ ਵਿਚ ਬੈਂਕ ਉਨ੍ਹਾਂ ਨੂੰ ਕੁਸ਼ਲਤਾਪੂਰਵਕ ਸਹਾਇਤਾ ਕਰ ਰਹੇ ਹਨ। ਯੋਜਨਾ ਦੀ ਲਾਗੂ ਪ੍ਰਕ੍ਰਿਆ ਵਿਚ ਸਖਤ ਨਿਗਰਾਨੀ ਅਤੇ ਜਵਾਬਦੇਹੀ ਦੀ ਜਰੂਰਤ 'ਤੇ ਜੋਰ ਦਿੰਦੇ ਹੋਏ, ਮੁੱਖ ਸਕੱਤਰ ਨੇ ਕਿਹਾ ਕਿ ਇਸ ਯੋਜਨਾ ਦਾ ਲਾਭ ਬਿਨ੍ਹਾ ਕਿਸੇ ਲੀਕੇਜ ਦੇ ਗਰੀਬਾਂ ਤੱਕ ਪਹੁੰਚਣਾ ਚਾਹੀਦਾ ਹੈ।

ਮੁੱਖ ਸਕੱਤਰ ਨੇ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆ ਰਾਹੀਂ ਯੋਜਨਾ ਲਈ ਵਿਆਪਕ ਜਨ ਜਾਗਰੂਕਤਾ ਮੁਹਿੰਮ ਚਲਾਉਣ ਦੀ ਜਰੂਰਤ 'ਤੇ ਵੀ ਜੋਰ ਦਿੱਤਾ।

ਮੀਟਿੰਗ ਵਿਚ ਦਸਿਆ ਗਿਆ ਕਿ ਮੁੱਖ ਮੰਤਰੀ ਸ਼ਹਿਰੀ ਆਵਾਸ ਯੋਜਨਾ ਤਹਿਤ 15,256 ਬਿਨੈਕਾਰਾਂ ਨੂੰ ਪੱਕੇ ਮਕਾਨ ਬਨਾਉਣ ਲਈ ਇੱਕ ਮਰਲਾ ਪਲਾਟ ਅਲਾਟ ਕੀਤੇ ਗਏ ਹਨ। ਇੰਨ੍ਹਾਂ ਸਾਰੇ ਲਾਭਕਾਰਾਂ ਨੂੰ ਪੀਐਮਏਵਾਈ-ਯੂ 2.0 ਦੇ ਬੈਨੇਫਿਸ਼ਰੀ ਲੇਡ ਕੰਸਟਰਕਸ਼ਨ (ਬੀਐਲਸੀ) ਵਰਟੀਕਲ ਤਹਿਤ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਪੀਐਮਏਵਾਈ-ਯੂ 2.0 ਸ਼ਹਿਰੀ ਖੇਤਰਾਂ ਵਿਚ ਰਹਿਣ ਵਾਲੇ ਆਰਥਕ ਰੂਪ ਨਾਲ ਕਮਜੋਰ ਵਰ (ਈਡਬਲਿਊਐਸ), ਹੇਠਲਾ ਆਮਦਨ ਵਰਗ (ਐਲਆਈਜੀ) ਅਤੇ ਮੱਧਮ ਆਮਦਨ ਵਰਗ (ਐਮਆਈਜੀ) ਦੀ ਆਵਾਸ ਸਬੰਧੀ ਜਰੂਰਤਾਂ ਨੂੰ ਪੂਰਾ ਕਰਦੀ ਹੈ। ਲਾਭਕਾਰ ਪਰਿਵਾਰ ਨੂੰ ਪਤੀ, ਪਤਨੀ, ਅਣਵਿਆਹੇ ਬੇਟੇ ਅਤੇ/ਜਾਂ ਅਣਵਿਆਹੀ ਬੇਟੀਆਂ ਵਜੋ ਪਰਿਭਾਸ਼ਤ ਕੀਤਾ ਗਿਆ ਹੈ। ਇਸ ਯੋਜਨਾ ਤਹਿਤ ਯੋਗ ਹੋਣ ਲਈ ਪਰਿਵਾਰ ਦੇ ਕੋਲ ਦੇਸ਼ ਵਿਚ ਕਿਤੇ ਵੀ ਪੱਕਾ ਮਕਾਨ (ਸਥਾਈ ਆਵਾਸ ਇਕਾਈ) ਨਹੀਂ ਹੋਣਾ ਚਾਹੀਦਾ ਹੈ। ਪੀਐਮਏਵਾਈ-ਯੂ 2.0 ਈਡਬਲਿਊਐ ਪਰਿਵਾਰਾਂ (ਸਾਲਾਨਾ ਆਮਦਨ 3 ਲੱਖ ਰੁਪਏ ਤੱਕ), ਐਲ ਪਰਿਵਾਰਾਂ (3 ਲੱਖ ਤੋਂ 6 ਲੱਖ ਰੁਪਏ ਤੱਕ) ਅਤੇ ਐਮਆਈਜੀ ਪਰਿਵਾਰਾਂ (6 ਲੱਖ ਤੋਂ 9 ਲੱਖ ਰੁਪਏ ਤੱਕ) ਦੀ ਕਿਫਾਇਤੀ ਆਵਾਸ ਦੇ ਮੌਕੇ ਪ੍ਰਦਾਨ ਕਰਦਾ ਹੈ। ਯੋਜਨਾ ਤਹਿਤ ਵਿਧਵਾਵਾਂ, ਏਕਲ ਮਹਿਲਾਵਾਂ, ਦਿਵਆਂਗਾਂ, ਸੀਨੀਆ ਨਾਗਰਿਕਾਂ, ਟ੍ਰਾਂਸਜੇਂਡਰਾਂ, ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨਜਾਤੀਆਂ ਦੇ ਵਿਅਕਤੀਆਂ ਅਤੇ ਸਟ੍ਰੀਟ ਵੇਂਡਰਸ ਅਤੇ ਨਿਰਮਾਣ ਮਜਦੂਰਾਂ ਵਰਗੇ ਹੋਰ ਕਮਜੋਰ ਵਰਗਾਂ ਸਮੇਤ ਕਮਜੋਰ ਸਮੂਹਾਂ ਨੂੰ ਪ੍ਰਾਥਮਿਕਤਾ ਦਿੱਤੀ ਜਾਂਦੀ ਹੈ।

ਯੋਜਨਾ ਦਾ ਦਾਇਰਾ 2011 ਦੀ ਮਰਦਮਸ਼ੁਮਾਰੀ ਅਨੁਸਾਰ ਸਾਰੇ ਵੈਧਾਨਿਕ ਸ਼ਹਿਰਾਂ ਅਤੇ ਬਾਅਦ ਵਿਚ ਨੋਟੀਫਾਇਡ ਸ਼ਹਿਰਾਂ ਤੱਕ ਹੈ, ਜਿਸ ਵਿਚ ਨਿਰਦੇਸ਼ਿਤ ਪਲਾਨਿੰਗ ਏਰਿਆ ਵੀ ਸ਼ਾਮਿਲ ਹੈ। ਇਹ ਯੋਜਨਾ 30 ਵਰਗ ਮੀਟਰ ਦੇ ਘੱਟੋ ਘੱਟ ਕਾਰਪੋਰੇਟ ਏਰਿਆ ਵਾਲੇ ਮਕਾਨਾਂ ਦੇ ਨਿਰਮਾਣ ਦਾ ਸਮਰਥਨ ਕਰਦਾ ਹੈ, ਜੋ ਸੂਬਿਆਂ/ਕੇਂਦਰ ਸ਼ਾਸਿਤ ਸੂਬਿਆਂ ਨੂੰ ਕੇਂਦਰ ਸਰਕਾਰ ਦੀ ਵਿੱਤੀ ਸਹਾਇਤਾ ਦੇ ਪੱਧਰ ਨੂੰ ਕਾਇਮ ਰੱਖਦੇ ਹੋਏ ਇਸ ਨੂੰ 45 ਵਰਗ ਮੀਟਰ ਤੱਕ ਵਧਾਉਣ ਦਾ ਲਚੀਲਾਪਨ ਪ੍ਰਦਾਨ ਕਰਦੀ ਹੈ। ਯੋਜਨਾ ਤਹਿਤ ਚਾਰ ਵੱਖ-ਵੱਖ ਘਟਕਾਂ: ਬੈਨੇਫਿਸ਼ਰੀ ਸਾਇਟ ਕੰਸਟ੍ਰਕਸ਼ਨ (ਬੀਐਲਸੀ), ਅਫਾਰਡਏਬਲ ਹਾਊਸਿੰਗ ਇਨ ਪਾਰਟਨਰਸ਼ਿਪ (ਏਐਚਪੀ), ਅਫਾਰਡਏਬਲ ਰੇਂਟਲ ਹਾਉਸਿੰਗ (ਏਆਰਐਚ), ਅਤੇ ਇੰਟਰੇਸਟ ਸਬਸਿਡੀ ਸਕੀਮ (ਆਈਐਸਐਸ) ਰਾਹੀਂ ਲਾਭ ਪ੍ਰਦਾਨ ਕੀਤਾ ਜਾਵੇਗਾ।

ਹਰਿਆਣਾ ਨੇ ਪੀਐਮਏਵਾਈ-ਯੂ 2.0 ਦਾ ਸੁਚਾਰੂ ਲਾਗੂ ਕਰਨਾ ਯਕੀਨੀ ਕਰਨ ਲਈ ਨਿਰਣਾਇਕ ਕਦਮ ਚੁੱਕੇ ਹਨ। ਪ੍ਰਸ਼ਾਸਨਿਕ ਪ੍ਰਕ੍ਰਿਆ ਨੂੰ ਸਹੀ ਢੰਗ ਨਾਲ ਕਰਨ ਲਈ ਸਾਰਿਆਂ ਲਈ ਆਵਾਸ ਵਿਭਾਗ ਨੂੰ ਰਾਜ ਪੱਧਰੀ ਨੋਡਲ ਏਜੰਸੀ ਵਜੋ ਨਾਮਜਦ ਕੀਤਾ ਗਿਆ ਹੈ। ਰਾਜ ਨੇ ਪਰਿਯੋਜਨਾ ਅਨੁਮੋਦਨ ਅਤੇ ਲਾਗੂ ਕਰਨ ਦੀ ਦੇਖਰੇਖ ਲਈ ਰਾਜ ਪੱਧਰੀ ਮੁਲਾਂਕਨ ਕਮੇਟੀ (ਐਸਐਲਏਸੀ) ਅਤੇ ਰਾਜ ਪੱਧਰੀ ਮੰਜੂਰੀ ਅਤੇ ਨਿਗਰਾਨੀ ਕਮੇਟੀ (ਐਸਐਲਐਸਐਮਸੀ) ਦੀ ਸਥਾਪਨਾ ਕੀਤੀ ਹੈ। ਯੋਜਨਾ ਲਈ ਰਾਜ ਦੀ ਪ੍ਰਤੀਬੱਧਤਾ ਨੂੰ ਮਜਬੂਤ ਕਰਦੇ ਹੋਏ ਆਵਾਸ ਅਤੇ ਸ਼ਹਿਰੀ ਮਾਮਲੇ ਮੰਤਰਾਲੇ ਦੇ ਨਾਲ ਇੱਕ ਸਮਝੌਤਾ ਮੈਮੋ (ਐਮਓਯੂ) 'ਤੇ ਹਸਤਾਖਰ ਕੀਤੇ ਗਏ ਹਨ। ਕੇਂਦਰੀ ਮੰਜੂਰੀ ਅਤੇ ਨਿਗਰਾਨੀ ਕਮੇਟੀ (ਸੀਐਸਐਮਸੀ) ਵਰਗੀ ਸਥਾਪਿਤ ਕਮੇਟੀਆਂ ਰਾਹੀਂ ਤਿੰਨ ਪੱਧਰਾਂ-ਸ਼ਹਿਰ, ਰਾਜ ਅਤੇ ਕੇਂਦਰ ਪੱਧਰ 'ਤੇ ਲਿਗਰਾਨੀ ਕੀਤੀ ਜਾਵੇਗੀ।

# ਦੋ ਨਸ਼ਾ ਤਸਕਰ 100 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ




**ਜਲੰਧਰ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਦਿਹਾਤੀ ਪੁਲਿਸ ਦੇ ਸੀਆਈਏ ਸਟਾਫ ਨੇ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 100 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਕਰਨ ਕੁਮਾਰ ਉਰਫ਼ ਕਰਨ (22), ਪੁੱਤਰ ਕੁਲਵਿੰਦਰ, ਵਾਸੀ ਵਾਰਡ ਨੰਬਰ 09, ਮੁਹੱਲਾ ਚੜ੍ਹੀ ਪੱਤੀ ਬੇਗੋਵਾਲ, ਥਾਣਾ ਬੇਗੋਵਾਲ, ਜ਼ਿਲ੍ਹਾ ਕਪੂਰਥਲਾ ਅਤੇ ਹੰਸਦੀਪ ਸਿੰਘ ਉਰਫ਼ ਨਿੱਕਾ (21), ਪੁੱਤਰ ਰਣਜੀਤ ਸਿੰਘ, ਵਾਸੀ ਮੁਹੱਲਾ ਅਰਫਾਣਵਾਲਾ, ਥਾਣਾ ਸਿਟੀ ਕਪੂਰਥਲਾ, ਜ਼ਿਲ੍ਹਾ ਕਪੂਰਥਲਾ ਵਜੋਂ ਹੋਈ ਹੈ।

ਐਸਐਸਪੀ ਹਰਕਮਲਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਖਾਸ ਖੁਫੀਆ ਜਾਣਕਾਰੀਆਂ ਦੇ ਆਧਾਰ 'ਤੇ, 27 ਜਨਵਰੀ, 2025 ਨੂੰ ਐਸਪੀ ਇਨਵੈਸਟੀਗੇਸ਼ਨ ਜਸਰੂਪ ਕੌਰ ਅਤੇ ਡੀਐਸਪੀ ਸਰਵਨਜੀਤ ਸਿੰਘ ਦੀ ਨਿਗਰਾਨੀ ਹੇਠ ਇੱਕ ਵਿਸ਼ੇਸ਼ ਆਪ੍ਰੇਸ਼ਨ ਚਲਾਇਆ ਗਿਆ। ਸੀਆਈਏ ਸਟਾਫ ਜਲੰਧਰ ਦਿਹਾਤੀ ਦੇ ਇੰਚਾਰਜ ਇੰਸਪੈਕਟਰ ਪੁਸ਼ਪ ਬਾਲੀ ਨੇ ਇਸ ਆਪ੍ਰੇਸ਼ਨ ਦੀ ਅਗਵਾਈ ਕੀਤੀ, ਜਿਸ ਦੇ ਨਤੀਜੇ ਵਜੋਂ ਇਹ ਮਹੱਤਵਪੂਰਨ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ।

ਐਸਐਸਪੀ ਖੱਖ ਨੇ ਕਿਹਾ ਕਿ ਕਰਤਾਰਪੁਰ ਖੇਤਰ ਵਿੱਚ ਨਸ਼ੀਲੇ ਪਦਾਰਥਾਂ ਦੀ ਡਿਲਿਵਰੀ ਬਾਰੇ ਭਰੋਸੇਯੋਗ ਜਾਣਕਾਰੀ 'ਤੇ ਕਾਰਵਾਈ ਕਰਦੇ ਹੋਏ, ਐਸਆਈ ਨਿਰਮਲ ਸਿੰਘ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਟੀਮ ਭੇਜੀ ਗਈ ਸੀ। ਟੀਮ ਨੇ ਕਰਤਾਰਪੁਰ ਦੇ ਭੁਲੱਥ ਮੋੜ ਤੋਂ ਲਗਭਗ 100 ਮੀਟਰ ਦੀ ਦੂਰੀ 'ਤੇ ਮਹਾਰਾਜਾ ਹੋਟਲ ਦੇ ਨੇੜੇ ਇੱਕ ਆਲਟੋ ਕਾਰ (♦209-1$-3189) ਨੂੰ ਰੋਕਿਆ। ਮੁਲਜ਼ਮਾਂ ਨੇ ਹੋਟਲ ਵਿੱਚ ਭੱਜਣ ਦੀ ਕੋਸ਼ਿਸ਼ ਕੀਤੀ ਪਰ ਚੌਕਸ ਪੁਲਿਸ ਟੀਮ ਨੇ ਉਨ੍ਹਾਂ ਨੂੰ ਸਫਲਤਾਪੂਰਵਕ ਫੜ ਲਿਆ।

ਵਾਹਨ ਦੀ ਤਲਾਸ਼ੀ ਦੌਰਾਨ, ਪੁਲਿਸ ਨੇ ਕਾਰ ਦੇ ਡੈਸ਼ਬੋਰਡ 'ਤੇ ਮੋਮ ਨਾਲ ਲਪੇਟੇ ਪੈਕੇਟ ਵਿੱਚ ਛੁਪਾਈ ਗਈ 100 ਗ੍ਰਾਮ ਹੈਰੋਇਨ ਬਰਾਮਦ ਕੀਤੀ। ਮੌਕੇ 'ਤੇ ਇਲੈਕਟ੍ਰਾਨਿਕ ਪੈਮਾਨੇ ਦੀ ਵਰਤੋਂ ਕਰਕੇ ਨਸ਼ੀਲੇ ਪਦਾਰਥ ਦਾ ਤੋਲ ਕੀਤਾ ਗਿਆ।ਐਸਐਸਪੀ ਖੱਖ ਨੇ ਕਿਹਾ ਕਿ ਦੋਵਾਂ ਮੁਲਜ਼ਮਾਂ ਦਾ ਪਹਿਲਾਂ ਅਪਰਾਧਿਕ ਰਿਕਾਰਡ ਹੈ ਅਤੇ ਗ੍ਰਿਫ਼ਤਾਰੀ ਸਮੇਂ ਜ਼ਮਾਨਤ 'ਤੇ ਸਨ। ਦੋਸ਼ੀਆਂ ਨੂੰ ਦੋ ਦਿਨਾਂ ਦੀ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਉਨ੍ਹਾਂ ਦੀ ਪੁੱਛਗਿੱਛ ਤੋਂ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਵਿੱਚ ਉਨ੍ਹਾਂ ਦੇ ਅੱਗੇ ਅਤੇ ਪਿੱਛੇ ਸਬੰਧਾਂ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਣ ਦੀ ਉਮੀਦ ਹੈ।ਜ਼ਿਲ੍ਹਾ ਜਲੰਧਰ-ਦਿਹਾਤੀ ਦੇ ਪੁਲਿਸ ਸਟੇਸ਼ਨ ਕਰਤਾਰਪੁਰ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21ਬੀ-61-85 ਤਹਿਤ ਐਫਆਈਆਰ ਨੰਬਰ 17 ਮਿਤੀ 27.01.2025 ਦਰਜ ਕੀਤੀ ਗਈ ਹੈ।

# ਸਿਹਤ ਕਾਮਿਆਂ ਦੇ ਖ਼ਿਲਾਫ਼ ਹਿੰਸਾ ਰੋਕਣ ਲਈ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਹੋਈ




**ਗੁਰਦਾਸਪੁਰ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਕਾਮਿਆਂ ਦੇ ਖ਼ਿਲਾਫ਼ ਹਿੰਸਾ ਰੋਕਣ ਲਈ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਅੱਜ ਸਥਾਨਿਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਵੱਲੋਂ ਕੀਤੀ ਗਈ ਅਤੇ ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਹਰਜਿੰਦਰ ਸਿੰਘ ਬੇਦੀ, ਜ਼ਿਲ੍ਹਾ ਅਟਾਰਨੀ ਸ੍ਰੀਮਤੀ ਨੀਲਮ ਅਤਰੀ, ਸਹਾਇਕ ਸਿਵਲ ਸਰਜਨ ਡਾ. ਪ੍ਰਭਜੋਤ ਕੌਰ ਕਲਸੀ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਰੋਮੀ ਰਾਜਾ, ਆਈ.ਐੱਮ.ਏ. ਦੇ ਪ੍ਰਧਾਨ ਡਾ. ਬਾਜਵਾ ਤੋਂ ਇਲਾਵਾ ਪੁਲਿਸ ਵਿਭਾਗ ਦੇ ਅਧਿਕਾਰੀ ਵੀ ਹਾਜ਼ਰ ਸਨ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਸਿਹਤ ਕਾਮਿਆਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਿਹਤ ਕਾਮਿਆਂ ਦੀ ਸੁਰੱਖਿਆ ਦੇ ਲਈ ਸਰਕਾਰ ਵੱਲੋਂ ਕਾਨੂੰਨ ਵੀ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸਿਹਤ ਸੰਸਥਾਵਾਂ ਆਪਣੇ ਅਧਿਕਾਰ ਖੇਤਰ ਵਿੱਚ ਸੀ ਸੀ ਟੀਵੀ ਕੈਮਰੇ ਲਗਾਉਣ, ਲਾਈਟਾਂ ਦਾ ਪੂਰਾ ਪ੍ਰਬੰਧ ਹੋਵੇ। ਇਸ ਤੋਂ ਇਲਾਵਾ ਹਿੰਸਾ ਨੂੰ ਰੋਕਣ ਲਈ ਸਿਹਤ ਸੰਸਥਾਵਾਂ ਵਿੱਚ ਕਮੇਟੀਆਂ ਬਣਾਈਆਂ ਜਾਣ ਅਤੇ ਕਮੇਟੀ ਬਾਰੇ ਬੋਰਡ ਲਗਾਏ ਜਾਣ। ਉਨ੍ਹਾਂ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਕਿ ਉਹ ਸਿਹਤ ਸੰਸਥਾਵਾਂ ਵੱਲ ਵੀ ਆਪਣੀ ਪੈਟਰੋਲਿੰਗ ਨੂੰ ਰੈਗੂਲਰ ਕਰਨ।

ਉਨ੍ਹਾਂ ਕਿਹਾ ਕਿ ਨਸ਼ਾ ਛੁਡਾਓ ਅਤੇ ਪੁਨਰਵਾਸ ਕੇਂਦਰਾਂ ਵਿੱਚ ਨਿਯਮਾਂ ਅਨੁਸਾਰ ਇਲਾਜ ਕੀਤਾ ਜਾਵੇ। ਸਿਹਤ ਸੰਸਥਾਵਾਂ ਵਿੱਚ ਫਾਇਰ ਸੇਫ਼ਟੀ ਦਾ ਪੂਰਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਿਹਤ ਸੰਸਥਾਵਾਂ ਵੱਲੋਂ ਮਰੀਜ਼ਾਂ ਲਈ ਜੋ ਵੀ ਜ਼ਰੂਰੀ ਸਹੂਲਤਾਂ ਦੇਣੀਆਂ ਜ਼ਰੂਰੀ ਹੁੰਦੀਆਂ ਹਨ ਉਹ ਜ਼ਰੂਰ ਦਿੱਤੀਆਂ ਜਾਣ।

ਸਹਾਇਕ ਸਿਵਲ ਸਰਜਨ ਡਾ. ਪ੍ਰਭਜੋਤ ਕੌਰ ਕਲਸੀ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਆਪਣੇ ਪੱਧਰ ਉੱਪਰ ਵੀ ਸਿਹਤ ਕਾਮਿਆਂ ਪ੍ਰਤੀ ਹਿੰਸਾ ਦੀ ਰੋਕਥਾਮ ਦੇ ਉਪਾਅ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਤੇ ਸਿਹਤ ਅਮਲੇ ਨੂੰ ਵੀ ਜਾਗਰੂਕ ਕੀਤਾ ਜਾ ਰਿਹਾ ਹੈ। ਡਾ. ਰੋਮੀ ਰਾਜਾ ਨੇ ਦੱਸਿਆ ਕਿ ਸਿਹਤ ਸੰਸਥਾਵਾਂ ਵਿਚ ਕਮੇਟੀਆਂ ਗਠਨ ਕਰਨ ਲਈ ਲਿਖਿਆ ਗਿਆ ਹੈ ਅਤੇ ਇਸ ਸਬੰਧੀ ਜ਼ਰੂਰੀ ਹਿਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

# ਜ਼ਿਲ੍ਹਾ ਵਾਤਾਵਰਣ ਕਮੇਟੀ ਵਲੋਂ ਜਾਰੀ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕਰਨ ਅਧਿਕਾਰੀ : ਵਧੀਕ ਡਿਪਟੀ ਕਮਿਸ਼ਨਰ



**ਰੂਪਨਗਰ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਜ) ਰੂਪਨਗਰ ਸ਼੍ਰੀਮਤੀ ਪੂਜਾ ਸਿਆਲ ਗਰੇਵਾਲ ਨੇ ਜ਼ਿਲ੍ਹਾ ਵਾਤਾਵਰਣ ਕਮੇਟੀ ਦੀ ਮੀਟਿੰਗ ਵਿੱਚ ਜ਼ਿਲ੍ਹੇ ਦੇ ਸ਼ਹਿਰੀ ਅਤੇ ਪੇਂਡੂ ਖੇਤਰ ਵਿੱਚ ਵਾਤਾਵਰਣ ਅਤੇ ਪਾਣੀ ਦੇ ਸਰੋਤਾਂ ਨੂੰ ਸਾਫ ਸੁਥਰਾ ਅਤੇ ਸੁਰੱਖਿਅਤ ਕਰਨ ਦੇ ਮੰਤਵ ਨਾਲ ਜਾਰੀ ਕੀਤੀ ਗਈਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਮੀਟਿੰਗ ਵਿਚ ਹਾਜ਼ਰ ਸਾਰੇ ਅਧਿਕਾਰੀਆਂ ਨੂੰ ਆਦੇਸ਼ ਜਾਰੀ ਕੀਤੇ।

ਸ਼੍ਰੀਮਤੀ ਪੂਜਾ ਸਿਆਲ ਗਰੇਵਾਲ ਨੇ ਪ੍ਰਦੂਸ਼ਣ ਅਤੇ ਕੂੜਾ ਪ੍ਰਬੰਧਨ ਨੂੰ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਅਨੁਸਾਰ ਸ਼ਹਿਰਾਂ ਅੰਦਰ ਡੰਪ ਸਾਈਟਾਂ ਨੂੰ ਪੂਰਨ ਤੌਰ 'ਤੇ ਹਟਾਉਣਾ ਲਾਜ਼ਮੀ ਹੈ।

ਉਨ੍ਹਾਂ ਖਾਸ ਤੌਰ ਉਤੇ ਪਿੰਡਾਂ ਤੇ ਸ਼ਹਿਰਾਂ ਵਿੱਚ ਕੂੜਾ ਪ੍ਰਬੰਧਨ ਨੂੰ ਬਿਹਤਰ ਢੰਗ ਨਾਲ ਅਮਲ ਵਿੱਚ ਲਿਆਉਣ ਉੱਤੇ ਜ਼ੋਰ ਦਿੱਤਾ, ਜਿਸ ਤਹਿਤ ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ-ਵੱਖ ਇਕੱਠਾ ਕਰਕੇ ਇਸ ਦਾ ਠੋਸ ਤੇ ਤਕਨੀਕੀ ਢੰਗ ਨਾਲ ਪ੍ਰਬੰਧਨ ਕਰਨ ਬਾਰੇ ਕਿਹਾ ਅਤੇ ਸਾਰੇ ਜ਼ਿਲ੍ਹੇ ਵਿੱਚ ਕੰਪੋਸਟ ਪਿਟਸ ਨੂੰ 100 ਫ਼ੀਸਦ ਯਕੀਨਨ ਕਰਨ ਦੀ ਹਦਾਇਤ ਕੀਤੀ।

ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਉਹ ਆਪਣੇ ਅਧੀਨ ਆਉਂਦੇ ਸਾਰੇ ਸੀਵਰੇਜ ਟ੍ਰੀਟਮੈਂਟ ਪਲਾਂਟ ਅਤੇ ਮਟੀਰੀਅਲ ਰਿਕਵਰੀ ਸੇਵਾਵਾਂ (ਵੱਖ-ਵੱਖ ਤਰ੍ਹਾਂ ਦੇ ਕੂੜੇ ਦੀ ਸੰਭਾਲ) ਦਾ ਨਿੱਜੀ ਤੌਰ ਉਤੇ ਜਾ ਕੇ ਨਿਰੀਖਣ ਕਰਨ।

ਉਨ੍ਹਾਂ ਪਿੰਡਾਂ ਵਿਚ ਟੋਬਿਆਂ ਦੇ ਪਾਣੀ ਨੂੰ ਥਾਪਰ ਮਾਡਲ ਰਾਹੀਂ ਸਾਫ ਕਰਕੇ ਸੰਚਾਈ ਦੀ ਵਰਤੋਂ ਵਿਚ ਲਿਆਉਣ ਲਈ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਬਲਾਕ ਵਿਕਾਸ ਅਫਸਰ, ਸਰਪੰਚਾਂ ਨੂੰ ਜਾਗਰੂਕ ਕਰਕੇ ਇਸ ਮਾਡਲ ਨੂੰ ਜ਼ਿਲ੍ਹੇ ਦੇ ਹਰ ਪਿੰਡ ਵਿਚ ਪਹੁੰਚਾਉਣ ਅਤੇ ਕੂੜੇ ਸਮੇਤ ਪਲਾਸਟਿਕ ਪ੍ਰਬੰਧਨ ਦਾ ਨਿਪਟਾਰਾ ਵੀ ਪਿੰਡਾਂ ਵਿਚ ਕਰਨਾ ਯਕੀਨੀ ਕਰਨ।

ਉਨ੍ਹਾਂ ਨਗਰ ਕੌਂਸਲਾਂ, ਪੰਚਾਇਤਾਂ ਦੇ ਕਾਰਜਕਾਰੀ ਅਫਸਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ 2 ਫਰਵਰੀ ਨੂੰ ਆਉਣ ਵਾਲੀ ਬਸੰਤ ਪੰਚਮੀ ਦੇ ਮੱਦੇਨਜ਼ਰ ਇਸ ਹਫਤੇ ਚਾਈਨਾ ਡੋਰ ਦੀ ਵਰਤੋਂ ਦੀ ਪਾਬੰਦੀ ਨੂੰ ਮੁਕੰਮਲ ਤੌਰ ਉਤੇ ਲਾਗੂ ਕਰਵਾਉਣ ਅਤੇ ਦੁਕਾਨਾਂ ਸਮੇਤ ਚਾਈਨਾਂ ਡੋਰ ਦਾ ਭੰਡਾਰ ਕਰਨ ਵਾਲੇ ਵਿਅਕਤੀਆਂ ਖਿਲਾਫ ਸਖਤ ਕਾਰਵਾਈ ਕਰਨ। ਪੂਜਾ ਸਿਆਲ ਗਰੇਵਾਲ ਨੇ ਕਾਰਜ ਸਾਧਕ ਅਫ਼ਸਰਾਂ ਨੂੰ ਕਿਹਾ ਕਿ ਉਹ ਟੀਮਾਂ ਦਾ ਗਠਨ ਕਰਕੇ ਚਾਇਨਾ ਡੋਰ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇ ਅਤੇ ਨਾਲ ਹੀ ਜ਼ਿਲ੍ਹੇ ਵਿੱਚ ਜਿਥੇ ਵੀ ਪਤੰਗ ਬਾਜ਼ਾਰ ਹਨ ਉਨ੍ਹਾਂ ਥਾਵਾਂ ਉਤੇ ਚਾਈਨਾ ਡੋਰ ਵਿਰੁੱਧ ਧਾਰਾਵਾਂ ਦਾ ਜ਼ਿਕਰ ਕਰਕੇ ਪੋਸਟਰ ਲਗਾਏ ਜਾਣ ਅਤੇ ਸਮੇਂ ਸਮੇਂ ਸਿਰ ਚਾਇਨਾਂ ਡੋਰ ਵੇਚਲ ਵਾਲਿਆਂ ਵਿਰੁੱਧ ਛਾਪੇਮਾਰੀ ਨੂੰ ਯਕੀਨੀ ਬਣਾਇਆ ਜਾਵੇ।

ਉਨ੍ਹਾਂ ਨੇ ਸਮੂਹ ਕਾਰਜ ਸਾਧਕ ਅਫ਼ਸਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਆਪਣੇ ਆਪਣੇ ਖੇਤਰ ਅਧੀਨ ਪੈਂਦੇ ਜਨਤਕ ਥਾਵਾਂ ਤੇ ਕੂੜਾ ਸੁੱਟਣ ਵਾਲਿਆਂ ਵਿਰੁੱਧ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਸਬੰਧਤ ਮੀਟਿੰਗ ਵਿੱਚ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਹੋਰ ਵਿਭਾਗਾਂ ਦਾ ਸਾਥ ਲੈਣ ਲਈ ਸਹਿਯੋਗ ਮੰਗਿਆ ਗਿਆ।

ਮੀਟਿੰਗ ਦੌਰਾਨ ਸ਼ਹਿਰੀ ਖੇਤਰਾਂ ਅਤੇ ਪੇਂਡੂ ਖੇਤਰਾਂ ਵਿੱਚ ਪੈਦਾ ਹੋਣ ਵਾਲੇ ਕੂੜੇ ਦੀ ਸਾਂਭ ਸੰਭਾਲ ਤੋਂ ਇਲਾਵਾ ਪਲਾਸਟਿਕ ਵੇਸਟ ਦੀ ਸਾਂਭ ਸੰਭਾਲ, ਗੰਦੇ ਪਾਣੀ ਦੀ ਟਰੀਟਮੈਂਟ, ਸਿੰਗਲ ਯੂਜ ਪਲਾਸਟਿਕ ਤੇ ਰੋਕਥਾਮ, ਹਵਾ ਪ੍ਰਦੂਸ਼ਣ ਅਤੇ ਹੋਰ ਵਾਤਾਵਰਣ ਦੇ ਮੁਦਿਆ ਬਾਰੇ ਸਬੰਧਤ ਵਿਭਾਗਾਂ ਨਾਲ ਚੱਲ ਰਹੇ ਕੰਮਾਂ ਦੀ ਸਮਿਖਿਆ ਕੀਤੀ ਗਈ।

ਇਸ ਮੌਕੇ ਐਕਸੀਅਨ ਪੰਜਾਬ ਪ੍ਰਦੂਸ਼ਣ ਕੰਟੋਰਲ ਬੋਰਡ ਬੀਰਦਵਿੰਦਰ ਸਿੰਘ, ਐੱਸਡੀਓ ਗੁਰਿੰਦਰਪਾਲ ਸਿੰਘ ਛੀਨਾ, ਡੀ.ਐਸ.ਪੀ ਮੋਹਿਤ ਬਾਂਸਲ ਸਮੇਤ ਜ਼ਿਲ੍ਹੇ ਦੇ ਸਮੂਹ ਬੀ.ਡੀ.ਪੀ.ਓ, ਕਾਰਜਸਾਧਕ ਅਫਸਰ ਅਤੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਪੇਂਡੂ ਸਵੈ ਰੁਜ਼ਗਾਰ ਸੰਸਥਾ ਵਲੋਂ ਪਹਿਲ ਪ੍ਰੋਜੈਕਟ ਤਹਿਤ ਸਿਖਲਾਈ ਸ਼ੁਰੂ




**ਬਠਿੰਡਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੇਂਡੂ ਲੋਕਾਂ ਨੂੰ ਸਵੈ ਰੁਜ਼ਗਾਰ ਸ਼ੁਰੂ ਕਰਨ ਲਈ ਮੁਫ਼ਤ ਸਿਖਲਾਈ ਦੇਣ ਵਾਲੀ ਸਟੇਟ ਬੈਂਕ ਆਫ ਇੰਡੀਆ ਦੀ ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ (ਆਰ.ਸੇਟੀ) ਵਲੋਂ ਪੰਜਾਬ ਸਰਕਾਰ ਦੇ ਮਹੱਤਵਪੂਰਨ ਪਹਿਲ ਪ੍ਰੋਜੈਕਟ ਤਹਿਤ ਪਿੰਡ ਜੰਡਾਂਵਾਲਾ ਵਿਖੇ ਵਿਸ਼ੇਸ਼ ਸਿਖਲਾਈ ਸ਼ੁਰੂ ਕੀਤੀ ਗਈ ਹੈ।ਇਸ ਸਿਖਲਾਈ ਦੇ ਉਦਘਾਟਨੀ ਸਮਾਰੋਹ ਮੌਕੇ ਹਲਕਾ ਵਿਧਾਇਕ ਮਾਸਟਰ ਜਗਸੀਰ ਸਿੰਘ ਬਤੌਰ ਮੁੱਖ ਮਹਿਮਾਨ ਵਜੋਂ ਪੁੱਜੇ। ਇਸ ਮੌਕੇ ਉਨ੍ਹਾਂ ਆਰ.ਸੇਟੀ ਵਲੋਂ ਪਹਿਲ ਪ੍ਰੋਜੈਕਟ ਤਹਿਤ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਹਰ ਸੰਭਵ ਮੱਦਦ ਦੇਣ ਦਾ ਭਰੋਸਾ ਦਿਵਾਇਆ।ਇਸ ਮੌਕੇ ਆਰ.ਸੇਟੀ ਦੇ ਡਾਇਰੈਕਟਰ ਮੈਡਮ ਸੁਚੇਤਾ ਕੁਮਾਰੀ ਦੀ ਅਗਵਾਈ ਵਿੱਚ ਹੋਏ ਇਸ ਸਮਾਗਮ ਵਿੱਚ ਐਸ.ਬੀ.ਆਈ ਦੇ ਏ.ਜੀ ਐੱਮ ਆਸ਼ੂਤੋਸ਼ ਕੁਮਾਰ, ਜ਼ਿਲਾ ਪ੍ਰੋਗਰਾਮ ਮੈਨੇਜਰ ਸੁਖਵਿੰਦਰ ਸਿੰਘ ਚੱਠਾ, ਬਲਾਕ ਪੰਚਾਇਤ ਤੇ ਵਿਕਾਸ ਅਫ਼ਸਰ ਰੁਪਿੰਦਰ ਸਿੰਘ ਬਤੌਰ ਵਿਸ਼ੇਸ਼ ਮਹਿਮਾਨ ਪੁੱਜੇ।ਇਸ ਦੌਰਾਨ ਮੈਡਮ ਸੁਚੇਤਾ ਕੁਮਾਰੀ ਨੇ ਕਿਹਾ ਕਿ ਇਹ ਟ੍ਰੇਨਿੰਗ ਬਿਲਕੁਲ ਮੁਫ਼ਤ ਦਿੱਤੀ ਜਾ ਰਹੀ ਹੈ ਅਤੇ ਟ੍ਰੇਨਿੰਗ ਪ੍ਰਾਪਤ ਕਰਨ ਵਾਲਿਆਂ ਨੂੰ ਸਰਟਫਿਕੇਟ ਵੀ ਜਾਰੀ ਕੀਤੇ ਜਾਣਗੇ।ਇਸ ਦੌਰਾਨ ਆਰ.ਸੇਟੀ ਦੇ ਸੀਨੀਅਰ ਫੈਕਲਟੀ ਸੋਨੀਆ ਚੱਠਾ ਨੇ ਦੱਸਿਆ ਕਿ ਪੰਜਾਬ ਰਾਜ ਦਿਹਾਤੀ ਆਜੀਵਕਾ ਮਿਸ਼ਨ ਦੇ ਪਹਿਲਾ ਪ੍ਰੋਜੈਕਟ ਲਈ ਪਿੰਡਾਂ ਦੀਆਂ 60 ਔਰਤਾਂ ਨੂੰ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਦੀਆਂ ਵਰਦੀਆਂ ਬਣਾਉਣ ਲਈ ਵਿਸ਼ੇਸ਼ ਸਿਖਲਾਈ ਦਿੱਤੀ ਜਾ ਰਹੀ ਹੈ।ਸਿਖਲਾਈ ਪ੍ਰਾਪਤ ਕਰਨ ਤੋਂ ਬਾਅਦ ਸਵੈ ਸਹਾਇਤਾ ਸਮੂਹ ਦੀਆਂ ਔਰਤਾਂ ਆਪਣਾ ਰੋਜ਼ਗਾਰ ਸ਼ੁਰੂ ਕਰਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਆਰਥਿਕ ਪੱਧਰ ਉੱਚਾ ਚੁੱਕ ਸਕਣਗੀਆਂ।ਇਸ ਮੌਕੇ ਬਲਾਕ ਪ੍ਰੋਗਰਾਮ ਮੈਨੇਜਰ ਬਲਜੀਤ ਸਿੰਘ, ਬੋਹੜ ਸਿੰਘ, ਕਲੱਸਟਰ ਕੋਆਰਡੀਨੇਟਰ ਪਰਵੀਨ ਕੁਮਾਰ, ਪਿੰਡ ਦੀ ਪੰਚਾਇਤ ਅਤੇ ਵੱਡੀ ਗਿਣਤੀ ਵਿਚ ਪਿੰਡ ਵਾਸੀ ਆਦਿ ਹਾਜ਼ਰ ਸਨ।

# ਸਾਂਝਾ ਮੁਲਾਜ਼ਮ ਮੰਚ, ਪੂਡਾ ਵੱਲੋਂ ਰਾਮਾਇਣ ਪਾਠ ਦਾ ਭੋਗ ਪਾਇਆ

**ਮੁਹਾਲੀ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਂਝਾ ਮੁਲਾਜ਼ਮ ਮੰਚ, ਪੂਡਾ (ਪੰਜਾਬ ਸ਼ਹਿਰੀ ਯੋਜਨਾ ਅਤੇ ਵਿਕਾਸ ਪ੍ਰਾਧੀਕਰਨ) ਦੀ ਅਗਵਾਈ ਹੇਠ ਗਮਾਡਾ, ਸੀਟੀਪੀ, ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪਿੰਡ ਵਿਕਾਸ ਵਿਭਾਗ ਵੱਲੋਂ ਸੈਕਟਰ-62 ਸਥਿਤ ਪੂਡਾ ਭਵਨ ਵਿੱਚ ਰਾਮਾਇਣ ਪਾਠ ਕਰਵਾਇਆ ਗਿਆ। ਪੂਡਾ ਦੀ ਮੁੱਖ ਪਰਸ਼ਾਸਕ ਨੀਰੂ ਕਤਿਆਲ ਗੁਪਤਾ, ਆਈਏਐਸ ਨੇ ਪਿਛਲੇ ਦਿਨ ਅਰਦਾਸ ਨਾਲ ਪਾਠ ਦਾ ਸ਼ੁਭਾਰੰਭ ਕੀਤਾ। ਰਾਮਾਇਣ ਪਾਠ ਸ਼੍ਰੀ ਹਰਿ ਸੰਕੀਰਤਨ ਮੰਡਲੀ, ਫੇਜ਼-1 ਵੱਲੋਂ ਕੀਤਾ ਗਿਆ ਜਿਸ ਨੇ ਹਾਜ਼ਰੀਨ ਨੂੰ ਸ਼੍ਰੀ ਰਾਮ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਉੱਚ ਅਤੇ ਪਵਿਤਰ ਜੀਵਨ ਜੀਉਣ ਲਈ ਪ੍ਰੇਰਿਤ ਕੀਤਾ। ਅੱਜ ਪਾਠ ਦੇ ਸਮਾਪਨ ਉੱਪਰ ਭੋਗ ਪਾਇਆ ਗਿਆ ਅਤੇ ਲੰਗਰ ਵਰਤਾਇਆ ਗਿਆ।

ਸੰਗਠਨ ਦੇ ਪ੍ਰੈਸ ਸਕੱਤਰ ਅਤੇ ਪੂਡਾ ਦੇ ਵਰਿਸ਼ਟ ਸਹਾਇਕ ਹਰਪਿੰਦਰ ਸਿੰਘ ਨੇ ਦੱਸਿਆ ਕਿ ਇਸ ਮੌਕੇ 'ਤੇ ਗਮਾਡਾ ਦੇ ਮੁੱਖ ਪਰਸ਼ਾਸਕ ਮੁਨੀਸ਼ ਕੁਮਾਰ, ਆਈਏਐਸ, ਵਿੱਤ ਅਤੇ ਖਾਤੇ ਦੇ ਅਤਿਰਿਕਤ ਮੁੱਖ ਪਰਸ਼ਾਸਕ ਬਲਵਿੰਦਰ ਸਿੰਘ, ਆਈਆਰਏਸ, ਪੂਡਾ ਦੀ ਅਤਿਰਿਕਤ ਮੁੱਖ ਪਰਸ਼ਾਸਕ ਇਨਾਇਤ, ਪੀਸੀਐਸ , ਗਮਾਡਾ ਦੇ ਅਤਿਰਿਕਤ ਮੁੱਖ ਪਰਸ਼ਾਸਕ ਸਰਦਾਰ ਅਮਰਿੰਦਰ ਸਿੰਘ ਟਿਵਾਣਾ, ਪੀਸੀਐਸ, ਹਾਊਸਿੰਗ ਦੇ ਮੁੱਖ ਅਫਸਰ ਸ਼ਿਵਰਾਜ ਸਿੰਘ ਬੱਲ, ਪੀਸੀਐਸ ਅਤੇ ਪੂਡਾ-ਗਮਾਡਾ ਦੇ ਮੁੱਖ ਇੰਜੀਨੀਅਰ ਅਨੁਜ ਸਹਿਗਲ ਨੇ ਹਿੱਸਾ ਲਿਆ ਅਤੇ ਪਾਠ ਦਾ ਅਨੰਦ ਮਾਣਿਆ।

ਸਥਾਨਕ ਵਿਧਾਇਕ ਸਰਦਾਰ ਕੁਲਵੰਤ ਸਿੰਘ ਦੀ ਤਬੀਅਤ ਖਰਾਬ ਹੋਣ ਕਾਰਨ ਉਨ੍ਹਾਂ ਦੇ ਨੁਮਾਇੰਦੇ ਨੇ ਹਾਜ਼ਰੀ ਲਗਾਈ। ਇਸ ਤੋਂ ਇਲਾਵਾ, ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰ ਆਭਾ ਬੰਸਲ ਵੀ ਆਪਣੇ ਸਾਥੀਆਂ ਸਮੇਤ ਇਸ ਪਾਠ ਵਿੱਚ ਸ਼ਾਮਲ ਹੋਈ।

ਰਾਮਾਇਣ ਪਾਠ ਦਾ ਆਯੋਜਨ ਸਾਂਝਾ ਮੁਲਾਜ਼ਮ ਮੰਚ, ਪੂਡਾ ਦੇ ਪ੍ਰਧਾਨ ਮਨਜੀਤ ਸਿੰਘ ਅਤੇ ਮਹਾਸਚਿਵ ਮੁਕੇਸ਼ ਕੁਮਾਰ ਦੀ ਅਗਵਾਈ ਹੇਠ ਕੀਤਾ ਗਿਆ। ਵਿਸ਼ੇਸ਼ ਸਹਿਭਾਗੀ ਉਪਸਥਿਤ ਰਹੇ ਮਾਮਲੇ ਦੇ ਮੁੱਖ ਖਾਤਾ ਅਧਿਕਾਰੀ ਮਮਤਾ ਸ਼ਰਮਾ, ਵਿਸ਼ੇਸ਼ ਸਕੱਤਰ ਏਕੇ ਬਾਤਿਸ਼, ਪੀਆਰਓ ਪੰਕਜ ਸ਼ੁਕਲਾ, ਕਾਨੂੰਨੀ ਸਲਾਹਕਾਰ ਵਿਪਿਨ ਜੇਠੀ, ਸੀਨੀਅਰ ਖਾਤਾ ਅਧਿਕਾਰੀ ਸੁਨੀਲ ਅਰੋੜਾ, ਏਡੀਓ ਸਰਲਾ ਦੇਵੀ, ਨਿੱਜੀ ਸਕੱਤਰ ਸਤੀਸ਼ ਕੁਮਾਰ, ਸੁਪਰਿਟੈਂਡੈਂਟ ਸੰਜੀਵ ਕੁਮਾਰ, ਸੀਨੀਅਰ ਸਹਾਇਕ ਪਾਂਡੇ, ਸੁਪਰਿਟੈਂਡੈਂਟ ਇੰਜੀਨੀਅਰ ਵਰੁਣ ਗਰਗ, ਪ੍ਰਸ਼ਾਸਨ ਏਡੀਓ ਮਦਨ, ਏਈਓ ਬਚਿੱਤਰ ਸਿੰਘ, ਏਡੀਓ ਉਮਾ ਕਾਂਤ, ਐਸਡੀਓ ਸਾਹਿਲ ਗਰੋਵਰ, ਰੋਹਿਤ ਕੁਮਾਰ, ਕਰਣ ਸ਼ਰਮਾ, ਡਰਾਈਵਰ ਯੂਨੀਅਨ ਦੇ ਪ੍ਰਧਾਨ ਪ੍ਰਗਟ ਸਿੰਘ, ਮਦਨ, ਸੁਪਰਿਟੈਂਡੈਂਟ ਮਨੋਜ ਸ਼ਰਮਾ, ਸੰਜੇ ਸੂਦ, ਵਰਿੰਦਰ ਸ਼ਰਮਾ, ਅਮਨਦੀਪ ਚੌਧਰੀ, ਪਰਵਿੰਦਰ ਸਿੰਘ, ਹੇਮੰਤ ਸਿੰਗਲਾ, ਬਚਿਤਰ ਸਿੰਘ, ਹਰਪਿੰਦਰ ਸਿੰਘ, ਸੁਨੀਲ ਕੁਮਾਰ, ਵੰਦਨਾ, ਸੁਪਰਿਟੈਂਡੈਂਟ ਮਨਜੀਤ ਕੌਰ, ਦਪੀਂਦਰ ਕੌਰ, ਅਨੀਤਾ, ਨਿਰਮਲਾ ਕੌਰ, ਗਿਰਿਸ਼, ਰਾਜਾ ਰਾਮ, ਸੁਮੇਰ, ਸੁਖਦੇਵ ਸਿੰਘ ਫਿਟਰ, ਚਰਨਜੀਤ ਕੌਰ, ਰਵਿੰਦਰ ਕੌਰ, ਸਾਬਕਾ ਪ੍ਰਧਾਨ ਸਰਦਾਰ ਮਹਿੰਦਰ ਸਿੰਘ ਮਲੋਆ, ਸਾਬਕਾ ਸੀਨੀਅਰ ਪ੍ਰਧਾਨ ਸਰਦਾਰ ਸ਼ਮਸ਼ੇਰ ਸਿੰਘ, ਅਤੇ ਸਾਬਕਾ ਮਹਾਸਚਿਵ ਸਰਦਾਰ ਬਲਵੀਰ ਮਸੀਹ ਆਦਿ ਇਸ ਮੌਕੇ ਤੇ ਮੌਜੂਦ ਰਹੇ।

# ਸਿਹਤ ਵਿਭਾਗ ਵੱਲੋਂ ਸਕੂਲੀ ਵਿਦਿਆਰਥੀਆਂ ਅਤੇ ਬਜ਼ੁਰਗਾਂ ਲਈ ਵੰਡੀਆਂ ਗਈਆਂ ਮੁਫਤ ਐਨਕਾਂ: ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ



**ਤਰਨ ਤਾਰਨ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲਾ ਤਰਨ ਤਾਰਨ ਦੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆ ਜ਼ਿਲਾ ਹਸਪਤਾਲ ਤਰਨ ਤਾਰਨ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸਰਬਜੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਬਲਾਕਾਂ ਵਿੱਚ ਪੜਦੇ ਸਕੂਲੀ ਵਿਦਿਆਰਥੀਆਂ ਅਤੇ ਬਜ਼ੁਰਗਾਂ ਲਈ ਸਿਹਤ ਵਿਭਾਗ ਵੱਲੋਂ ਜਾਂਚ ਉਪਰੰਤ ਬਣਾਈਆਂ ਗਈਆਂ ਮੁਫਤ ਐਨਕਾਂ ਨੂੰ ਮੰਗਲਵਾਰ ਨੂੰ ਬਲਾਕਾਂ ਦੇ ਅਪਥਾਲਮਿਕ ਅਫਸਰਾਂ ਵਿੱਚ ਵੰਡਿਆ ਗਿਆ। ਇਸ ਮੌਕੇ ਐਨਪੀਸੀਬੀ ਪ੍ਰੋਗਰਾਮ ਦੇ ਨੋਡਲ ਅਫਸਰ ਡਾਕਟਰ ਨਵਨੀਤ ਸਿੰਘ ਵੀ ਮੌਜੂਦ ਰਹੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹੇ ਦੇ ਸਿਵਿਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿਚ ਪੜਦੇ ਜਿਹੜੇ ਵੀ ਵਿਦਿਆਰਥੀਆਂ ਦੀਆਂ ਅੱਖਾਂ ਵਿੱਚ ਦੂਰ ਅਤੇ ਨੇੜੇ ਦੀ ਨਿਗਾਹ ਸਬੰਧੀ ਸਮੱਸਿਆ ਪਾਈ ਜਾਂਦੀ ਹੈ ਤਾਂ ਉਹਨਾਂ ਵਿਦਿਆਰਥੀਆਂ ਨੂੰ ਵਿਭਾਗ ਵੱਲੋਂ ਬਿਲਕੁਲ ਮੁਫਤ ਐਨਕਾਂ ਤਿਆਰ ਕਰਕੇ ਦਿੱਤੀਆਂ ਜਾਂਦੀਆਂ ਹਨਉਹਨਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ 365 ਐਨਕਾਂ ਨੂੰ ਤਿਆਰ ਕਰਵਾ ਕੇ ਅਪਥਾਲਮਿਕ ਅਫਸਰਾਂ ਦੇ ਵਿੱਚ ਵੰਡਿਆ ਗਿਆ ਹੈ ਜਿਨਾਂ ਵੱਲੋਂ ਆਪਣੇ ਆਪਣੇ ਬਲਾਕਾਂ ਦੇ ਸਕੂਲਾਂ ਦੇ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਐਨਕਾਂ ਦਿੱਤੀਆਂ ਜਾਣਗੀਆਂ। ਸਿਵਲ ਸਰਜਨ ਡਾਕਟਰ ਰਾਏ ਨੇ ਦੱਸਿਆ ਕਿ ਸਕੂਲੀ ਵਿਦਿਆਰਥੀਆਂ ਤੋਂ ਇਲਾਵਾ ਜਿਹੜੇ ਬਜ਼ੁਰਗ ਵਿਅਕਤੀਆਂ ਵੱਲੋਂ ਸਿਹਤ ਕੇਂਦਰਾਂ ਵਿਖੇ ਆ ਕੇ ਅੱਖਾਂ ਦੀ ਜਾਂਚ ਕਰਵਾਈ ਗਈ ਅਤੇ ਜਿਨਾਂ ਦੀ ਨਿਗਾਹ ਨੂੰ ਲੈ ਕੇ ਸਮੱਸਿਆ ਪਾਈ ਗਈ ਉਹਨਾਂ ਨੂੰ ਵੀ ਵਿਭਾਗ ਵੱਲੋਂ ਮੁਫਤ ਐਨਕਾਂ ਦਿੱਤੀਆਂ ਜਾਣਗੀਆਂਵਿਦਿਆਰਥੀਆਂ ਨੂੰ ਸਲਾਹ ਦਿੰਦਿਆਂ ਸਿਵਲ ਸਰਜਨ ਡਾਕਟਰ ਰਾਏ ਨੇ ਸਕੂਲੀ ਜੀਵਨ ਦੌਰਾਨ ਨਜ਼ਰ ਦਾ ਬਿਲਕੁਲ ਸਹੀ ਰਹਿਣੀ ਚਾਹੀਦੀ ਹੈ ਅਤੇ ਵਿਦਿਆਰਥੀਆਂ ਨੂੰ ਨਜ਼ਰ ਕਾਇਮ ਰੱਖਣ ਲਈ ਲੋੜੀਂਦੀ ਕਸਰਤ ਕਰਨੀ ਚਾਹੀਦੀ ਹੈ । ਉਹਨਾਂ ਕਿਹਾ ਕਿ ਬੱਚਿਆਂ ਨੂੰ ਬਹੁਤਾ ਜ਼ਿਆਦਾ ਸਮਾਂ ਮੋਬਾਈਲ ਫੋਨਾਂ ਅਤੇ ਕੰਪਿਊਟਰ ਤੇ ਨਹੀਂ ਬਿਤਾਉਣਾ ਚਾਹੀਦਾ ਕਿਉਂਕਿ ਇਸ ਦਾ ਸਿੱਧਾ ਪ੍ਰਭਾਵ ਨਜ਼ਰ ਉੱਤੇ ਪੈਂਦਾ ਹੈ ਅਤੇ ਇਹੀ ਕਾਰਨ ਹੈ ਕਿ ਅੱਜ ਕੱਲ੍ਹ ਨੌਜਵਾਨ ਪੀੜ੍ਹੀ ਦੀਆਂ ਨਜ਼ਰ ਸਬੰਧੀ ਸਮੱਸਿਆਵਾਂ ਦੇ ਵਿੱਚ ਕਾਫੀ ਵਾਧਾ ਹੋਇਆ ਹੈ ।ਸੀਨੀਅਰ ਮੈਡੀਕਲ ਅਫਸਰ ਡਾਕਟਰ ਸਰਬਜੀਤ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਜ਼ਿਲਾਂ ਹਸਪਤਾਲ ਵਿਖੇ ਜਿੱਥੇ ਅੱਖਾਂ ਦੀ ਜਾਂਚ ਕੀਤੀ ਜਾਂਦੀ ਹੈ ਉੱਥੇ ਨਾਲ ਹੀ ਮਾਹਿਰ ਡਾਕਟਰਾਂ ਵੱਲੋਂ ਅੱਖਾਂ ਦੇ ਆਪਰੇਸ਼ਨ ਵੀ ਬਿਲਕੁਲ ਮੁਫਤ ਕੀਤੇ ਜਾਂਦੇ ਹਨ। ਨੋਡਲ ਅਫਸਰ ਡਾਕਟਰ ਨਵਨੀਤ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਅੱਖਾਂ ਦੇ ਤੰਦਰੁਸਤੀ ਲਈ ਹਰ ਮਹੀਨੇ ਜਾਂਚ ਕੈਂਪ ਲਗਾਈ ਜਾਂਦੇ ਹਨ ਜਿੱਥੇ ਅਪਥਾਲਮਿਕ ਅਫਸਰਾਂ ਵੱਲੋਂ ਸਕੂਲੀ ਵਿਦਿਆਰਥੀਆਂ ਦੀਆਂ ਅੱਖਾਂ ਦੀ ਜਾਂਚ ਬਰੀਕੀ ਨਾਲ ਕੀਤੀ ਜਾਂਦੀ ਹੈ।

# ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੇਂਦਰੀ ਜੇਲ੍ਹ ਦੀ ਜਾਂਚ

**ਲੁਧਿਆਣਾ, 3 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀਮਤੀ ਹਰਪ੍ਰੀਤ ਕੌਰ ਰੰਧਾਵਾ ਨੇ ਅੱਜ ਕੇਂਦਰੀ ਜੇਲ੍ਹ ਦੀ ਜਾਂਚ ਕੀਤੀ ਅਤੇ ਬੋਰਸਟਲ ਜੇਲ੍ਹ ਅਤੇ ਜਨਾਨਾ ਜੇਲ੍ਹ ਦੀ ਹਰੇਕ ਬੈਰਕ ਵਿੱਚ ਜਾ ਕੇ ਹਵਾਲਾਤੀਆਂ ਤੇ ਕੈਦੀਆਂ ਨੂੰ ਦਰਪੇਸ਼ ਸਮੱਸਿਆਵਾਂ ਸੁਣੀਆਂ।

ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਕੇਂਦਰੀ ਜੇਲ੍ਹ ਦੇ ਹਸਪਤਾਲ ਵਿੱਚ ਦਾਖਲ ਹਰੇਕ ਮਰੀਜ਼ ਨਾਲ ਵੱਖਰੇ-ਵੱਖਰੇ ਤੌਰ 'ਤੇ ਗੱਲਬਾਤ ਕੀਤੀ ਤੇ ਇਲਾਜ ਵਿੱਚ ਪੇਸ਼ ਆ ਰਹੀਆਂ ਦਿੱਕਤਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕੇਂਦਰੀ ਜੇਲ੍ਹ ਵਿੱਚ ਤਾਇਨਾਤ ਡਾਕਟਰਾਂ ਨੂੰ ਹਸਪਤਾਲ ਵਿੱਚ ਦਾਖਲ ਮਰੀਜ਼ਾਂ ਨੂੰ ਡਾਕਟਰੀ ਇਲਾਜ਼ ਵਿੱਚ ਪੇਸ਼ ਆ ਰਹੀਆਂ ਦਿੱਕਤਾਂ ਦਾ ਹਰ ਸੰਭਵ ਯਤਨ ਤੁਰੰਤ ਕੀਤੇ ਜਾਣ ਦੇ ਹੁਕਮ ਜਾਰੀ ਕੀਤੇ। ਉਨ੍ਹਾਂ ਜੇਲ੍ਹ ਦੇ ਲੰਗਰ ਹਾਲ ਦਾ ਵਿਸ਼ੇਸ਼ ਤੌਰ 'ਤੇ ਨਿਰੀਖਣ ਕੀਤਾ ਤੇ ਖਾਣੇ ਲਈ ਪਰੋਸੀਆਂ ਜਾ ਰਹੀਆਂ ਵਸਤਾਂ ਦੀ ਵੀ ਜਾਂਚ ਕੀਤੀ।

# ਜਲਦ ਸ਼ੁਰੂ ਹੋ ਜਾਣਗੀਆਂ ਹਲਵਾਰਾ ਹਵਾਈ ਅੱਡੇ ਤੋਂ ਉਡਾਣਾਂ, ਅਧਿਕਾਰੀਆਂ ਨੇ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਏਜੰਸੀਆਂ**

ਹਲਵਾਰਾ 3 ਫਰਵਰੀ। ਨਜਦੀਕੀ ਪਿੰਡ ਐਤੀਆਨਾ ਵਿਖੇ ਬਣ ਕੇ ਤਿਆਰ ਅੰਤਰਰਾਸਟਰੀ ਏਅਰਪੋਰਟ ਹਲਵਾਰਾ ਤੋਂ ਉਡਾਣਾਂ ਸ਼ੁਰੂ ਕਰਨ ਬਾਰੇ ਸਰਗਰਮੀ ਵਧ ਗਈ ਹੈ। ਵੀਰਵਾਰ ਨੂੰ ਏਅਰਪੋਰਟ ਅਥਾਰਟੀ ਆਫ ਇੰਡੀਆ ਤੋਂ ਗੁਰੂ ਰਾਮਦਾਸ



ਅੰਤਰਰਾਸਟਰੀ ਹਵਾਈ ਅੱਡਾ ਅੰਮ੍ਰਿਤਸਰ ਦੇ ਸੀ.ਈ.ਓ. ਦੀਪਕ ਚੌਧਰੀ, ਸਾਹਨੇਵਾਲ ਅਤੇ ਹਲਵਾਰਾ ਹਵਾਈ ਅੱਡੇ ਦੇ ਸੀ.ਈ.ਓ. ਪੰਕਜ ਕੁਮਾਰ, ਪੀ.ਡਬਲਯੂ.ਡੀ. ਦੇ ਐੱਸ.ਈ. ਅਮਿਤ ਕੁਮਾਰ, ਕਾਰਜਕਾਰੀ ਪ੍ਰਦੀਪ ਕੁਮਾਰ, ਆਈ.ਬੀ. ਅਧਿਕਾਰੀ ਸੁਭਮ ਕੁਮਾਰ ਅਤੇ ਤੀਜੀ ਆਈ.ਆਰ.ਬੀ. ਦੇ ਐੱਸ.ਪੀ. ਨਰੇਸ ਡੋਗਰਾ ਨੇ ਆਪਣੀਆਂ ਟੀਮਾਂ ਨਾਲ ਹਲਵਾਰਾ ਹਵਾਈ ਅੱਡੇ ਦਾ ਦੌਰਾ ਕੀਤਾ ਅਤੇ ਸੁਰੱਖਿਆ ਮਿਆਰਾਂ ਦੀ ਜਾਂਚ ਕੀਤੀ। ਹਵਾਈ ਅੱਡੇ ਦੀ ਸੁਰੱਖਿਆ ਦੇ ਇੰਚਾਰਜ ਐੱਸ.ਪੀ. ਨਰੇਸ ਡੋਗਰਾ ਨੇ ਕਿਹਾ ਕਿ ਹਵਾਈ ਅੱਡੇ ਦੇ ਸਾਰੇ ਸੰਵੇਦਨਸੀਲ ਸਥਾਨਾਂ ਦਾ ਜਾਇਜ਼ਾ ਲਿਆ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ ਸਾਰੀਆਂ ਥਾਵਾਂ 'ਤੇ ਸੁਰੱਖਿਆ ਬਲ ਤਾਇਨਾਤ ਕੀਤੇ ਜਾਣਗੇ। ਇਸ ਵੇਲੇ ਹਵਾਈ ਅੱਡੇ 'ਤੇ ਪੰਜਾਬ ਪੁਲਸ ਦੇ ਇੱਕ ਅਧਿਕਾਰੀ ਸਮੇਤ 4 ਕਰਮਚਾਰੀ ਸੁਰੱਖਿਆ ਪ੍ਰਦਾਨ ਕਰ ਰਹੇ ਹਨ, ਜਿਨ੍ਹਾਂ ਦੀ ਗਿਣਤੀ ਵਧਾਈ ਜਾਵੇਗੀ ਤੇ ਹੁਣ ਤੋਂ ਹਵਾਈ ਅੱਡੇ ਦੇ ਅੰਦਰ ਕਿਸੇ ਵੀ ਨਿੱਜੀ ਵਾਹਨ ਦੇ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ, ਜਿਸ ਲਈ ਢੁਕਵੇਂ ਚੇਤਾਵਨੀ ਬੋਰਡ ਲਗਾਏ ਜਾ ਰਹੇ ਹਨ। ਏਅਰਪੋਰਟ ਅਥਾਰਟੀ ਆਫ ਇੰਡੀਆ ਦੇ ਅਧਿਕਾਰੀਆਂ ਦੀਪਕ ਚੌਧਰੀ ਅਤੇ ਪੰਕਜ ਕੁਮਾਰ ਨੇ ਕਿਹਾ ਕਿ ਟੈਕਸੀ ਏ, ਟੈਕਸੀ ਡੀ ਅਤੇ ਨਵੀਂ ਲਿੰਕ ਟੈਕਸੀ ਤਿਆਰ ਹਨ ਅਤੇ ਭਾਰਤੀ ਹਵਾਈ ਸੈਨਾ ਸਟੇਸਨ ਹਲਵਾਰਾ ਵਿਖੇ ਰਨਵੇਅ ਦੇ ਵਿਸਥਾਰ ਅਤੇ ਓਵਰਲੇਇੰਗ ਦਾ ਕੰਮ ਤੇਜ ਰਫਤਾਰ ਨਾਲ ਚੱਲ ਰਿਹਾ ਹੈ, ਜਿਸ ਦੀ ਆਖਰੀ ਮਿਤੀ 31 ਮਾਰਚ ਹੈ। ਪੀ.ਡਬਲਯੂ.ਡੀ. ਅਧਿਕਾਰੀਆਂ ਅਮਿਤ ਕੁਮਾਰ ਅਤੇ ਪ੍ਰਦੀਪ ਕੁਮਾਰ ਨੇ ਕਿਹਾ ਕਿ ਟਰਮੀਨਲ ਅਤੇ ਹੋਰ ਸਾਰੇ ਕੰਮ ਪੂਰੇ ਹੋ ਗਏ ਹਨ ਅਤੇ ਸਿਵਲ ਹਵਾਈ ਅੱਡੇ ਅਤੇ ਭਾਰਤੀ ਹਵਾਈ ਸੈਨਾ ਸਟੇਸਨ ਹਲਵਾਰਾ ਵਿਚਕਾਰ ਕੰਧ ਤੋੜਨ ਦੀ ਇਜਾਜਤ ਲਈ ਇੱਕ ਪੱਤਰ ਲਿਖਿਆ ਗਿਆ ਹੈ। ਜਿਵੇਂ ਹੀ ਪ੍ਰਵਾਨਗੀ ਮਿਲ ਜਾਵੇਗੀ, ਕੰਧ ਨੂੰ ਤੋੜ ਦਿੱਤਾ ਜਾਵੇਗਾ ਅਤੇ ਇੱਕ ਹਫਤੇ ਜਾਂ ਦਸ ਦਿਨਾਂ ਦੇ ਅੰਦਰ ਰਨਵੇਅ ਸੰਪਰਕ ਸਥਾਪਤ ਕਰ ਦਿੱਤਾ ਜਾਵੇਗਾ।

# ਪੰਜਾਬ ਸਰਕਾਰ ਵੱਲੋਂ 36 ਸਕੂਲ ਪ੍ਰਿੰਸੀਪਲਾਂ ਦਾ 7ਵਾਂ ਬੈਚ ਟਰੇਨਿੰਗ ਲਈ ਭੇਜਿਆ ਜਾਵੇਗਾ ਸਿੰਗਾਪੁਰ

**ਸਰਦੂਲ ਸਿੰਘ**

ਚੰਡੀਗੜ੍ਹ 3 ਫਰਵਰੀ। ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸੂਬੇ ਵਿੱਚ ਸਕੂਲੀ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵੱਲੋਂ 36 ਸਕੂਲ ਪ੍ਰਿੰਸੀਪਲਾਂ ਨੂੰ ਪੰਜ-ਰੋਜ਼ਾ ਸਿਖਲਾਈ ਲਈ ਸਿੰਗਾਪੁਰ ਭੇਜਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਲੀਡਰਸ਼ਿਪ ਡਿਵੈੱਲਪਮੈਂਟ ਪ੍ਰੋਗਰਾਮ ਤਹਿਤ ਹੁਣ ਤੱਕ ਪੰਜਾਬ ਦੇ 198 ਪ੍ਰਿੰਸੀਪਲ ਅਤੇ ਸਿੱਖਿਆ ਅਧਿਕਾਰੀ ਸਿੰਗਾਪੁਰ ਦੀ ਪ੍ਰਿੰਸੀਪਲਜ਼ ਅਕੈਡਮੀ ਤੋਂ ਸਿਖਲਾਈ ਲੈ ਚੁੱਕੇ ਹਨ। ਇਸ ਪ੍ਰੋਗਰਾਮ ਤਹਿਤ ਹੁਣ 36 ਸਕੂਲ ਪ੍ਰਿੰਸੀਪਲਾਂ ਦਾ 7ਵਾਂ ਬੈਚ ਇਸ ਸਾਲ ਮਾਰਚ ਵਿੱਚ ਸਿੰਗਾਪੁਰ ਭੇਜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਿੱਖਿਆ ਵਿਭਾਗ ਵਿੱਚ ਵੱਖ-ਵੱਖ ਪੱਧਰਾਂ 'ਤੇ ਕੰਮ ਕਰ ਰਹੇ ਅਧਿਆਪਕਾਂ, ਸਕੂਲ ਮੁਖੀਆਂ ਅਤੇ ਸਕੂਲ ਸਿੱਖਿਆ ਪ੍ਰਬੰਧਕਾਂ ਨੂੰ ਅੰਤਰਰਾਸ਼ਟਰੀ ਪੱਧਰ ਦੀ ਸਿਖਲਾਈ ਪ੍ਰਦਾਨ ਕਰਨ ਲਈ ਸਟੇਟ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ?ਰੇਨਿੰਗ (ਐੱਸ. ਸੀ. ਈ. ਆਰ. ਟੀ.) ਵਿਖੇ ਇਕ ÷ਇੰਟਰਨੈਸ਼ਨਲ ਐਜੂਕੇਸ਼ਨ ਅਫੇਅਰਜ਼ ਸੈੱਲ (ਆਈ. ਈ. ਏ. ਸੀ.)÷ ਸਥਾਪਤ ਕੀਤਾ ਗਿਆ ਹੈ। ਇਸ ਟ?ਰੇਨਿੰਗ ਲਈ ਯੋਗਤਾ ਮਾਪਦੰਡਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸਕੂਲ ਸਿੱਖਿਆ ਮੰਤਰੀ ਨੇ ਦੱਸਿਆ ਕਿ ਉਮੀਦਵਾਰਾਂ ਦੀ ਉਮਰ 31 ਜਨਵਰੀ 2025 ਤੱਕ 53 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ ਅਤੇ ਉਨ੍ਹਾਂ ਕੋਲ ਘੱਟੋ-ਘੱਟ ਸਤੰਬਰ 2025 ਤੱਕ ਵੈਧ ਭਾਰਤੀ ਪਾਸਪੋਰਟ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਮੀਦਵਾਰ ਦੇ ਖ਼?ਲਾਫ਼ ਕੋਈ ਚਾਰਜਸ਼ੀਟ, ਜਾਂਚ ਜਾਂ ਅਪਰਾਧਿਕ ਕੇਸ ਲੰਬਿਤ ਨਹੀਂ



ਹੋਣਾ ਚਾਹੀਦਾ। ਇਹਨਾਂ ਮੁਢਲੀਆਂ ਸ਼ਰਤਾਂ ਨੂੰ ਪੂਰਾ ਕਰਨ ਵਾਲੇ ਸਾਰੇ ਉਮੀਦਵਾਰ ਦੂਜੇ ਗੇੜ ਵਿੱਚ ਸ਼ਾਮਲ ਹੋਣਗੇ, ਜਿੱਥੇ ਉਨ੍ਹਾਂ ਦੀ ਚੋਣ ਮੈਰਿਟ ਦੇ ਆਧਾਰ 'ਤੇ ਕੀਤੀ ਜਾਵੇਗੀ, ਜੋ ਵਿਦਿਅਕ ਯੋਗਤਾ, ਤਜ਼ਰਬੇ, ਏ.ਸੀ.ਆਰ. ਅਤੇ ਐਵਾਰਡਾਂ ਦੇ ਆਧਾਰ 'ਤੇ ਹੋਵੇਗੀ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪ੍ਰਿੰਸੀਪਲਾਂ ਲਈ ਸਿੰਗਾਪੁਰ ਦਾ ਦੌਰਾ ਉਨ੍ਹਾਂ ਨੂੰ ਇਕ ਵਿਆਪਕ ਸਿਖਲਾਈ ਅਨੁਭਵ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ, ਜੋ ਉਨ੍ਹਾਂ ਦੇ ਲੀਡਰਸ਼ਿਪ ਅਤੇ ਵਿੱਦਿਅਕ ਹੁਨਰਾਂ ਵਿੱਚ ਵਾਧਾ ਕਰਨ 'ਤੇ ਕੇਂਦਰਿਤ ਹੈ। ਉਨ੍ਹਾਂ ਕਿਹਾ ਕਿ ਸਿੰਗਾਪੁਰ ਵਿੱਚ ਆਪਣੇ ਦੌਰੇ ਦੌਰਾਨ, ਉਹ ਵੱਖ-ਵੱਖ ਵਰਕਸ਼ਾਪਾਂ, ਸੈਮੀਨਾਰਾਂ ਅਤੇ ਗਤੀਵਿਧੀਆਂ ਵਿੱਚ ਹਿੱਸਾ ਲੈਣਗੇ ਜੋ ਉਹਨਾਂ ਨੂੰ ਸਿੰਗਾਪੁਰ ਦੇ ਸਕੂਲਾਂ ਵਿੱਚ ਆਪਣਾਈਆਂ ਜਾਣ ਵਾਲੀਆਂ ਉੱਨਤ ਅਧਿਆਪਨ ਤਕਨੀਕਾਂ ਅਤੇ ਵਿਦਿਅਕ ਅਭਿਆਸਾਂ ਦੀ ਜਾਣਕਾਰੀ ਪ੍ਰਦਾਨ ਕਰਨਗੇ। ਹਰਜੋਤ ਬੈਂਸ ਨੇ ਕਿਹਾ ਕਿ ਇਹ ਦੌਰਾ ਪ੍ਰਿੰਸੀਪਲਾਂ ਨੂੰ ਨਿਰੰਤਰ ਸਿੱਖਣ ਅਤੇ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਲਈ ਉਤਸ਼ਾਹਤ ਕਰੇਗਾ, ਜਿਸ ਨਾਲ ਉਹ ਆਪਣੇ ਸਕੂਲਾਂ ਵਿੱਚ ਨਵੀਨਤਾਕਾਰੀ ਵਿਧੀਆਂ ਅਤੇ ਰਣਨੀਤੀਆਂ ਨੂੰ ਅਪਣਾ ਸਕਦੇ ਹਨ। ਉਨ੍ਹਾਂ ਕਿਹਾ ਕਿ ਆਪਣੇ ਤਜ਼ਰਬਿਆਂ ਅਤੇ ਵਿਚਾਰਾਂ ਨੂੰ ਸਾਂਝਾ ਕਰਕੇ ਉਹ ਸੂਬੇ ਦੇ ਸਕੂਲਾਂ ਵਿੱਚ ਸਿੱਖਣ ਦੇ ਇਕ ਸਹਿਯੋਗੀ ਮਾਹੌਲ ਨੂੰ ਸਿਰਜਣ ਵਿੱਚ ਮਦਦ ਕਰਨਗੇ। ਇਸ ਨਾਲ ਪ੍ਰਣਾਲੀਗਤ ਪ੍ਰਭਾਵ ਪਵੇਗਾ ਅਤੇ ਸਕੂਲਾਂ ਵਿੱਚ ਅੰਤਰ-ਸਿਖਲਾਈ, ਉੱਚ ਪ੍ਰੇਰਣਾ ਅਤੇ ਅਧਿਆਪਨ-ਸਿਖਲਾਈ ਪ੍ਰਕਿਰਿਆਵਾਂ ਵਿੱਚ ਵੀ ਸੁਧਾਰ ਹੋਵੇਗਾ।

## ਹੁਣ ਪ੍ਰਾਈਵੇਟ ਸਕੂਲਾਂ 'ਚ ਮੁਫਤ ਪੜ੍ਹਨਗੇ ਵਿਦਿਆਰਥੀ, ਸਰਕਾਰ ਨੇ ਕੀਤਾ ਐਲਾਨ

ਚੰਡੀਗੜ੍ਹ 3 ਫਰਵਰੀ। ਹੁਣ ਪ੍ਰਾਈਵੇਟ ਸਕੂਲਾਂ 'ਚ ਪੜ੍ਹਨ ਵਾਲੇ ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ 'ਚ ਕਿਸੇ ਤਰ੍ਹਾਂ ਦਾ ਰੁਕਾਵਟ ਨਹੀਂ ਆਵੇਗੀ। ਇਸ ਲਈ ਸਰਕਾਰ ਨੇ 134ਏ ਤਹਿਤ 1,555 ਪ੍ਰਾਈਵੇਟ ਸਕੂਲਾਂ ਦੀ ਜਮਾਤ ਦੂਜੀ ਤੋਂ 8ਵੀਂ ਤੱਕ ਦੇ ਵਿਦਿਆਰਥੀਆਂ ਲਈ ਫੀਸ ਦੀ ਅਦਾਇਗੀ ਦੀ ਰਕਮ 33.545 ਕਰੋੜ ਰੁਪਏ ਜਾਰੀ ਕਰ ਦਿੱਤੀ ਹੈ। ਇਹ ਫੈਸਲਾ ਹਰਿਆਣਾ ਦੀ ਨਾਇਬ ਸੈਣੀ ਸਰਕਾਰ ਨੇ ਲਿਆ ਹੈ। ਹਰਿਆਣਾ ਦੇ ਪ੍ਰਾਈਵੇਟ ਸਕੂਲ ਸੰਘ ਨੇ ਸੈਣੀ ਸਰਕਾਰ ਦੇ ਇਸ ਫੈਸਲੇ ਦਾ ਸੁਆਗਤ ਕੀਤਾ ਹੈ। ਇਸ ਦੇ ਨਾਲ ਹੀ ਜਮਾਤ 9ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀਆਂ ਲਈ ਵੀ ਫੰਡ ਦੇਣ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ' ਹਰਿਆਣਾ' ਅਤੇ ਰਾਸਟਰੀ ਸਿੱਖਿਆ ਨੀਤੀ ( 2020) ਤਹਿਤ ਹਰਿਆਣਾ ਸਰਕਾਰ ਵੱਲੋਂ ਕੀਤੇ ਗਏ ਯਤਨਾਂ ਨੇ ਸੂਬੇ ਨੂੰ ਸਿੱਖਿਆ ਦੇ ਖੇਤਰ ਵਿਚ ਮੋਹਰੀ ਬਣਾਇਆ ਹੈ। ਸਰਕਾਰ ਦੀ ਦੂਰਅੰਦੇਸੀ ਅਤੇ ਨਿਰੰਤਰ ਯਤਨਾਂ ਸਦਕਾ, ਹਰਿਆਣਾ ਹੁਣ ਸਿੱਖਿਆ ਦੇ ਖੇਤਰ ਵਿੱਚ ਪੂਰੇ ਦੇਸ ਲਈ ਪ੍ਰੇਰਨਾ ਸਰੋਤ ਬਣ ਗਿਆ ਹੈ। ਇਹ ਯਤਨ ਜਾਰੀ ਰਹਿਣਗੇ। ਤਾਂ ਜੋ ਰਾਜ ਦਾ ਹਰ ਬੱਚਾ ਮਿਆਰੀ ਸਿੱਖਿਆ ਪ੍ਰਾਪਤ ਕਰ ਸਕੇ ਅਤੇ ਹਰਿਆਣਾ



ਸਿੱਖਿਆ ਦੇ ਖੇਤਰ ਵਿੱਚ ਨਵੇਂ ਰਿਕਾਰਡ ਕਾਇਮ ਕਰਦਾ ਰਹੇ। ਹਰਿਆਣਾ ਸਰਕਾਰ ਨੇ ਸਿੱਖਿਆ ਦੇ ਖੇਤਰ 'ਚ ਸੁਧਾਰ ਲਈ ਕਈ ਠੋਸ ਕਦਮ ਚੁੱਕੇ ਹਨ। ਇਸ ਤਹਿਤ ਹਰੇਕ ਅਧਿਆਪਕ ਨੂੰ ਅਕਾਦਮਿਕ ਸਾਲ 2024-25 'ਚ ਘੱਟੋ-ਘੱਟ 15-16 ਦਿਨਾਂ ਲਈ ਵਿਸੇਸ ਸਿਖਲਾਈ ਦਿੱਤੀ ਗਈ ਸੀ। ਸਾਰੇ ਸਕੂਲਾਂ ਦੀ ਨਿਯਮਿਤ ਤੌਰ 'ਤੇ ਨਿਗਰਾਨੀ ਕੀਤੀ ਜਾਂਦੀ ਸੀ। ਜਿਸ ਕਾਰਨ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਬਿਹਤਰ ਮਾਰਗਦਰਸਨ ਮਿਲਿਆ। ਡਿਜੀਟਲ ਤਕਨਾਲੋਜੀਆਂ, ਮੋਬਾਈਲ ਐਪਸ ਅਤੇ ਆਨਲਾਈਨ ਡੈਸਬੋਰਡਾਂ ਦੀ ਵਰਤੋਂ ਕਰਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਪ੍ਰਗਤੀ ਨੂੰ ਟਰੈਕ ਕੀਤਾ ਗਿਆ। ਇਸ ਦੇ ਨਾਲ ਅਕਾਦਮਿਕ ਸੈਸਨ 2024-25 ਲਈ ਸਾਰੀਆਂ ਜਮਾਤਾਂ ਲਈ ਅਕਾਦਮਿਕ ਸਮੱਗਰੀ ਦੀ ਵੰਡ ਅਪ੍ਰੈਲ-ਮਈ 2024 ਵਿਚ ਸਮੇਂ ਸਿਰ ਸਫਲਤਾਪੂਰਵਕ ਪੂਰੀ ਹੋ ਗਈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਿੱਖਿਆ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ ਕਿਉਂਕਿ ਇਹ ਸੂਬੇ ਦੇ ਸਮੁੱਚੇ ਵਿਕਾਸ ਅਤੇ ਉੱਜਵਲ ਭਵਿੱਖ ਦੀ ਨੀਂਹ ਰੱਖਦੀ ਹੈ। ਉਨ੍ਹਾਂ ਕਿਹਾ ਕਿ ਹਰ ਬੱਚੇ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਇਸ ਲਈ ਸਾਰੇ ਲੋੜੀਂਦੇ ਸਰੋਤ, ਸਹੂਲਤਾਂ ਅਤੇ ਨੀਤੀਗਤ ਸੁਧਾਰ ਕੀਤੇ ਜਾ ਰਹੇ ਹਨ। ਸਰਕਾਰ ਦਾ ਉਦੇਸ ਹੈ ਕਿ ਹਰਿਆਣਾ ਦਾ ਹਰ ਵਿਦਿਆਰਥੀ ਨਾ ਸਿਰਫ ਅਕਾਦਮਿਕ ਤੌਰ 'ਤੇ ਸਮਰੱਥ ਬਣੇ, ਸਗੋਂ ਵਿਸਵਵਿਆਪੀ ਮੁਕਾਬਲੇ ਲਈ ਵੀ ਤਿਆਰ ਰਹੇ।

### ਦੁਕਾਨ ਤੋਂ ਸਾਮਾਨ ਲੈਣ ਗਈ ਕੁੜੀ ਨੂੰ ਭਜਾ ਕੇ ਲੈ ਗਿਆ ਨੌਜਵਾਨ

ਲੁਧਿਆਣਾ 3 ਫਰਵਰੀ। ਥਾਣਾ ਸਲੇਮ ਟਾਬਰੀ ਦੀ ਪੁਲਸ ਨੇ ਇਕ 17 ਸਾਲਾ ਨਾਬਾਲਗਾ ਨੂੰ ਵਿਆਹ ਦੀ ਨੀਅਤ ਨਾਲ ਘਰੋਂ ਭਜਾ ਕੇ ਲੈ ਜਾਣ ਵਾਲੇ ਮੁਲਜਮ ਦੇ ਖ਼?ਲਾਫ ਮਾਮਲਾ ਦਰਜ ਕੀਤਾ ਹੈ। ਉਕਤ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਥਾਣੇਦਾਰ ਸ਼ਿੰਗਾਰਾ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਪ੍ਰੇਮ ਵਿਹਾਰ ਜੱਸੀਆਂ ਦੇ ਰਹਿਣ ਵਾਲੇ ਪੀੜਤ ਵਿਅਕਤੀ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੀ 17 ਸਾਲਾ ਨਾਬਾਲਗ ਧੀ 27 ਜਨਵਰੀ ਨੂੰ ਘਰੋਂ ਸਾਮਾਨ ਲੈਣ ਦੁਕਾਨ 'ਤੇ ਗਈ ਸੀ। ਪੀੜਤ ਨੇ ਦੱਸਿਆ ਕਿ ਇਸ ਮਗਰੋਂ ਉਸ ਦੀ ਧੀ ਲਾਪਤਾ ਹੋ ਗਈ। ਉਨ੍ਹਾਂ ਨੇ ਆਪਣੀ ਧੀ ਦੀ ਕਾਫੀ ਭਾਲ ਕੀਤੀ ਪਰ ਉਸ ਦਾ ਕੁਝ ਪਤਾ ਨਹੀਂ ਲੱਗ ਸਕਿਆ। ਇਸ ਮਗਰੋਂ ਉਸ ਨੂੰ ਪਤਾ ਲੱਗਿਆ ਕਿ ਦਵਿੰਦਰ ਸਿੰਘ ਪੁੱਤਰ ਲਾਲੀ ਵਾਸੀ ਖਜੂਰ ਚੌਕ ਉਸ ਦੀ ਨਾਬਾਲਗ ਧੀ ਨੂੰ ਵਿਆਹ ਕਰਨ ਦੀ ਨੀਅਤ ਨਾਲ ਭਜਾ ਕੇ ਲੈ ਗਿਆ ਹੈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰਦਿਆਂ ਦਵਿੰਦਰ ਸਿੰਘ ਦੇ ਖ਼?ਲਾਫ ਮਾਮਲਾ ਦਰਜ ਕਰ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਬਾਬਾ ਦੀਪ ਸਿੰਘ ਟਰਸਟ ਦੇ ਚੇਅਰਮੈਨ ਨੂੰ 76ਵੇਂ ਗਣਤੰਤਰ ਦਿਵਸ 'ਤੇ ਮਿਲਿਆ ਅਵਾਰਡ

**ਕਿਸ਼ਨ ਪਾਲ**

ਅੰਮ੍ਰਿਤਸਰ, 3 ਫਰਵਰੀ। ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟਰਸਟ ਦੇ ਚੇਅਰਮੈਨ ਭਾਈ ਅਮਨਦੀਪ ਸਿੰਘ ਜੀ ਬੀਬੀ ਕੌਲਾਂ ਵਾਲਿਆਂ ਨੂੰ ਗੁਰੂ ਨਾਨਕ ਸਟੇਡੀਅਮ ਵਿਖੇ ਕਰਵਾਏ ਗਏ 76ਵੇ ਗਣਤੰਤਰਤਾ ਦਿਵਸ ਮੌਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਭਾਈ ਅਮਨਦੀਪ ਸਿੰਘ ਬੀਬੀ ਕੌਲਾਂ ਵਾਲਿਆਂ ਨੂੰ ਸਿੱਖ ਧਰਮ ਦੇ ਪ੍ਰਸਿੱਧ ਕੀਰਤਨੀਏ ਅਤੇ ਸਮਾਜਿਕ ਖੇਤਰ ਵਿੱਚ ਵਧੀਆ ਸੇਵਾਵਾਂ ਕਰਨ ਲਈ ਡਿਪਟੀ ਕਮਿਸਨਰ ਸਾਕਸੀ ਸਾਹਨੀ ਅਤੇ ਕੈਬਨਿਟ ਮੰਤਰੀ ਸ. ਤਰਨਜੀਤ ਸਿੰਘ ਸੌਂਦ ਵਲੋਂ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਜ਼?ਕਰਯੋਗ ਹੈ ਕਿ ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਦੇ ਸੇਵਾਦਾਰ ਭਾਈ ਅਮਨਦੀਪ ਸਿੰਘ ਵੱਲੋਂ ਪਿਛਲੇ ਕੁਝ ਸਾਲਾਂ ਤੋਂ ਸਮਾਜਿਕ ਅਤੇ ਧਾਰਮਿਕ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ। ਜਿਸ ਵਿਚ ਦਾਤਾ ਬੰਦੀ ਛੋੜ ਪਬਲਿਕ ਸਕੂਲ, ਬਾਬਾ ਦੀਪ ਸਿੰਘ ਹੈਲਥ ਕੇਅਰ ਚੈਰੀਟੇਬਲ



ਹਸਪਤਾਲ, ਵਿਧਵਾ ਬੀਬੀਆਂ ਨੂੰ ਰਾਸਨ ਸੇਵਾ, ਬਜੁਰਗਾਂ ਲਈ ਫਰੀ ਟਿਫਨ ਸੇਵਾ, ਬਾਬੇ ਨਾਨਕ ਦਾ ਲੰਗਰ, ਗੁਰੂ ਬਾਬਾ ਨਾਨਕ ਜੀ ਦੀ ਚਲਦੀ ਫਿਰਦੀ ਰਸੋਈ, ਪੰਛੀਆਂ ਲਈ ਆਦਿ ਕਾਰਜ ਕੀਤੇ ਜਾ ਰਹੇ ਹਨ। ਮੀਡੀਆ ਦੇ ਰੂਬਰੂ ਹੋ ਕੇ ਭਾਈ ਅਮਨਦੀਪ ਸਿੰਘ ਨੇ ਕਿਹਾ ਦਾਸ ਨੂੰ ਬਹੁਤ ਮਾਣ ਅਤੇ ਖੁਸੀ ਮਹਿਸੂਸ ਹੋ ਰਹੀ ਹੈ ਜੋ ਡਿਪਟੀ ਕਮਿਸਨਰ ਸਾਕਸੀ ਸਾਹਨੀ ਅਤੇ ਕੈਬਨਟ ਮੰਤਰੀ ਸ. ਤਰਨਜੀਤ ਸਿੰਘ ਸੌਂਦ ਵਲੋਂ ਸਨਮਾਨਿਤ ਕੀਤਾ ਗਿਆ ਹੈ। ਭਾਈ ਸਾਹਿਬ ਨੇ ਗੁਰੂ ਸਾਹਿਬ, ਮਹਾਂਪੁਰਖਾਂ, ਭਾਈ ਗੁਰਇਕਬਾਲ ਸਿੰਘ ਅਤੇ ਸਾਰੀਆਂ ਸੰਗਤਾਂ ਦਾ ਸੁਕਰਾਨਾ ਕੀਤਾ। ਉਹਨਾਂ ਕਿਹਾ ਗੁਰੂ ਸਾਹਿਬ ਅੱਗੇ ਵਾਸਤੇ ਵੀ ਬੇਅੰਤ ਸੇਵਾਵਾਂ ਲੈਂਦੇ ਰਹਿਣ। ਇਸ ਮੌਕੇ ਜ਼?ਲਾ ਸੈਸਨ ਜੱਜ ਅਮਰਿੰਦਰ ਸਿੰਘ ਗਰੇਵਾਲ, ਵਿਧਾਇਕ ਜੀਵਨ ਜੋਤ ਕੌਰ, ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ, ਵਿਧਾਇਕ ਜਸਬੀਰ ਸਿੰਘ ਸੰਧੂ, ਪੁਲਸ ਕਮਿਸਨਰ, ਸ.ਗੁਰਪ੍ਰੀਤ ਸਿੰਘ ਭੁੱਲਰ, ਰਵਿੰਦਰ ਹੰਸ ਵਾਈਸ ਪ੍ਰੈਜ਼ੀਡੈਂਟ ਆਮ ਆਦਮੀ ਪਾਰਟੀ, ਅਰਵਿੰਦਰ ਸਿੰਘ ਭੱਟੀ ਅਤੇ ਹੋਰ ਸਖਸੀਅਤਾਂ ਹਾਜਰ ਸਨ।

## ਬੱਕਰੀਆਂ ਚਰਾਉਣ ਜਾਂਦੀ ਮਾਸੂਮ ਦੀ ਰੋਲੀ ਪੱਤ, ਅਦਾਲਤ ਨੇ ਸੁਣਾਈ 20 ਸਾਲ ਦੀ ਸਖ਼ਤ ਕੈਦ

ਮੈਨਪੁਰੀ (ਯੂਪੀ) 3 ਫਰਵਰੀ। ਮੈਨਪੁਰੀ ਜ਼ਿਲ੍ਹੇ ਦੀ ਇੱਕ ਵਿਸ਼ੇਸ਼ ਅਦਾਲਤ ਨੇ ਛੇ ਸਾਲ ਦੀ ਨਾਬਾਲਗ ਲੜਕੀ ਨਾਲ ਬਲਾਤਕਾਰ ਦੇ ਦੋਸ਼ ਵਿੱਚ ਇੱਕ ਵਿਅਕਤੀ ਨੂੰ 20 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਨਾਲ ਹੀ 50,000 ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਇੱਕ ਸਰਕਾਰੀ ਵਕੀਲ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਸਰਕਾਰੀ ਵਕੀਲ ਵਿਪਿਨ ਚਤੁਰਵੇਦੀ ਨੇ ਪੀਟੀਆਈ ਨੂੰ ਦੱਸਿਆ ਕਿ ਸ਼ਨੀਵਾਰ ਨੂੰ ਸੁਣਵਾਈ ਪੂਰੀ ਕਰਨ ਤੋਂ ਬਾਅਦ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ (ਪੋਕਸੋ ਐਕਟ) ਚੇਤਨਾ ਚੌਹਾਨ ਨੇ ਦੋਸ਼ੀ ਸ਼ਨੀ ਉਰਫ਼ ਸੰਨੂ ਨੂੰ ਦੋਸ਼ੀ ਠਹਿਰਾਇਆ ਅਤੇ ਉਸਨੂੰ 20 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ। ਚਤੁਰਵੇਦੀ ਨੇ ਕਿਹਾ ਕਿ 27 ਮਈ, 2019 ਨੂੰ, ਜ਼ਿਲ੍ਹੇ ਦੇ ਬੇਵਾਰ ਥਾਣਾ ਖੇਤਰ ਦੇ ਇੱਕ ਪਿੰਡ ਦੇ ਵਸਨੀਕ ਸੰਨੂ ਨੇ ਇੱਕ ਛੇ ਸਾਲ ਦੀ ਬੱਚੀ ਨੂੰ ਰੋਕਿਆ ਸੀ ਜੋ ਬੱਕਰੀਆਂ ਨੂੰ ਚਰਾਉਣ ਲਈ ਜਾ ਰਹੀ ਸੀ ਤੇ ਉਸ ਨਾਲ ਬਲਾਤਕਾਰ ਕੀਤਾ ਸੀ। ਉਨ੍ਹਾਂ ਕਿਹਾ ਕਿ ਜਦੋਂ ਲੜਕੀ ਨੇ ਆਪਣੀ ਮਾਂ ਨੂੰ ਘਟਨਾ ਬਾਰੇ ਦੱਸਿਆ ਤਾਂ ਪੀੜਤਾ ਦੇ ਮਾਮੇ ਨੇ ਦੋਸ਼ੀ ਵਿਰੁੱਧ ਪੁਲਸ ਸ਼ਿਕਾਇਤ ਦਰਜ ਕਰਵਾਈ, ਜੋ ਕਿ ਉਸੇ ਪਿੰਡ ਦਾ ਰਹਿਣ ਵਾਲਾ ਸੀ। ਮਾਮਲੇ ਦੀ ਜਾਂਚ ਪੂਰੀ ਕਰਨ ਤੋਂ ਬਾਅਦ, ਪੁਲਸ ਨੇ ਅਦਾਲਤ 'ਚ ਚਾਰਜਸ਼ੀਟ ਦਾਇਰ ਕੀਤੀ। ਇਸ ਤੋਂ ਬਾਅਦ ਅਦਾਲਤ ਨੇ ਸੁਣਵਾਈ ਪੂਰੀ ਕਰਨ ਤੋਂ ਬਾਅਦ ਸਜ਼ਾ ਸੁਣਾਈ।

## ਪੰਜਾਬ ਵਾਸੀਆਂ ਲਈ ਵੱਜੀ ਖ਼ਤਰੇ ਦੀ ਘੰਟੀ ! ਚਿੰਤਾ ਭਰ ਖ਼ਬਰ ਆਈ ਸਾਹਮਣੇ

ਚੰਡੀਗੜ੍ਹ/ਗੁਰਦਾਸਪੁਰ 3 ਫਰਵਰੀ। ਪੰਜਾਬ ਵਾਸੀਆਂ ਲਈ ਚਿੰਤਾ ਭਰੀ ਖ਼ਬਰ ਹੈ। ਦਰਅਸਲ ਇਸ ਸੀਜ਼ਨ ਦੌਰਾਨ ਚੰਗੀ ਬਾਰਸ਼ ਨਾ ਹੋਣ ਕਾਰਨ ਰਣਜੀਤ ਸਾਗਰ ਡੈਮ ਪ੍ਰਾਜੈਕਟ ਦੀ ਝੀਲ 'ਚ ਪਾਣੀ ਦਾ ਪੱਧਰ ਲਗਾਤਾਰ ਘੱਟ ਰਿਹਾ ਹੈ। ਡੈਮ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਸ ਵਾਰ ਡੈਮ ਪ੍ਰਾਜੈਕਟ ਦੀ ਝੀਲ 'ਚ ਪਾਣੀ ਦਾ ਪੱਧਰ ਪਿਛਲੇ ਸਾਲ ਨਾਲੋਂ ਕਰੀਬ ਸਾਢੇ 5 ਮੀਟਰ ਘੱਟ ਹੈ। ਇਸ ਕਾਰਨ ਬਿਜਲੀ ਉਤਪਾਦਨ 'ਤੇ ਵੀ ਮਾੜਾ ਅਸਰ ਪੈ ਰਿਹਾ



ਹੈ। ਪਾਣੀ ਘੱਟ ਹੋਣ ਕਾਰਨ ਡੈਮ ਪ੍ਰਾਜੈਕਟ 'ਤੇ ਬਣੇ ਚਮੇਰਾ ਪ੍ਰਾਜੈਕਟ ਤੋਂ ਬਿਜਲੀ ਉਤਪਾਦਨ ਵੀ ਰੁਕ-ਰੁਕ ਕੇ ਕੀਤਾ ਜਾ ਰਿਹਾ ਹੈ। ਜਾਣਕਾਰੀ ਮੁਤਾਬਕ ਇਸ ਵੇਲੇ ਡੈਮ ਪ੍ਰਾਜੈਕਟ ਦੀ ਝੀਲ 'ਚ ਪਾਣੀ ਦਾ ਪੱਧਰ 494.05 ਮੀਟਰ ਤੱਕ ਪਹੁੰਚ ਗਿਆ ਹੈ, ਜੋ ਕਿ ਪਿਛਲੇ ਸਾਲ ਇਹ 499.56 ਮੀਟਰ ਸੀ। ਜੇਕਰ 2100 ਕਿਊਸਿਕ ਮੀਂਹ ਨਹੀਂ ਪੈਂਦਾ ਤਾਂ ਡੈਮ ਮਾਹਰਾਂ ਦੇ ਮੁਤਾਬਕ ਪਾਣੀ ਦਾ ਪੱਧਰ ਹੋਰ ਹੇਠਾਂ ਜਾਣ ਦੀ ਸੰਭਾਵਨਾ ਹੈ। ਇਸ ਕਾਰਨ ਆਉਣ ਵਾਲੇ ਦਿਨਾਂ 'ਚ ਬਿਜਲੀ ਉਤਪਾਦਨ ਪ੍ਰਭਾਵਿਤ ਹੋ ਸਕਦਾ ਹੈ। ਡੈਮ ਪ੍ਰਾਜੈਕਟਾਂ ਦੇ ਚਾਰ ਯੂਨਿਟਾਂ 'ਚੋਂ ਸਿਰਫ ਇਕ ਯੂਨਿਟ ਹੀ 120 ਮੈਗਾਵਾਟ ਦੀ ਸਮਰੱਥਾ ਵਾਲਾ 14 ਲੱਖ ਯੂਨਿਟ ਬਿਜਲੀ ਪੈਦਾ ਕਰ ਰਿਹਾ ਹੈ ਅਤੇ 2100 ਕਿਊਸਿਕ ਪਾਣੀ ਦਾ ਵਹਾਅ ਸ਼ਾਹਪੁਰ ਝੀਲ 'ਚ ਛੱਡ ਰਿਹਾ ਹੈ। ਐੱਮ. ਬੀ. ਲਿੰਕ ਨਹਿਰ ਜੋ ਰਾਜਸਥਾਨ ਤੱਕ ਜਾਂਦੀ ਹੈ, ਉਸ 'ਚ ਪਾਣੀ ਨਹੀਂ ਛੱਡਿਆ ਜਾ ਰਿਹਾ ਅਤੇ ਕਸ਼ਮੀਰ ਕੈਨਾਲ ਨਹਿਰ, ਜੋ ਜੰਮੂ-ਕਸ਼ਮੀਰ ਜਾਂਦੀ ਹੈ, ਉਸ 'ਚ 150 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਡੈਮ ਪ੍ਰਾਜੈਕਟ ਦੇ ਮਾਹਰਾਂ ਅਨੁਸਾਰ ਇਸ ਸਮੇਂ ਲੋੜੀਂਦੀ ਬਾਰਸ਼ ਹੋਣੀ ਬੇਹੱਦ ਜ਼ਰੂਰੀ ਹੈ, ਨਹੀਂ ਤਾਂ ਝੀਲ 'ਚ ਪਾਣੀ ਦਾ ਪੱਧਰ ਹੋਰ ਵੀ ਘੱਟ ਜਾਵੇਗਾ।

## ਪੀ. ਜੀ. ਆਈ. ਜਾਣ ਵਾਲੇ ਮਰੀਜਾਂ ਲਈ ਜਰੂਰੀ ਖਬਰ, ਸਹੂਲਤ ਲਈ ਕੀਤਾ ਗਿਆ ਵਿਸ਼ੇਸ਼ ਉਪਰਾਲਾ

ਚੰਡੀਗੜ੍ਹ 3 ਫਰਵਰੀ। ਪੀ. ਜੀ.ਆਈ. ਦੇ ਗਰੀਬ ਮਰੀਜ ਭਲਾਈ ਫੰਡ 'ਚ ਆਮ ਲੋਕਾਂ ਦੇ ਨਾਲ-ਨਾਲ ਕਈ ਵੱਡੀਆਂ ਸੰਸਥਾਵਾਂ ਵਲੋਂ ਵੀ ਵਿੱਤੀ ਮਦਦ ਆਉਂਦੀ ਹੈ। ਇਸ ਦੀ ਮਦਦ ਨਾਲ ਆਰਥਿਕ ਤੌਰ 'ਤੇ ਕਮਜ਼ੋਰ ਮਰੀਜ਼ਾਂ ਦਾ ਇਲਾਜ ਸੌਖਾ ਹੋ ਜਾਂਦਾ ਹੈ ਪਰ ਇਸ ਦੀ ਜਾਣਕਾਰੀ ਲੋੜਵੰਦ ਲੋਕਾਂ ਤੱਕ ਨਹੀਂ ਪਹੁੰਚ ਰਹੀ। ਇਸ ਕਾਰਨ ਕਈ ਲੋਕ ਇਸ ਦਾ ਫਾਇਦਾ ਨਹੀਂ ਉਠਾਉਂਦੇ। ਹਾਲ ਹੀ 'ਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੀ. ਜੀ. ਆਈ. ਨੂੰ ਇਸ ਫੰਡ ਬਾਰੇ ਜਾਗਰੂਕਤਾ ਫੈਲਾਉਣ ਲਈ ਹਸਪਤਾਲ 'ਚ ਸਾਈਨ ਬੋਰਡ ਲਾਉਣ ਦੇ ਨਿਰਦੇਸ਼ ਦਿੱਤੇ ਸਨ। ਅਦਾਲਤ ਨੇ ਕਿਹਾ ਸੀ ਕਿ ਪੀ. ਜੀ. ਆਈ. 'ਚ ਵੱਡੀ ਗਿਣਤੀ 'ਚ ਮਰੀਜ਼ ਆਉਂਦੇ ਹਨ ਪਰ ਅਗਿਆਨਤਾ ਕਾਰਨ ਕਈ ਮਰੀਜ਼ ਇਸ ਸਹੂਲਤ ਦਾ ਲਾਭ ਨਹੀਂ ਲੈਂਦੇ। ਇਸ ਦੇ ਮੱਦੇਨਜ਼ਰ ਪੀ. ਜੀ. ਆਈ. ਨੇ ਹਸਪਤਾਲ 'ਚ 50 ਦੇ ਕਰੀਬ ਨਵੇਂ ਸਾਈਨ ਬੋਰਡ ਲਾਏ ਹਨ। ਇਨ੍ਹਾਂ ਬੋਰਡਾਂ 'ਤੇ ਇਸ ਫੰਡ ਬਾਰੇ ਸਾਰੀ ਜਾਣਕਾਰੀ ਅਤੇ ਸੰਪਰਕ ਨੰਬਰ ਹਿੰਦੀ, ਅੰਗਰੇਜ਼ੀ ਤੇ ਪੰਜਾਬੀ 'ਚ ਦਿੱਤੇ ਗਏ ਹਨ। ਹਸਪਤਾਲ ਪ੍ਰਸ਼ਾਸਨ ਮੁਤਾਬਕ ਸੰਸਥਾ ਅੰਦਰ ਐਂਟਰੀ ਅਤੇ ਬਾਹਰ ਜਾਣ ਵਾਲੇ ਰਸਤਿਆਂ ਦੇ ਨਾਲ-ਨਾਲ ਓ. ਪੀ. ਡੀ. 'ਚ ਵੱਖ-ਵੱਖ ਸਾਈਜ਼ ਦੇ ਇਹ ਬੋਰਡ ਲਾਏ ਗਏ ਹਨ।

# ਪੇਪਰਾਂ ਨੂੰ ਲੈ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਵੇਂ ਹੁਕਮ ਜਾਰੀ

**ਏਜੰਸੀਆਂ**

ਮੋਹਾਲੀ 3 ਫਰਵਰੀ। ਪ੍ਰੀਖਿਆ ਪ੍ਰਕਿਰਿਆ ਦੀ ਸੁਰੱਖਿਆ ਅਤੇ ਈਮਾਨਦਾਰੀ ਨੂੰ ਯਕੀਨੀ ਬਣਾਉਣ ਲਈ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਕੰਟਰੋਲਰ ਲਵਿਸ਼ ਚਾਵਲਾ ਨੇ ਐੱਚ. ਡੀ. ਐੱਫ. ਸੀ. ਬੈਂਕ ਅਤੇ ਪੰਜਾਬ ਅਤੇ ਸਿੰਧ ਬੈਂਕ ਦੇ ਪ੍ਰਤੀਨਿਧਾਂ ਨਾਲ ਇਕ ਮਹੱਤਵਪੂਰਨ ਮੀਟਿੰਗ ਕੀਤੀ। ਇਸ ਮੀਟਿੰਗ ਦਾ ਮੁੱਖ ਉਦੇਸ਼ ਪ੍ਰਸ਼ਨ ਪੱਤਰ ਬਾਕਸਾਂ ਦੀ ਸਹੀ ਢੰਗ ਨਾਲ ਹੈਂਡਲਿੰਗ (ਰੱਖ-ਰਖਾਅ), ਸਟੋਰੇਜ ਅਤੇ ਟਰਾਂਸਪੋਰਟੇਸ਼ਨ ਨੂੰ ਯਕੀਨੀ ਬਣਾਉਣਾ ਸੀ, ਜੋ ਪ੍ਰੀਖਿਆ ਪ੍ਰਕਿਰਿਆ ਦੀ ਗੁਪਤਤਾ ਅਤੇ ਨਿਰਪੱਖਤਾ ਲਈ ਬਹੁਤ ਜ਼ਰੂਰੀ ਹੈ। ਮੀਟਿੰਗ ਦੌਰਾਨ ਕੰਟਰੋਲਰ ਪ੍ਰੀਖਿਆਵਾਂ ਨੇ ਦੋਵਾਂ ਬੈਂਕਾਂ ਨੂੰ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ, ਜਿਨ੍ਹਾਂ 'ਚ ਪ੍ਰਸ਼ਨ ਪੱਤਰ ਬਾਕਸਾਂ ਦੀ ਦੇਖਭਾਲ ਵਿਚ ਕਿਸੇ ਵੀ ਕਿਸਮ ਦੀ ਲਾਪਰਵਾਹੀ ਨਾ ਕਰਨ ਦੀ ਜ਼ੋਰਦਾਰ ਹਦਾਇਤ ਕੀਤੀ ਗਈ। ਬੈਂਕਾਂ ਨੂੰ ਪ੍ਰੀਖਿਆ ਪ੍ਰਕਿਰਿਆ ਨੂੰ ਕਿਸੇ ਵੀ ਤਰ੍ਹਾਂ ਦੇ ਖ਼ਤਰੇ ਤੋਂ ਬਚਾਉਣ ਲਈ ਇਕ ਮਜ਼ਬੂਤ ਪ੍ਰੋਟੋਕੋਲ ਦੀ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਗਏ। ਜਿਵੇਂ ਕਿ ਪਹਿਲਾਂ ਬੈਂਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪ੍ਰਸ਼ਨ ਪੱਤਰ ਬਾਕਸ ਸੁਰੱਖਿਅਤ, ਪਹੁੰਚ-ਨਿਯੰਤ੍ਰਿਤ ਜਗ?ਹਾ 'ਤੇ ਸਟੋਰ ਕੀਤੇ ਜਾਣ, ਜਿੱਥੇ 24 ਘੰਟੇ ਨਿਗਰਾਨੀ ਹੋਵੇ। ਦੂਜਾ ਕੇਵਲ ਅਧਿਕਾਰਤ ਕਰਮਚਾਰੀਆਂ ਨੂੰ ਹੀ ਬਾਕਸਾਂ ਨੂੰ ਹੈਂਡਲ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਤੀਜਾ ਪ੍ਰਸ਼ਨ ਪੱਤਰ




ਬਾਕਸਾਂ ਦੀ ਢੋਆ-ਢੁਆਈ ਲਈ ਸੁਰੱਖਿਅਤ ਅਤੇ ਟੈਂਪਰ-ਪਰੂਫ ਵਾਹਨਾਂ ਦੀ ਵਰਤੋਂ ਕੀਤੀ ਜਾਵੇ, ਜਿਨ੍ਹਾਂ ਵਿਚ ਰੀਅਲ-ਟਾਈਮ ਟਰੈਕਿੰਗ ਸਿਸਟਮ ਹੋਣ। ਚੌਥਾ ਬੈਂਕਾਂ ਨੂੰ ਪ੍ਰਸ਼ਨ ਪੱਤਰ ਬਾਕਸਾਂ ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਦੀ ਵਿਸਤ੍ਰਿਤ ਲੌਗ ਬੁੱਕ ਰੱਖਣੀ ਚਾਹੀਦੀ ਹੈ, ਜਿਸ ਵਿਚ ਸਮਾਂ ਅਤੇ ਕਰਮਚਾਰੀਆਂ ਦਾ ਵੇਰਵਾ ਸ਼ਾਮਲ ਹੋਵੇ। ਕੰਟਰੋਲਰ ਪ੍ਰੀਖਿਆਵਾਂ ਨੇ ਦੋਵਾਂ ਬੈਂਕਾਂ ਨੂੰ ਸਖ਼ਤ ਹਦਾਇਤ ਦਿੱਤੀ ਕਿ ਕਿਸੇ ਵੀ ਕਿਸਮ ਦੀ ਗਲਤ ਗਤੀਵਿਧੀ ਜਾਂ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਪ੍ਰੋਟੋਕੋਲ ਦੀ ਕਿਸੇ ਕਿਸਮ ਦੀ ਵੀ ਉਲੰਘਣਾ ਦੇ ਗੰਭੀਰ ਨਤੀਜੇ ਹੋਣਗੇ, ਜਿਸ ਵਿਚ ਕਾਨੂੰਨੀ ਕਾਰਵਾਈ ਅਤੇ ਸਬੰਧਤ ਬੈਂਕਾਂ ਨਾਲ ਇਕਰਾਰਨਾਮੇ ਖ਼ਤਮ ਕਰਨਾ ਸ਼ਾਮਲ ਹੋ ਸਕਦਾ ਹੈ। ਕੰਟਰੋਲਰ ਪ੍ਰੀਖਿਆਵਾਂ ਨੇ ਜ਼ੋਰ ਦੇ ਕੇ ਕਿਹਾ ਕਿ ਪ੍ਰੀਖਿਆ ਪ੍ਰਕਿਰਿਆ ਦੀ ਪਵਿੱਤਰਤਾ ਸਭ ਤੋਂ ਮਹੱਤਵਪੂਰਨ ਹੈ ਅਤੇ ਸਾਰਿਆਂ ਨੂੰ ਈਮਾਨਦਾਰੀ ਦੇ ਉੱਚ ਮਿਆਰ ਨੂੰ ਕਾਇਮ ਰੱਖਣ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਐੱਚ. ਡੀ. ਐੱਫ. ਸੀ. ਬੈਂਕ ਅਤੇ ਪੰਜਾਬ ਅਤੇ ਸਿੰਧ ਬੈਂਕ ਨੇ ਕੰਟਰੋਲਰ ਨੂੰ ਆਪਣਾ ਪੂਰਾ ਸਹਿਯੋਗ ਦੇਣ ਅਤੇ ਦਿਸ਼ਾ-ਨਿਰਦੇਸ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਆਪਣੀ ਪ੍ਰਤੀਬੱਧਤਾ ਜਤਾਈ। ਅੰਤ ਵਿਚ ਕੰਟਰੋਲਰ ਪ੍ਰੀਖਿਆ ਨੇ ਕਿਹਾ ਕੇ ਇਹ ਪ੍ਰਕਿਰਿਆ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਦੀ ਦਿਸ਼ਾ ਵਿਚ ਇਕ ਸਕਾਰਾਤਮਕ ਕਦਮ ਹੈ, ਜੋ ਵਿਦਿਆਰਥੀਆਂ ਦੇ ਭਵਿੱਖ ਅਤੇ ਸਿੱਖਿਆ ਸੰਸਥਾਵਾਂ ਦੇ ਹਿੱਤਾਂ ਦੀ ਰੱਖਿਆ ਕਰਦਾ ਹੈ।

# ਪੰਜਾਬ 'ਚ ਸੀਰੀਅਲ ਕਿਲਰ, ਪਹਿਲਾਂ ਬਣਾਉਂਦਾ ਸਬੰਧ ਫਿਰ ਕਤਲ ਕਰਨ ਤੋਂ ਬਾਅਦ ਪੈਰਾਂ 'ਚ ਸਿਰ ਰੱਖ ਕੇ...

**ਏਜੰਸੀਆਂ**

ਫਤਹਿਗੜ੍ਹ ਸਾਹਿਬ 3 ਫਰਵਰੀ। ਰੋਪੜ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਗਏ ਇਕ ਸੀਰੀਅਲ ਕਿਲਰ ਦੇ ਫੜੇ ਜਾਣ ਨਾਲ ਫਤਹਿਗੜ੍ਹ ਸਾਹਿਬ ਜ਼?ਲ੍ਹੇ ਦੇ 3 ਅਣਸੁਝੇ ਕਤਲਾਂ ਦੀ ਗੁੱਥੀ ਸੁਲਝ ਗਈ ਹੈ। ਕਥਿਤ ਮੁਲਜਮ ਰਾਮ ਸਰੂਪ, ਜੋ ਗੜ੍ਹਸੰਕਰ (ਹੁਸ਼?ਆਰਪੁਰ) ਦੇ ਚੌੜਾ ਪਿੰਡ ਦਾ ਵਸਨੀਕ ਹੈ, ਨੂੰ ਜ਼?ਲ੍ਹਾ ਫਤਹਿਗੜ੍ਹ ਸਾਹਿਬ ਪੁਲਸ ਨੇ ਰੋਪੜ ਪੁਲਸ ਪਾਸੋਂ ਪ੍ਰੋਡਕਸਨ ਵਾਰੰਟ 'ਤੇ ਲਿਆਂਦਾ ਹੈ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹੋਇਆਂ ਇੰਸਪੈਕਟਰ ਮਲਕੀਤ ਸਿੰਘ ਮੁਖੀ ਪੁਲਸ ਥਾਣਾ ਫਤਹਿਗੜ੍ਹ ਸਾਹਿਬ ਨੇ ਦੱਸਿਆ ਕਿ ਕਥਿਤ ਮੁਲਜਮ ਰਾਮ ਸਰੂਪ ਨੂੰ ਪੁਲਸ ਥਾਣਾ ਸਰਹੰਦ ਵੱਲੋਂ ਇਕ ਅਤੇ ਪੁਲਸ ਥਾਣਾ ਫਤਹਿਗੜ੍ਹ ਸਾਹਿਬ ਵੱਲੋਂ 2 ਮਾਮਲਿਆਂ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਮੁਤਾਬਕ ਇਹ ਸਮਲਿੰਗਿਕ ਵਿਅਕਤੀ ਪਹਿਲਾਂ ਲੋਕਾਂ ਨੂੰ ਉਕਸਾ ਕੇ ਆਪਣਾ ਸਰੀਰਕ ਸੋਸਣ ਕਰਵਾਉਂਦਾ ਸੀ ਅਤੇ ਬਾਅਦ ਵਿਚ ਪੈਸੇ ਮੰਗਦਾ ਸੀ। ਪੈਸੇ ਨਾ ਦੇਣ 'ਤੇ ਵਿਅਕਤੀ ਦਾ ਗਲਾ ਘੁੱਟ ਕੇ ਕਤਲ ਕਰ ਦਿੰਦਾ ਸੀ ਹੈਰਾਨੀ ਦੀ ਗੱਲ ਇਹ ਵੀ ਸਾਹਮਣੇ ਆਈ ਹੈ ਕਿ ਕਤਲ ਕਰਨ ਤੋਂ ਬਾਅਦ ਇਹ ਪਸ਼ਚਾਤਾਪ ਵਜੋਂ ਮ੍ਰਿਤਕ ਦੇ ਪੈਰਾਂ ਵਿਚ ਬੈਠ ਕੇ ਉਸ ਤੋਂ ਆਪਣੇ ਕੀਤੇ ਗੁਨਾਹਾਂ ਦੀ ਮੁਆਫੀ ਵੀ ਮੰਗਦਾ ਸੀ ਅਤੇ ਉਥੋਂ ਫਰਾਰ ਹੋ ਜਾਂਦਾ ਸੀ। ਪੁਲਸ ਅਨੁਸਾਰ, 2 ਮਈ 2024 ਨੂੰ ਸੰਜੀਵ ਕੁਮਾਰ, ਵਾਸੀ ਬਾੜਾ ਸਰਹਿੰਦ ਆਪਣੇ ਕੰਮ ਤੋਂ ਵਾਪਸ ਨਹੀਂ ਪਰਤਿਆ ਸੀ। ਉਸ ਦੀ ਲਾਸ ਪਸ਼ੂ ਹਸਪਤਾਲ ਬਾੜਾ ਸਰਹਿੰਦ ਦੇ ਨੇੜਿਓਂ ਮਿਲੀ ਸੀ। ਇਸ ਮਾਮਲੇ 'ਚ ਸਰਹਿੰਦ ਪੁਲਸ ਨੇ ਮੁਲਜਮ ਨੂੰ ਮਾਣਯੋਗ ਅਦਾਲਤ ਵਿਚ ਪੇਸ ਕੀਤਾ ਜਿੱਥੇ ਫਤਹਿਗੜ੍ਹ ਸਾਹਿਬ ਪੁਲਸ ਉਸ ਨੂੰ ਕਿਸਨ ਸਿੰਘ ਦੇ ਕਤਲ ਦੇ ਮਾਮਲੇ ਵਿਚ ਪ੍ਰੋਡਕਸਨ ਵਾਰੰਟ 'ਤੇ ਲਿਆਦਾ ਸੀ। ਇੰਸਪੈਕਟਰ ਮਲਕੀਤ ਸਿੰਘ ਨੇ ਦੱਸਿਆ ਕਿ ਕਿਸਨ ਸਿੰਘ ਦੇ ਪਿਤਾ ਅਵਤਾਰ ਸਿੰਘ ਨਿਵਾਸੀ ਬ੍ਰਾਹਮਣ ਮਾਜਰਾ ਸਰਹਿੰਦ ਨੇ 18 ਫਰਵਰੀ 2024 ਨੂੰ ਪੁਲਸ ਕੋਲ ਰਿਪੋਰਟ ਲਿਖਵਾਈ ਸੀ ਕਿ ਉਸ ਦਾ ਲੜਕਾ ਕਿਸਨ ਸਿੰਘ ਕੰਮ 'ਤੇ ਗਿਆ ਪਰ ਵਾਪਸ ਨਹੀਂ ਆਇਆ ਅਗਲੇ ਦਿਨ ਕਿਸਨ ਸਿੰਘ ਦੀ ਲਾਸ ਬਾਈਪਾਸ ਰੋਡ 'ਤੇ ਖਾਲ੍ਹੀ ਬੇਆਬਾਦ ਜਮੀਨ 'ਤੇ ਪਈ ਮਿਲੀ ਸੀ। ਇਸ ਦਰਜ ਕੀਤੇ ਕਤਲ ਦੇ ਮਾਮਲੇ ਵਿਚ ਕਥਿਤ ਮੁਲਜਮ ਰਾਮ ਸਰੂਪ ਨੂੰ ਗ੍ਰਿਫਤਾਰ ਕਰਕੇ ਮਾਣਯੋਗ ਅਦਾਲਤ ਵਿਚ ਪੇਸ ਕਰਕੇ 31 ਜਨਵਰੀ ਤੱਕ ਰਿਮਾਂਡ ਹਾਸਲ ਕੀਤਾ ਗਿਆ ਸੀ ਅਤੇ ਰਿਮਾਂਡ ਦੌਰਾਨ ਪੁਲਸ ਵੱਲੋਂ ਇਸ ਮ੍ਰਿਤਕ ਦੀ ਸਕੂਟਰੀ ਵੀ ਬਰਾਮਦ ਕਰ ਲਈ ਗਈ ਹੈ ਅਤੇ ਇਸ ਮਾਮਲੇ



ਵਿਚ ਮਾਣਯੋਗ ਅਦਾਲਤ ਵੱਲੋਂ ਜੁਡੀਸੀਅਲ ਕਸਟਡੀ ਵਿਚ ਭੇਜਿਆ ਗਿਆ ਜਦਕਿ ਫਤਹਿਗੜ੍ਹ ਸਾਹਿਬ ਪੁਲਸ ਵੱਲੋਂ ਹੀ ਦਰਜ ਕੀਤੇ ਗਏ ਦੂਸਰੇ ਕਤਲ ਦੇ ਮਾਮਲੇ ਵਿਚ ਗ੍ਰਿਫਤਾਰ ਕਰਕੇ ਮਾਨਯੋਗ ਅਦਾਲਤ ਪਾਸੋਂ ਇਸ ਦਾ ਚਾਰ ਦਿਨ ਦਾ (4 ਫਰਵਰੀ ਤੱਕ ਦਾ ) ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ, ਜਿਸ ਵਿਚ ਨੇਗੀ ਨਾਮ ਦੇ ਵਿਅਕਤੀ ਦਾ ਇਸ ਰਾਮ ਸਰੂਪ ਵੱਲੋਂ ਹੀ ਕਤਲ ਕੀਤਾ ਗਿਆ ਸੀ। ਪੁਲਸ ਸੂਤਰਾਂ ਅਨੁਸਾਰ ਮੁਲਜਮ ਨੇ ਰੋਪੜ ਪੁਲਸ ਕੋਲ 10 ਤੋਂ ਵੱਧ ਕਤਲਾਂ ਦੀ ਜ਼?ਮੇਵਾਰੀ ਕਬੂਲੀ ਹੈ। ਮੁਲਜਮ ਨੇ ਪੁੱਛਗਿੱਛ ਦੌਰਾਨ ਹੋਰ ਕਈ ਸਨਸਨੀਖੇਜ ਖੁਲਾਸੇ ਕੀਤੇ ਹਨ। ਦੱਸਣਾ ਬਣਦਾ ਹੈ ਕਿ ਮੁਲਜਮ ਨੇ ਕੀਰਤਪੁਰ ਸਾਹਿਬ-ਮਨਾਲੀ ਮਾਰਗ 'ਤੇ ਜੰਗਲ ਵਿਚ, ਰੋਪੜ ਦੇ ਭਰਤਗੜ੍ਹ, ਗੰਗੂਵਾਲ ਵਿਚ ਵਿਅਕਤੀਆਂ ਦੇ ਗਲਾ ਘੁੱਟ ਕੇ ਕਤਲ ਕਰਨ ਦੀ ਜ਼?ਮੇਵਾਰੀ ਵੀ ਲਈ ਹੈ। ਪੁਲਸ ਜਾਚ ਦੌਰਾਨ ਸਾਹਮਣੇ ਆਇਆ ਕਿ ਮੁਲਜਮ ਨੇ ਰੂਪਨਗਰ ਵਿਚ ਇਕ ਵਿਅਕਤੀ ਦਾ ਮਫਲਰ ਨਾਲ ਗਲਾ ਘੁੱਟ ਕੇ ਕਤਲ ਕਰਨ, ਹੁਸ਼?ਆਰਪੁਰ ਖੇਤਰ ਵਿਚ ਗੁਰਨਾਮ ਨਾਂ ਦੇ ਵਿਅਕਤੀ ਦਾ ਕਤਲ ਕਰਨ ਅਤੇ ਚੱਬੇਵਾਲ-ਮਾਲਪੁਰ ਮਾਰਗ (ਹੁਸ਼?ਆਰਪੁਰ) 'ਤੇ ਇਕ ਟਰੱਕ ਡਰਾਈਵਰ ਦਾ ਕਤਲ ਕਰਨ ਦੀ ਵਾਰਦਾਤ ਨੂੰ ਵੀ ਅੰਜਾਮ ਦਿੱਤਾ ਸੀ। ਫਤਹਿਗੜ੍ਹ ਸਾਹਿਬ ਪੁਲਸ ਵੱਲੋਂ ਕਥਿਤ ਮੁਲਜਮ ਪਾਸੋਂ ਹੋਰ ਡੂੰਘਾਈ ਨਾਲ ਜਾਚ ਕੀਤੀ ਜਾ ਰਹੀ ਹੈ।

## ਪੰਜਾਬ 'ਚ ਬਿਜਲੀ ਬਿੱਲਾਂ ਨੂੰ ਲੈ ਕੇ ਬੁਰੀ ਖ਼ਬਰ ! ਖ਼ਪਤਕਾਰਾਂ ਨੂੰ ਲੱਗਾ ਵੱਡਾ ਝਟਕਾ

ਲੁਧਿਆਣਾ 3 ਫਰਵਰੀ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਅਧਿਕਾਰੀਆਂ ਨੇ ਵਿਭਾਗ ਦੇ ਡਿਫਾਲਟਰ ਖ਼ਪਤਕਾਰਾਂ ਖ਼?ਲਾਫ਼ ਵੱਡਾ ਫ਼ੈਸਲਾ ਲੈਂਦੇ ਹੋਏ ਇਕ ਵਾਰ ਫਿਰ ਤੋਂ ਵੱਡਾ ਐਕਸ਼ਨ ਲਿਆ ਹੈ। ਵਿਭਾਗ ਨੇ ਸਿਰਫ 3 ਦਿਨਾਂ 'ਚ ਹੀ 100 ਤੋਂ ਵੱਧ ਡਿਫਾਲਟਰ ਖ਼ਪਤਕਾਰਾਂ ਦੇ ਘਰਾਂ ਅਤੇ ਕਮਰਸ਼ੀਅਲ ਸਥਾਨਾਂ 'ਤੇ ਲੱਗੇ ਬਿਜਲੀ ਕੁਨੈਕਸ਼ਨ ਕੱਟ ਕੇ 1 ਕਰੋੜ ਤੋਂ ਵੱਧ ਦੇ ਬਕਾਇਆ ਬਿੱਲਾਂ ਦੀ ਰਿਕਵਰੀ ਕੀਤੀ ਹੈ। ਇਨ੍ਹਾਂ ਵਲੋਂ ਬਿਜਲੀ ਦੇ ਬਿੱਲ ਜਮ?ਹਾਂ ਨਹੀਂ ਕਰਵਾਏ ਗਏ ਸਨ। ਪੰਜਾਬ ਸਟੇਟ ਪਾਵਰ ਕਾਰਪਰੇਸ਼ਨ ਦੀ ਟੀਮ ਵੱਲੋਂ ਸੁੰਦਰ ਨਗਰ ਡਵੀਜ਼ਨ ਦੇ ਐਕਸੀਅਨ ਜਗਮੋਹਨ ਸਿੰਘ ਜੰਡੂ ਦੀ ਅਗਵਾਈ 'ਚ ਵੱਖ-ਵੱਖ ਇਲਾਕਿਆਂ 'ਚ ਡਿਫਾਲਟਰ ਖ਼ਪਤਕਾਰਾਂ ਦੇ ਖ਼?ਲਾਫ਼ ਕਾਰਵਾਈ ਕੀਤੀ ਗਈ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਈਸਟ ਸਰਕਲ ਦੇ ਡਿਪਟੀ ਚੀਫ ਇੰਜੀਨੀਅਰ ਸੁਰਜੀਤ ਸਿੰਘ ਨੇ ਦੱਸਿਆ ਕਿ ਵਿਭਾਗ ਵਲੋਂ ਡਿਫਾਲਟਰ ਖ਼ਪਤਕਾਰਾਂ ਨੂੰ ਕਈ ਵਾਰ ਬਿੱਲ ਜਮ?ਹਾਂ ਕਰਵਾਉਣ ਸਬੰਧੀ ਜਾਗਰੂਕ ਕੀਤਾ ਗਿਆ ਤਾਂ ਜੋ ਬਾਅਦ 'ਚ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਪਰ ਬਾਵਜੂਦ ਇਸ ਦੇ ਜਿਨ੍ਹਾਂ ਖ਼ਪਤਕਾਰਾਂ ਨੇ ਬਿਜਲੀ ਦੇ ਬਿੱਲ ਜਮ?ਹਾਂ ਨਹੀਂ ਕਰਵਾਏ, ਹੁਣ ਉਨ੍ਹਾਂ ਖ਼?ਲਾਫ਼ ਪਾਵਰਕਾਮ ਦੀਆਂ ਟੀਮਾਂ ਸੜਕਾਂ 'ਤੇ ਉਤਰ ਕੇ ਵੱਡਾ ਐਕਸ਼ਨ ਲੈਣ ਲਈ ਤਿਆਰ ਹਨ। ਉਨ੍ਹਾਂ ਕਿਹਾ ਪਾਵਰਕਾਮ ਵਲੋਂ ਡਿਫਾਲਟਰ ਖ਼ਪਤਕਾਰਾਂ ਖ਼?ਲਾਫ਼ ਚਲਾਈ ਮੁਹਿੰਮ ਲਗਾਤਾਰ ਜਾਰੀ ਰਹੇਗੀ।